ਓਮ

ਆਰਯ ਸਮਾਜ ਦੇ ਮੋਢੀ

## ਮਹਾਰਿਸ਼ੀ ਸ੍ਵਾਮੀ ਦਯਾਨੰਦ ਸਰਸ੍ਵਤੀ ਜੀ ਦੀ ਸੰਖਿਪਤ

# ਜਨਮ - ਸਾਖੀ

(ਭਾਗ ਪਹਿਲਾ)

ਜਨਮ-ਸਾਖੀ



ਲੇਖਕ—ਪਿੰਡੀਦਾਸ ਗਿਆਨੀ

Rs. 2/00

ओ३म
गुरु विरजानन्द दण्डी
संदर्भ पुस्तकालय
दयानंद महिला महाविद्यालय
कुरुक्षेत्र
वर्गीकरण नम्बर ..............................
पु. परिग्रहण क्रमांक ... 1522

आर्य समाज

ਓਮ

# ਆਰਯ ਸਮਾਜ ਦੇ ਮੋਢੀ

## ਮਹਾਰਿਸ਼ੀ ਦਯਾਨੰਦ ਸਰਸ੍ਵਤੀ ਜੀ ਦੀ

महर्षि दयानन्द सरस्वतीजी की

## ਸੰਖਿਪਤ

संक्षिप्त

# ਜਨਮ ਸਾਖੀ

जन्म साखी


पुस्तकालय ... 248 ...

गुरु विरजानन्द दण्डी
सन्दर्भ पुस्तकालय
परिग्रहण क्रमांक ... 1522
दयानन्द महिला महा...

ਲੇਖਕ—
ਪਿੰਡੀ ਦਾਸ ਗਿਆਨੀ

ਪਹਿਲੀ ਵਾਰ 2000
ਮਈ, 1975

ਪ੍ਰਕਾਸ਼ਕ—
ਮੰਤ੍ਰੀ, ਆਰਜ ਪ੍ਰਤਿਨਿਧੀ ਸਭਾ,
ਪੰਜਾਬ, ਜਾਲੰਧਰ ਸ਼ਹਿਰ।

# ਵਿਸ਼ਯ ਸੂਚੀ


| ਸਿਰਲੇਖ | ਵਿਸ਼ਯ | ਪੰਨਾ |
|---|---|---|
| ਮੁੱਖ ਸ਼ਬਦ | ਦਾਤਾਰ ਦਯਾਨੰਦ ਦੀ ਦਿੱਵਯ-ਦਾਤ | 1 |
| ਸੰਖਿਪਤ ਜੀਵਨੀ— | ਜਨਮ ਸਥਾਨ | 8 |
| | ਪੁਤ੍ਰ ਦਾ ਜਨਮ | 8 |
| | ਵਿਦਿਆ ਦਾ ਆਰੰਭ | 9 |
| | ਸ਼ਿਵ ਪੂਜਨ ਦਾ ਆਦੇਸ਼ | 9 |
| | ਸ਼ਿਵਰਾਤ੍ਰੀ ਦਾ ਬ੍ਰਤ | 10 |
| | ਨਿੱਕੀ ਭੈਣ ਦਾ ਅਕਾਲ ਚਲਾਣਾ | 11 |
| | ਪੂਰਣ ਵੈਰਾਗਯ ਦੀ ਉਤਪੱਤੀ | 11 |
| | ਵਿੱਦਿਆਂ ਪ੍ਰਾਪਤੀ ਦੀ ਸਿੱਕ | 12 |
| | ਗ੍ਰਿਹ ਤਿਆਗ | 12 |
| | ਜੋਗੀਆਂ ਦੀ ਭਾਲ | 12 |
| | ਪਿਤਾ ਜੀ ਨਾਲ ਆਖ਼ਰੀ ਮੁਲਾਕਾਤ | 13 |
| | ਸੰਨਿਆਸ ਧਾਰਣ | 13 |
| | ਜੋਗੀਆਂ ਦੀ ਸ਼ਰਣ ਵਿੱਚ | 13 |
| | ਹਰਿਦ੍ਵਾਰ ਦਾ ਕੁੰਭ | 14 |
| | ਉੱਚੀ ਸਿੱਖਿਆ ਦੀ ਡਾਢੀ ਤਾਂਘ | 14 |
| | ਉੱਤਰਾਖੰਡ ਦੀ ਯਾਤ੍ਰਾ | 15 |
| | ਨਰਮਦਾ ਦੇ ਸ੍ਰੋਤ ਵੱਲ | 19 |
| | ਦੇਸ਼ ਦੀ ਆਜ਼ਾਦੀ ਦੀ ਪੁਨ:ਯਾਦ | 20 |

| ਸਿਰਲੇਖ | ਵਿਸ਼ਯ | ਪੰਨਾ |
|---|---|---|
| | ਕੁੰਭ ਤੇ ਜਾਣ ਸਮੇਂ | 22 |
| | ਹਰਿਦ੍ਵਾਰ ਦੇ ਰਾਹ ਦੀਆਂ ਘਟਨਾਵਾਂ | 23 |
| | ਭੇਲੋਰ ਦੀ ਬਗ਼ਾਵਤ | 25 |
| | ਬਾਰਕਪੁਰ (ਬੰਗਾਲ) ਦਾ ਸਿਪਾਹੀ ਵਿਦ੍ਰੋਹ | 26 |
| | ਰਾਜਾ ਗੋਬਿੰਦ ਨਾਥ ਰਾਇ ਦਾ ਆਗਮਨ | 34 |
| | ਰਾਣੀ ਝਾਂਸੀ ਦਰਸ਼ਨਾਂ ਨੂੰ ਆਈ | 35 |
| | ਨਾਨਾ ਸਹਿਬ ਆਦਿ ਕ੍ਰਾਂਤੀਦੂਤ ਦੁਬਾਰਾ ਆਏ | 35 |
| | ਸੰਤਾਂ-ਸਾਧੂਆਂ ਵਿੱਚ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਚਾਰ | 36 |
| | ਵਿਪਲਵ ਦਾ ਅੰਤਿਮ ਚਰਣ | 37 |
| | ਖੜਗਧਾਰੀ ਘੋੜ ਸਵਾਰ—ਸ੍ਵਾਮੀ ਦਯਾਨੰਦ | 38 |
| | ਨਾਨਾ ਸਾਹਿਬ ਕੰਨਿਆ-ਕੁਮਾਰੀ ਵਿੱਚ | 39 |
| ਫੁਟ ਨੋਟ— | ਸ੍ਵਾਮੀ ਜੀ ਦੀ ਭਵਿੱਖ ਬਾਣੀ ਠੀਕ ਸਿੱਧ ਹੋਈ | 39 |
| ਫੁਟ ਨੋਟ—(1) | ਸ੍ਵਾਮੀ ਜੀ ਦੀ ਭਵਿੱਖ ਬਾਣੀ | 40 |
| (2) | ਕਾਨ੍ਹਪੁਰ ਦੀ ਦੁਰਘਟਨਾ | 41 |
| ਫੁਟ ਨੋਟ— | ਮੇਮਾਂ ਤੋਂ ਬੱਚਿਆਂ ਨੂੰ ਕਿਸਨੇ ਕਿਉਂ ਮਾਰਿਆ ? | 41 |
| ,, ,, | ਨੀਲ ਦੀ ਸ਼ੈਤਾਨੀ | 41 |
| | ਨਵੀਆਂ ਖੋਜਾਂ | 42 |
| | ਸ੍ਵਾਮੀ ਦਯਾਨੰਦ ਜੀ ਦੰਡੀ ਵਿਰਜਾਨੰਦ ਜੀ ਦੀ ਕੁਟੀਆ ਵਿੱਚ | 42 |
| | ਅਨਾਰਸ਼ ਗ੍ਰੰਥਾਂ ਦਾ ਸ਼ੱਤਰੂ ਸ੍ਵਾਮੀ ਵਿਰਜਾਨੰਦ | 44 |
| | ਸ੍ਵਾਮੀ-ਦਯਾਨੰਦ ਦੀ ਗੁਰੂ-ਸੇਵਾ | 46 |
| | ਘੋਰ ਤਪੱਸ੍ਵੀ | 46 |
| | ਪਰੋਪਕਾਰ ਪ੍ਰਿਯ | 47 |
| | ਯੋਗ ਸਮਾਧੀ ਦ੍ਵਾਰਾ ਭੁੱਲਾ-ਵਿੱਸਰਿਆ ਪਾਠ ਯਾਦ | 47 |

| ਸਿਰਲੇਖ | ਵਿਸ਼ਾ | ਪੰਨਾ |
|---|---|---|
| | ਗੁਰੂ ਦੱਖਣਾ | 48 |
| | ਸੁਆਮੀ ਜੀ ਆਗਰਾ ਸ਼ਹਿਰ ਪਹੁੰਚੇ | 49 |
| | ਦੰਡੀ ਸੁਆਮੀ ਵਿਰਜਾਨੰਦ ਦਾ ਜੀਵਨ ਪਰਿਚਯ | 51 |
| | (ਪਰਮ ਪੁਨੀਤ ਸਪਤਸਿੰਧੂ ਪ੍ਰਦੇਸ਼) | 51 |
| | ਸੁਆਮੀ ਵਿਰਜਾਨੰਦ ਕ੍ਰਾਂਤੀ ਦੇ ਮਹਾਨ ਪ੍ਰੇਰਕ ਦੇ ਰੂਪ ਵਿਚ | 58 |
| 1. ਆਰਸ਼ ਗਿਆਨ ਦਾ ਪ੍ਰਚਾਰਕ—ਦਯਾਨੰਦ | | 61 |
| 2. ਮੂਰਤੀ ਪੂਜਾ ਦਾ ਘੋਰ ਸ਼ੱਤ੍ਰੂ—ਦਯਾਨੰਦ | | 66 |
| 3. ਅਖੰਡ ਬ੍ਰਹਮਚਾਰੀ—ਦਯਾਨੰਦ | | 70 |
| | 1. ਤਲਵਾਰ ਦੇ ਦੋ ਟੋਟੇ | 70 |
| | 2. ਦੋ ਪਹਿਲਵਾਨਾਂ ਦੀ ਦੁਰਗਤਿ | 71 |
| | 3. ਭਾਰ ਲੱਦਿਆ ਗੱਡਾ ਚਿੱਕੜ 'ਚੋਂ ਬਾਹਿਰ | 71 |
| | 4. ਦੋ ਸਾਨ੍ਹਾਂ ਦੇ ਭੇੜ ਵਿਚ | 72 |
| | 5. ਦੋ ਘੋੜਿਆਂ ਦੀ ਬੱਘੀ ਰੋਕੀ | 72 |
| | 6. ਪੰਜ ਸੌ ਜਵਾਨਾਂ ਨੂੰ ਬਲ-ਪ੍ਰਦਰਸ਼ਨ ਲਈ ਵੰਗਾਰ | 73 |
| | 7. ਇਕੱਲੇ ਖੂਹ ਗੇੜ ਕੇ ਹੌਜ ਭਰਿਆ | 73 |
| 4. ਪਰਮ ਸਿੱਧ ਯੋਗੀ—ਦਯਾਨੰਦ | | 75 |
| | 1. ਜਾਣੀ-ਜਾਣ | 75 |
| | 2. ਕਰਣਵਾਸ ਵਿੱਚ ਠਾਕਰਾਂ ਦਾ ਜੂਠਾ ਭੋਜਨ ਖਾਣੋਂ ਇਨਕਾਰ | 76 |
| | 3. ਕਰਣਵਾਸ ਦੇ ਬ੍ਰਾਹਮਣਾਂ ਦੇ ਪ੍ਰਸ਼ਨਾਂ ਦੇ ਉੱਤਰ | 76 |
| | 4. ਜਲਾਲਾਬਾਦ ਦੇ ਨਵਾਬ ਦਾ ਪ੍ਰਸ਼ਨ | 76 |
| | 5. ਕਾਨ੍ਹਪੁਰ ਦੇ ਪੰਡਿਤਾਂ ਨੂੰ ਕਾਂਬਾ | 76 |
| | 6. ਦਾਨਾਪੁਰ ਦੇ ਵਸਨੀਕ ਦਾ ਪ੍ਰਸ਼ਨ | 76 |
| | 7. ਜਾਣੀ-ਜਾਣ | 77 |
| | 8. ਸੱਚ ਦਾ ਸੂਰਜ | 77 |

| ਸਿਰਲੇਖ | ਵਿਸ਼ਾ | ਪਨਾ |
|---|---|---|


9. ਭਵਿੱਖ ਗਿਆਤਾ 78
10. ਭਵਿੱਖ ਦਰਸ਼ੀ 78
11. ਨੇਤ੍ਰ ਜੋਤਿ ਦਾ ਚਮਤਕਾਰ 78
12. ਗੁਪਤ ਘਟਨਾ ਗਿਆਨ 78
13. ਜਾਣੀ-ਜਾਣ 79
14. ਲੰਮੀ ਸਮਾਧੀ 79
15. ਦਿਲ ਦੀ ਬੁੱਝਣਵਾਲਾ 79
16. ਭਵਿਸ਼ਯ ਦਰਸ਼ੀ 79
17. ਭਵਿਸ਼ਯ ਦਰਸ਼ੀ 80
18. ਵੱਡਾ ਯੋਗੀ 80
19. ਭਵਿੱਖ ਦਰਸ਼ੀ 80
20. ਨੇਤ੍ਰ ਜਯੋਤੀ ਦਾ ਚਮਤਕਾਰ 80
21. ਜਲ ਪਰ ਸਮਾਧੀ 81
22. ਜੀਵ ਮਿਤ੍ਰ 81
23. ਭਵਿੱਖ ਦਰਸ਼ੀ 81
24. ਗ਼ੈਬੀ ਗੱਲਾਂ ਬੁੱਝਣ ਵਾਲਾ 81
25. ਸੋਟੇ ਵਾਲਾ ਚਰਣਾਂ ਵਿੱਚ 81
26. ਜੀਵ ਮਿਤ੍ਰ 82

5. ਖਿਮਾਂ ਸਾਗਰ—ਦਯਾਨੰਦ 83

1. ਕਾਸ਼ੀ ਦੇ ਬ੍ਰਾਹਮਣ ਹਾਰਕੇ ਛਿੱਥੇ ਪਏ 83
2. ਕਾਸ਼ੀ ਸ਼ਾਸਤ੍ਰਾਰਥ ਵਿੱਚ ਲੁੱਚੇ ਲਫੰਗਿਆਂ ਦਾ ਰੌਲਾ-ਗੋਲਾ 83
3. ਲਾਹੌਰ ਦੇ ਪੰਡਿਤਾਂ ਨੇ ਬਾਗ਼ ਚੋਂ ਕਢਾਇਆ 83
4. ਲਾਹੌਰ ਦੇ ਬ੍ਰਾਹਮ ਸਮਾਜੀਆਂ ਦਾ ਵਚਨ-ਭੰਗ 84
5. ਪੂਨਾ ਸ਼ਹਿਰ ਵਿੱਚ ਵਿਰੋਧੀਆਂ ਦੀ ਬਦਤਮੀਜ਼ੀ 84

| ਸਿਰਲੇਖ | ਵਿਸ਼ਾ | ਪਨਾ |
|---|---|---|
| | 6. ਬੰਬਈ ਦੇ ਬ੍ਰਾਹਮਣਾਂ ਨੇ ਗਾਲ੍ਹਾਂ ਛਪਵਾਈਆ | 85 |
| | 7. ਬ੍ਰਿੰਦਾਬਨ ਵਿੱਚ ਕਿਸੇ ਨੇ ਸਵਾਹ ਪਾਈ | 85 |
| | 8. ਅਮ੍ਰਿਤਸਰ ਵਿੱਚ ਇੱਕ ਭੰਗੜ ਸੋਟਾ ਮਾਰਨ ਆਇਆ | 85 |
| | 9. ਕਾਨ੍ਹਪੁਰ ਵਿੱਚ ਇੱਕ ਗੰਗਾ ਪੁਤ੍ਰ ਦੀਆਂ ਗਾਲ੍ਹਾਂ | 84 |
| | 10. ਬੰਬਈ ਦੇ ਗੋਸਾਈਂ ਨੇ ਮਾਰਨ ਦਾ ਉਪਰਾਲਾ ਕੀਤਾ | 85 |
| | 11. ਅਮ੍ਰਿਤਸਰ ਦੇ ਪਾਂਧੇ ਨੇ ਸ਼ਗਿਰਦਾਂ ਕੋਲੋਂ ਰੋੜੇ ਮਰਵਾਏ। | 86 |
| | 12. ਪੰ. ਸੁੰਦਰ ਲਾਲ ਦੇ ਆਉਣ ਦੀ ਪਹਿਲੇ ਹੀ ਸੋਝੀ ਹੋ ਗਈ | 86 |
| 6. ਦੇਸ਼ ਹਿਤੈਸ਼ੀ—ਦਯਾਨੰਦ | | 88 |
| | 1. ਦਾਨਾਪੁਰ ਵਿੱਚ ਦੇਸ਼ ਤੇ ਜਾਤਿ ਦੇ ਦੁੱਖ ਕਰਕੇ ਬੇਚੈਨੀ | 88 |
| | 2. ਜੇ ਲੋਕ ਤੁਹਾਡੀਆਂ ਮੰਨਣ ਤਾਂ ਇੱਕ ਖਿਨ ਲਈ ਵੀ ਅੰਗ੍ਰੇਜ਼ ਨਹੀਂ ਰਹਿ ਸਕਦੇ | 88 |
| | 3. ਭਾਰਤ ਦੇ ਪੂਰਨਹਿਤ ਲਈ ਇੱਕ ਧਰਮ, ਇੱਕ ਭਾਸ਼ਾ ਅਤੇ ਇੱਕ ਲਕਸ਼ ਜਰੂਰੀ | 88 |
| | 4. ਸ੍ਵਰਾਜਯ ਮਹਿਮਾ | 89 |
| | 5. 1857 ਦੇ ਪਹਿਲੇ ਸ੍ਵਤੰਤ੍ਰਤਾ ਸੰਗ੍ਰਾਮ ਵੱਲ ਇਸ਼ਾਰਾ | 89 |
| | 6. ਆਰਯਾਂ ਦਾ ਚਕ੍ਰਵਰਤੀ ਰਾਜਯ | 90 |
| | 7. ਗੋਤ੍ਰ ਹਤਯਾਰਾ ਦੁਰਯੋਧਨ | 90 |
| | 8. ਸ੍ਵਦੇਸ਼ ਦੀ ਦੁਰਦਸ਼ਾ ਤੇ ਰੁਦਨ | 90 |
| | 9. ਸ੍ਵਾਮੀ ਜੀ ਦੇ ਗ੍ਰੰਥਾਂ ਵਿੱਚ ਸ੍ਵਰਾਜਯ ਸ਼ਬਦਾਂ ਦੀ ਵਰਤੋਂ ਸਭ ਤੋਂ ਪਹਿਲਾਂ | 91 |

| ਸਿਰਲੇਖ | ਵਿਸ਼ਾ | ਪੰਨਾ |
|---|---|---|
| | 10. ਅੰਮ੍ਰਿਤਸਰ ਦੀ ਘਟਨਾ | 91 |
| 7. ਨਿਸ਼ਕਲੰਕ—ਦਯਾਨੰਦ | | 92 |
| | 1. ਰਾਵਲ ਪਿੰਡੀ ਦੇ ਬ੍ਰਾਹਮਣ ਦਾ ਭੁੱਬਾਂ ਮਾਰਨਾ | 92 |
| | 2. ਮਥੁਰਾ ਦੇ ਪੰਡਿਆਂ ਨੇ ਕਸਾਈ ਤੇ ਕਲਾਲ ਘੱਲੇ | 92 |
| | 3. ਕਾਂਸ਼ੀ ਦੇ ਪੰਡਿਤਾਂ ਨੇ ਕੰਜਰੀ ਭੇਜੀ | 93 |
| 8. ਨਿਰਭੀਕ-ਨਿਡਰ—ਦਯਾਨੰਦ | | 94 |
| | 1. ਜੈਪੁਰ ਵਿੱਚ ਨਿਡਰਤਾ-ਪ੍ਰਦਰਸ਼ਨ | 94 |
| | 2. ਮੇਰਠ ਦੇ ਗੁੰਡੇ ਲਾਠੀਆਂ ਫੜੀ ਲੁਕੇ ਰਹੇ | 94 |
| | 3. ਮਸੂਦਾ ਵਿੱਚ ਇੱਕ ਤਲਵਾਰ ਧਾਰੀ ਗੁੰਡਾ ਮਿਲਿਆ | 95 |
| | 4. ਅਜਮੇਰ ਦੇ ਪਾਦਰੀ ਨੂੰ ਉੱਤਰ—ਜੇਲ੍ਹ ਤੋਂ ਨਹੀਂ ਡਰਦਾ | 95 |
| | 5. ਫ਼ਰੁਖਾਬਾਦ—ਮੈਨੂੰ ਮਨੁੱਖੀ-ਰਕਸ਼ਾ ਦੀ ਲੋੜ ਨਹੀਂ | 95 |
| | 9. ਤੋਪ ਦੇ ਮੂੰਹ ਅੱਗੇ ਵੀ ਸਤਯ ਹੀ 'ਕਹਾਂਗਾ' ਪਾਦਰੀ ਲੂਕਸ ਨੂੰ ਉੱਤਰ | 95 |
| | 7. ਜਨਰਲ ਰਾਬਰਟਸ ਦੇ ਸਾਮ੍ਹਣੇ ਈਸਾਈਅਤ ਦਾ ਖੰਡਨ | 95 |
| | 8. "ਸੱਚ ਕਹਿਣ ਵਿੱਚ ਮੈਨੂੰ ਕਿਸੇ ਦਾ ਡਰ ਨਹੀਂ"—ਅੰਮ੍ਰਿਤਸਰ ਵਿਚ ਘੋਸ਼ਣਾ | 96 |
| | 9. ਵਿਨਾਸ਼ ਦੇ ਹੇਤੂ | 96 |
| | 0. ਜੇ ਅੰਗ੍ਰੇਜ਼ ਜ਼ੁਲਮ ਕਰਨਗੇ ਤਾਂ ਰਾਜ ਨਹੀਂ ਟਿਕੇਗਾ | 97 |
| | 1. ਚਿੱਤੌੜ ਗੜ੍ਹ ਦਾ ਕਿਲ੍ਹਾ ਅੰਗ੍ਰੇਜ਼ਾਂ ਤੋਂ ਬਚਾਇਆ | 96 |
| | 2. ਸੁਰਾਜਯ ਪ੍ਰਾਪਤ ਹੋਣ ਤੋਂ ਥੋੜੀ ਦੇਰ ਪਿੱਛੋਂ ਭਾਰਤ ਭੂਮੀ ਧਨ-ਧਾਨ ਨਾਲ ਭਰਪੂਰ ਹੋ ਜਾਏਗੀ | 97 |

| ਸਿਰਲੇਖ | ਵਿਸ਼ਯ | ਪੱਨਾ |
|---|---|---|
| | 13. ਅੰਗ੍ਰੇਜ਼ ਆਪਣੇ ਦੇਸ਼ ਦੇ ਜੂਤੇ ਨੂੰ ਦੂਜੇ ਦੇਸ ਵਾਸੀਆਂ ਤੋਂ ਚੰਗਾ ਸਮਝਦੇ ਹਨ ! | 91 |
| | 14. ਆਰਯ ਸਮਾਜ ਦੇ ਨਾਲ ਮਿਲ ਜਾਉ | 98 |
| | 15. ਪੌਰਾਣਿਕਾਂ ਤੇ ਈਸਾਈਆਂ ਦਾ ਖੰਡਨ—ਬਰੇਲੀ | 98 |
| | 16. ਜੋਧਪੁਰ ਨਰੇਸ਼ ਨੂੰ ਝਾੜ-ਝਪਾੜ | 98 |
| | 17. "ਅਸੀਂ ਸੱਚੀ ਗੱਲ ਕਹਿਣੋ ਡਰਦੇ ਨਹੀਂ" | 98 |
| | 18. "ਮੈਂ ਸੱਚ ਦਾ ਪ੍ਰਚਾਰ ਝੂਠ ਨਾਲ ਨਹੀਂ ਕਰਾਂਗਾ" | 98 |
| | 19. 'ਅਸੀਂ ਆਦਮ ਤੇ ਹਵਾ ਦੇ ਸਮੇਂ ਦੇ ਲੋਕ ਹਾਂ—ਇਕ ਅੰਗ੍ਰੇਜ਼ ਇੰਜੀਨੀਅਰ ਨੂੰ ਉੱਤਰ | 99 |
| | 20. ਲਾਰਡ ਨਾਰਥ ਬ੍ਰੂਕ ਨਾਲ ਮੁਲਾਕਾਤ | 99 |
| | 21. "ਮੈਂ ਮਹਾਰਾਜਾ ˉ ਕਸ਼ਮੀਰ ਨੂੰ ਪ੍ਰਸੰਨ ਕਰਾਂ ਜਾਂ ਵੇਦ ਦੇ ਆਦੇਸ਼ ਅਨੁਸਾਰ ਚੱਲਾਂ" | 100 |
| | 22. "ਭਾਵੇਂ ਚਕ੍ਰਵਰਤੀ ਰਾਜਾ ਵੀ ਅਪ੍ਰਸੰਨ ਕਿਉਂ ਨ ਹੋ ਜਾਵੇ, ਅਸੀਂ ਤਾਂ ਸਤਯ ਹੀ ਕਹਾਂਗੇ" | 100 |
| 9. ਨਿਰਲੋਭ—ਦਯਾਨੰਦ | | 102 |
| | 1. ਇੱਕ ਲਿੰਗ ਮਹਾਦੇਵ ਦੀ ਗੱਦੀ ਦਾ ਪ੍ਰਲੋਭਨ | 103 |
| | 2. ਓਖੀ ਮਠ ਦੀ ਮਹੰਤੀ ਦਾ ਪ੍ਰਲੋਭਨ | 103 |
| | 3. "ਸਾਰਾ ਰਾਜ ਵੀ ਉੱਦੇਸ਼ ਤੋਂ ਡੇਗ ਨਹੀਂ ਸਕਦਾ" | 104 |
| | 4. ਸ਼ਿਵ ਜੀ ਦਾ ਅਵਤਾਰ ਬਣਨਾ ਵੀ ਨਾਮਨਜ਼ੂਰ | 104 |
| 10. ਨਿਰਭਿਮਾਨ—ਦਯਾਨੰਦ | | 105 |
| | 1. "ਅੰਧ ਵਿਸ਼੍ਵਾਸ ਮਹਾਨਾਸ਼ ਦਾ ਕਾਰਣ ਹੈ" | 105 |
| | 2. ਸਮਾਧੀ ਬਣਾਉਣ ਦੀ ਮਨਾਹੀ | 105 |
| | 3. "ਸੰਸਾਰੀ ਵਾਸਨਾ ਦੇ ਅਧੀਨ ਸੱਚਾਈ ਦਾ ਪਰਿਤ੍ਯਾਗ ਨਹੀਂ ਕਰ ਸਕਦਾ" | 106 |

| ਸਿਰਲੇਖ | ਵਿਸ਼ਾ | ਪੰਨਾ |
|---|---|---|
| 18. ਪੁਨੀਤ-ਪਾਂਧੀ—ਦਯਾਨੰਦ | | 121 |
| | (1) ਇੱਕ ਇੱਕ ਦਿਨ ਵਿੱਚ ਚਾਲ੍ਹੀ-ਚਾਲ੍ਹੀ ਮੀਲ ਸਫ਼ਰ ਕਰਨ ਵਾਲਾ | 121 |
| | (2) ਵਿਪਲਵ ਦਾ ਅੰਤਿਮ ਚਰਣ, ਸ੍ਵਾਮੀ ਜੀ ਕੰਨਿਆਂ ਕੁਮਾਰੀ ਵਿੱਚ | 121 |
| | (3) ਰਾਵਲਪਿੰਡੀ ਤੋਂ ਕਲਕੱਤਾ ਅਤੇ ਦਿੱਲੀ ਤੋਂ ਪੂਨੇ ਤੱਕ ਪ੍ਰਚਾਰ ਯਾਤ੍ਰਾਂ | 122 |
| | (4) ਯੋਗ ਸਾਧਨ ਦੇ ਅਸਥਾਨ | 123 |
| 19. ਸ਼ਾਸਤ੍ਰਾਰਥ ਮਹਾਰਥੀ—ਦਯਾਨੰਦ | | 124 |
| ਕੁਝਕ ਸ਼ਾਸਤ੍ਰਾਰਥਾਂ ਦੇ ਸੰਖਿਪਤ ਵੇਰਵਾ | | 124 |
| ਆਰਯ ਸਮਾਜ ਦੇ ਨਿਯਮ | | 127 |

'ਓਮ'

## ਮੁਖ ਸ਼ਬਦ

# ਦਾਤਾਰ ਦਯਾਨੰਦ ਦੀ ਦਿਵਿਅ-ਦਾਤ

ਸ੍ਵਾਮੀ ਦਯਾਨੰਦ ਸਰਸਵਤੀ ਦੇ ਪ੍ਰਾਦੁਰਭਾਵ ਤੋਂ ਪਹਿਲੇ ਚਵ੍ਹੀਂ ਪਾਸੀਂ ਘਟਾਟੋਪ ਅੰਧਕਾਰ ਦਾ ਸਾਮ੍ਰਾਜ ਸੀ; ਪਰਮਾਰਥਿਕ ਤੇ ਸੰਸਾਰਿਕ ਅਥਵਾ ਲੌਕਿਕ ਤੇ ਪਰਲੌਕਿਕ ਵਿਸ਼ਿਆਂ ਵਲ ਕਿਸੇ ਦਾ ਧਿਆਨ ਹੀ ਨਹੀਂ ਸੀ ਜਾਂ ਇਹ ਸਮਝੋ ਕਿ ਅਧਿਆਤਮਿਕ ਵਿਸ਼ਿਆਂ ਦੇ ਸੰਬੰਧ ਵਿੱਚ ਘੁੱਪ ਅਨ੍ਹੇਰਾ ਛਾ ਰਿਹਾ ਸੀ, ਅਸੀਮ ਅਗਿਆਨ ਦੇ ਕਾਰਣ ਮਾਨਵ ਜਾਤੀ ਇਧਰ-ਉਧਰ ਭਟਕਦੀ ਫਿਰਦੀ ਸੀ, ਰੂੜ੍ਹੀਵਾਦ ਦੀਆਂ ਘਟੀਆ ਕਿਸਮ ਦੀਆਂ ਭਾਵਨਾਵਾਂ ਨਾਲ ਢਕਿਆ ਹੋਇਆ ਗਿਆਨ-ਵਿਗਆਨ ਲੁਪਤ ਹੋ ਚੁੱਕਾ ਸੀ। ਈਸ਼ਵਰੀ ਗਿਆਨ, ਪ੍ਰਾਕ੍ਰਿਤਿਕ ਵਿਗਿਆਨ ਅਥਵਾ ਲੋਕ ਕਲਿਆਣ ਦਾ ਮਾਰਗ ਕਿਸੇ ਨੂੰ ਵੀ ਸੁੱਝ ਨਹੀਂ ਰਿਹਾ ਸੀ। ਜਾਤੀ ਨਿਰਮਾਣ ਅਥਵਾਂ ਕੌਮੀ ਕਲਿਆਣ ਨੂੰ ਭੁਲਾਇਆ ਜਾ ਚੁੱਕਾ ਸੀ। ਜਿਸ ਸਿੱਧੇ-ਉਲਟੇ ਤਰੀਕੇ ਨਾਲ ਵੀ ਕਿਉਂ ਨ ਹੋਵੇ 'ਰੋਟੀ, ਕਪੜਾ ਅਤੇ ਮਕਾਨ' ਦੀ ਪ੍ਰਾਪਤੀ ਹੀ ਮਨੁਖ ਦਾ ਆਖ਼ਿਰੀ ਉੱਦੇਸ਼ ਕਾਇਮ ਕੀਤਾ ਜਾ ਚੁੱਕਾ ਸੀ।

ਭਾਰਤਵਰਸ਼ ਅਤੇ ਖ਼ਾਸ ਤੌਰ ਤੇ ਆਰੀਆ ਜਨਤਾ ਵੇਦ ਗਿਆਨ, ਸ਼ਾਸਤ੍ਰ ਚਰਚਾ, ਅਧਿਆਤਮਿਕ ਸੂਝ-ਬੂਝ ਅਤੇ ਵਿਗਿਆਨਕ ਸਿੱਧੇ ਰਾਹ ਤੋਂ ਬਿਲਕੁਲ ਖੁੰਝ ਚੁੱਕੀ ਸੀ, ਸੱਚ-ਝੂਠ ਦੀ ਪਛਾਣ ਦੇ ਸਿੱਧੇ-ਸਰਲ ਮਾਰਗ ਤੋਂ ਪਛੜ ਕੇ ਪੌਰਾਣਿਕ ਮਤਵਾਦ ਦੀ ਡੂੰਘੀ ਖੁਡੱਲ ਵਿਚ ਅਜਿਹੀ ਗਰਕ ਹੋਈ ਸੀ ਕਿ ਇਹਦੇ ਨਿਸਤਾਰ ਅਥਵਾ ਉੱਧਾਰ ਦਾ ਕੋਈ ਰਾਹ ਹੀ ਕਿਸੇ ਨੂੰ ਸੁਝ ਨਹੀਂ ਰਿਹਾ ਸੀ। ਇਕ ਈਸ਼ਵਰਵਾਦ ਦੇ ਵੈਦਿਕ ਸਿੱਧਾਂਤ ਦਾ ਥਾਂ ਤੇਤੀ ਕਰੋੜ ਦੇਵ-ਸਮੂਹ ਨੇ ਖੋਹ

ਰਖਿਆ ਸੀ। ਅਕਾਯ, ਅਬ੍ਰਣ, ਅਨਾਦਿ, ਅਨੰਤ, ਅਜਨਮਾ, ਅਦ੍ਵਿਤੀਯ, ਅਜਰ, ਅਮਰ, ਅਭਯ ਸੱਚਿਦਾਨੰਦ ਪਰਮੇਸ਼੍ਵਰ ਨੂੰ ਮੱਛ, ਕੱਛ, ਵਰਾਹ, ਨਰ ਸਿੰਘ ਆਦਿ ਨੀਚ ਜੂਨਾਂ ਵਿਚ ਅਵਤਾਰ ਲੈਣ ਵਾਲਾ ਬਣਾ ਦਿੱਤਾ ਗਿਆ ਸੀ। ਮਰਯਾਦਾ ਪੁਰਸ਼ੋਤਮ ਭਗਵਾਨ ਸ਼੍ਰੀ ਰਾਮ ਤੇ ਯੋਗੀਰਾਜ ਭਗਵਾਨ ਸ਼੍ਰੀ ਕ੍ਰਿਸ਼ਨ ਨੂੰ ਈਸ਼੍ਵਰ ਦੇ ਅਵਤਾਰ ਹੋਣ ਦਾ ਐਲਾਨ ਕਰਕੇ ਉਨ੍ਹਾਂ ਦੇ ਪਿੱਛੇ ਚਲ ਸਕਣਾ ਮਾਨਵ-ਮਾਤ੍ਰ ਦੇ ਵਾਸਤੇ ਅਸੰਭਵ ਸਮਝਿਆ ਜਾਣ ਲਗ ਪਿਆ ਸੀ। ਪੱਥਰਾਂ ਨੂੰ ਪਰਮੇਸ਼੍ਵਰ ਸਮਝ ਕੇ ਪੂਜਿਆ ਜਾ ਰਿਹਾ ਸੀ। ਵੇਦ-ਗਿਆਨ ਦੇ ਚਮਕਦੇ ਸੂਰਜ ਨੂੰ ਪੌਰਾਣਿਕ ਮਤਵਾਦ ਨੇ ਢੱਕ ਰਖਿਆ ਸੀ, ਜਿਹਦੇ ਕਾਰਣ ਚਾਰ ਚੁਫੇਰੇ ਅੰਨ੍ਹੇਰਾ ਛਾ ਰਿਹਾ ਸੀ। ਵੈਸ਼ਣਵ, ਸ਼ਿਵ, ਸ਼ਾਕਤ ਅਤੇ ਗਾਣਪਤਯ ਆਦਿ ਸੰਪ੍ਰਦਾਵਾਂ ਦੇ ਵੱਡੇ-ਵੱਡੇ ਵਿਦਵਾਨ ਗੁੱਝੇ ਵਾਮ ਮਾਰਗੀ ਬਣ ਚੁੱਕੇ ਸਨ ਅਤੇ

**ਅੰਤ: ਸ਼ਾਕਤਾ: ਬਹਿੱਸ਼ੈਵਾ: ਸਭਾਬਾਂ ਵੈਸ਼ਨਵਾ: ਮਤਾ: :**
**ਨਾਨਾ ਰੂਪ ਧਰ: ਕੌਲਾ: ਵਿਚ ਰੰਤਿ ਮਹੀਤਲੇ ॥** (ਤੰਤ੍ਰ)

**ਅਰਥਾਤ**—ਇਹ ਲੋਕ ਮਨ ਤੋਂ ਸ਼ਾਕਤ, ਵਿਖਾਵੇ ਦੇ ਸ਼ੈਵ ਅਤੇ ਸਭਾ-ਸੋਸਾਇਟੀਆਂ ਵਿਚ ਵੈਸ਼ਣਵ ਮਤ ਦੇ ਪੈਰੋਕਾਰ ਹੋਣ ਦਾ ਦੰਭ ਕਰਦੇ ਹੋਏ ਪ੍ਰਿਥਵੀ ਤੇ ਵਿਚਰਦੇ ਦਿੱਸਦੇ ਸਨ।

ਜੀਉਂਦੇ ਮਾਪਿਆਂ ਦਾ ਅਪਮਾਨ ਕਰਨ ਵਾਲੇ ਬਰਖੁਰਦਾਰ ਉਹਨਾਂ ਦੀ ਮੌਤ ਤੋਂ ਪਿਛੋਂ ਸ਼੍ਰਾਧ ਦਾ ਢੌਂਗ ਰਚਾ ਕੇ ਬ੍ਰਾਹਮਣ ਨਾਮ ਧਾਰੀਆਂ ਦੇ ਪੇਟ-ਰੂਪੀ ਲੈਟਰ-ਬਕਸ ਵਿੱਚ ਠੋਸਿਆ ਅੰਨ-ਜਲ ਅਤੇ ਡੋਲ੍ਹੀ ਹੋਈ ਖੀਰ ਨਾਲ ਉਹਨਾਂ ਦੀ ਪਰਮ ਤ੍ਰਿਪਤੀ ਦਾ ਕਾਰਨ ਮੰਨੀ ਬੈਠੇ ਸਨ। ਗੰਗਾ-ਜਮਨਾ ਆਦਿ ਨਦੀਆਂ ਅਤੇ ਹਰਦ੍ਵਾਰ, ਕਾਸ਼ੀ ਅਤੇ ਪ੍ਰਯਾਗ ਆਦਿ ਤੀਰਥਾਂ ਤੇ ਅਸ਼ਨਾਨ ਕਰ ਲੈਣ ਮਾਤ੍ਰ ਨਾਲ ਮੁਕਤੀ ਦੀ ਉਡੀਕ ਕੀਤੀ ਜਾ ਰਹੀ ਸੀ। ਵੈਦਿਕ ਯਗਯਾਂ ਦੀ ਹਿੰਸਾ-ਰਹਿਤ ਪਰਿਪਾਟੀ ਸਮਾਪਤ ਹੋ ਕੇ ਉਹਦੀ ਥਾਂ ਬੇਜ਼ਬਾਨ ਪਸ਼ੂ-ਪੰਛੀਆਂ ਦੀ ਬਲੀ ਨੇ ਲੈ ਰੱਖੀ ਸੀ। ਸਦਾਚਾਰ, ਭਲਮਾਨਸੀ, ਚੰਗਾ ਵਿਹਾਰ ਅਤੇ ਆਤਮਾਭਿਮਾਨ ਆਦਿ ਉੱਤਮ ਗੁਣ ਤਾਂ ਖੰਭ ਲਗਾਕੇ ਉੱਡ ਗਏ ਸਨ। ਅਤੇ ਵਾਮਮਾਰਗ ਦੇ ਪੰਜ ਮਕਾਰ—ਮਦਯ, ਮਾਸ ਮੱਛੀ, ਮਦਿਰਾ (ਖਾਣ ਵਾਲੇ ਪਦਾਰਥ) ਅਤੇ ਮੈਥੁਨ (ਵਿਭਚਾਰ) ਨੇ ਮੋਖ ਦੇ ਪੰਜਾਂ ਸਾਧਨਾਂ ਦੇ ਰੂਪ ਵਿੱਚ ਮਾਨਵ-ਮਨ ਤੇ ਕਬਜ਼ਾ ਕਰ ਰੱਖਿਆ ਸੀ। ਅਖੌਤੀ ਸ਼ੂਦ੍ਰਾਂ ਨੂੰ ਵੇਦਮੰਤ੍ਰ ਪੜ੍ਹਨ ਤੇ ਪਾਬੰਦੀ

ਵੇਦ ਸੁਣਨ ਦੀ ਸਖਤ ਮਨਾਹੀ ਅਤੇ ਵੇਦ ਧਾਰਣ ਕਰਨ ਤੇ ਮੌਤ ਦੀ ਸਜ਼ਾ ਮੁਕੱਰਰ ਕਰ ਰੱਖੀ ਸੀ। **"ਯਤ੍ਰ ਨਾਰਯਸਤੁ ਪੂਜਯੰਤੇ ਰਮੰਤੇ ਤਤ੍ਰ ਦੇਵਤਾ:"** ਅਰਥਾਤ ਜਿੱਥੇ ਇਸਤ੍ਰੀਆਂ ਦੀ ਪੂਜਾ (ਸਨਮਾਨ ਤੇ ਸਤਿਕਾਰ) ਹੋਵੇ ਉੱਥੇ ਦੇਵਤਿਆਂ ਦਾ ਨਿਵਾਸ ਹੁੰਦਾ ਹੈ ਦੀਆਂ ਉੱਚੀਆਂ ਤੇ ਸੁੱਚੀਆਂ ਭਾਵਨਾਵਾਂ ਨੂੰ ਤਿਲਾਂਜਲੀ ਦੇ ਕੇ ਨਾਰੀ ਜਾਤੀ ਨੂੰ **'ਨਰਕਸਯ ਦ੍ਵਾਰੰ'** (ਨਰਕ ਦਾ ਦ੍ਵਾਰ) ਮੰਨਿਆ ਜਾ ਰਿਹਾ ਸੀ। **ਸ੍ਤ੍ਰੀ ਸ਼ੂਦ੍ਰੋ ਨਧੀਯਤਾਮ'** (ਇਸਤ੍ਰੀਆਂ ਤੇ ਸ਼ੂਦ੍ਰਾਂ ਨੂੰ ਨਹੀਂ ਪੜ੍ਹਾਉਣਾ ਚਾਹੀਦਾ) ਦੀ ਰਟ ਲਗਾਈ ਜਾ ਰਹੀ ਸੀ। ਵਰਣਾਸ਼੍ਰਮ ਦੀ ਵੈਦਿਕ ਮਰਯਾਦਾ ਲੋਪ ਹੋ ਚੁੱਕੀ ਸੀ ਅਤੇ 'ਕਾਲਾ ਅੱਖਰ ਭੈਂਸ ਬਰਾਬਰ' ਸਮਝਣ ਵਾਲੇ, ਭਾਂਡੇ ਮਾਂਜਣ ਅਤੇ ਪਾਣੀ ਢੋਣ-ਪਿਆਉਣ ਵਾਲੇ ਅਤੇ ਘਰਾਂ ਦੀਆਂ ਨੌਕਰੀਆਂ ਕਰਨ ਵਾਲਾ ਵਯਕਤੀ ਕੇਵਲ ਬ੍ਰਾਹਮਣ ਕੁਲ ਵਿਚ ਜੰਮਣ ਕਰਕੇ ਪੂਜੇ ਜਾ ਰਹੇ ਸਨ; ਚੂਹੀ ਦੀ 'ਚੀਂਚੀਂ' ਅਤੇ ਚਿੜੀ ਦੀ 'ਚਿੜ-ਚਿੜ' ਤੋਂ ਭੈ-ਭੀਤ ਹੋ ਕੇ ਆਪਣੀ ਜਾਨ ਦੀ ਰਾਖੀ ਦੀ ਖਾਤਿਰ ਸੱਤਵੀਂ ਕੋਠੜੀ ਵਿਚ ਜਾ ਲੁਕਣ ਵਾਲੇ 'ਬਹਾਦੁਰ' ਖਤ੍ਰੀ ਹੋਣ ਦਾ ਦਮ ਭਰ ਰਹੇ ਸਨ; ਸੱਤਾਂ ਜਨਮਾਂ ਦੇ ਮਹਾਂਕੰਗਾਲ, ਕੌਡੀ-ਕੌਡੀ ਦੇ ਬਦਲੇ ਧਰਮ-ਧਨ ਨੂੰ ਵੇਚ ਦੇਣ ਵਾਲੇ ਅਤੇ ਵਪਾਰ-ਧੰਧੇ ਤੋਂ ਕੋਰੇ ਭਲੇ ਲੋਕ ਕੁਬੇਰ ਦੀ ਔਲਾਦ ਅਤੇ ਭਾਮਾਸ਼ਾਹ ਦੇ ਪੋਤਰੇ ਹੋਣ ਦੇ ਦਾਵੇ ਕਰ ਰਹੇ ਸਨ। ਆਪਣੇ ਦਸਾਂ ਨਵ੍ਹਾਂ ਦੀ ਕਮਾਈ ਕਰਕੇ ਆਪਣੇ ਟੱਬਰਾਂ ਨੂੰ ਪਾਲਣ ਵਾਲੇ ਧਾਰਮਿਕ, ਸਦਾਚਾਰੀ ਸੱਜਣਾਂ ਨੂੰ ਸ਼ੂਦ੍ਰ, ਅਛੂਤ, ਅੰਤਯਜ, ਹਰੀਜਨ ਕਹਿਕੇ ਦੁਤਕਾਰਿਆ ਫਿਟਕਾਰਿਆ ਜਾ ਰਿਹਾ ਸੀ।

ਅਛੁੱਤ ਯੋਨੀ ਬਾਲ ਵਿਧਵਾਂ ਨੂੰ ਜ਼ਬਰਦਸਤੀ ਦੂਜੇ ਵਿਆਹ ਤੋਂ ਵਾਂਝਿਆਂ ਰੱਖਕੇ ਉਹਨਾਂ ਨੂੰ ਧੱਕੋ-ਜੋਰੀ ਦੇਵਦਾਸੀਆਂ ਦੇ ਰੂਪ ਵਿਚ ਮੰਦਿਰਾਂ ਦੇ ਪਾਪੀ ਪੰਡੇ-ਪੁਜਾਰੀਆਂ ਅਤੇ ਦੇਵ-ਅਸਥਾਨ-ਪ੍ਰੇਮੀਆਂ ਦੀ ਕਾਮ-ਵਾਸਨਾ ਪੂਰਤੀ ਤੇ ਵਿਵਸ਼ ਕੀਤਾ ਜਾ ਰਿਹਾ ਸੀ। ਕਈ ਵਿਚਾਰੀ ਬੇਵਾਵਾਂ ਨੂੰ ਜ਼ਬਰਦਸਤੀ ਰੱਸਿਆਂ ਨਾਲ ਜਕੜ ਕੇ ਮੋਏ ਪੱਤੀ ਦੇ ਨਾਲ ਬਲਦੀ ਚਿਤਾ ਵਿੱਚ ਸੜ-ਮਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ। ਇਹਨਾਂ ਘ੍ਰਿਣਿਤ ਦੁਰਵਿਹਾਰਾਂ ਅਤੇ ਅਮਾਨਵੀ ਅਤਯਾਚਾਰਾਂ ਦੇ ਸਦਕੇ ਅਣਗਿਣਤ ਆਰੀਆ ਦੇਵੀਆਂ ਨੂੰ ਆਚਾਰਹੀਨ ਮੁੱਲਾਂ-ਮੌਲਵੀਆਂ ਅਤੇ ਗਿਰਝਾਂ ਦ੍ਰਿਸ਼ਟੀ ਪਾਪੀ ਪਾਦਰੀਆਂ ਦੀਆਂ ਲਲਚਾਈ ਨਜ਼ਰਾਂ ਦਾ ਸ਼ਿਕਾਰ ਬਣਕੇ ਧਰਮੋਂ ਡਿਗਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਅਨੇਕ ਮਤ-ਵਾਦਾਂ ਦੇ ਪਰਸਪਰ ਲੜਾਈ-ਝਗੜੇ ਅਤੇ ਫੁੱਟ ਅਤੇ ਦ੍ਵੇਸ਼ ਦੇ ਸਦਕੇ ਕਸ਼ਮੀਰ ਤੋਂ ਕੰਨਯਾ ਕੁਮਾਰੀ ਅਤੇ

ਅਟਕ ਤੋਂ ਕਟਕ ਤੱਕ ਸਾਰੇ ਦੇਸ਼ ਦੇ ਵਿਦੇਸ਼ੀ ਤੇ ਵਿਧਰਮੀ ਹਕੂਮਤ ਦਾ ਨਿਸ਼ਕੰਟਕ ਰਾਜ ਜਮ ਚੁਕਾ ਸੀ। ਲੋਕ ਗੋਰਿਆਂ ਦੀ ਚਾਪਲੂਸੀ ਅਤੇ ਜੀ ਹਜ਼ੂਰੀ ਕਰਨਾ ਤੇ ਉਹਨਾਂ ਦਾ ਗੁਣ-ਕੀਰਤਨ ਕਰਨਾ ਆਪਣੇ ਮਾਨਵ ਜੀਵਨ ਦਾ ਵੱਡਾ ਉੱਦੇਸ਼ ਸਮਝੀ ਬੈਠੇ ਸਨ। ਆਤਮ ਵਿਸ਼ਵਾਸ਼, ਆਤਮ ਭਰੋਸਾ, ਆਤਮ ਸਹਾਰਾ, ਆਤਮ ਨਿਰਭਰਤਾ, ਪੁਰਾਣੇ ਜ਼ਮਾਨੇ ਦੀਆਂ ਕਹਾਣੀਆਂ ਸਮਝੀਆਂ ਜਾਣ ਲਗੀਆਂ ਸਨ। ਵਿਧਰਮੀ ਮੁਸਲਿਮ ਮੌਲਵੀ ਅਤੇ, ਇਸਾਈ, ਪਾਦਰੀ, ਆਰੀਆ ਧਰਮ, ਆਰੀਆ ਸਭਯਤਾ, ਆਰੀਆ ਸੰਸਕ੍ਰਿਤਿ, ਆਰੀਆ ਮਰਯਾਦਾ ਆਰੀਆ ਰੀਤੀ ਨੀਤਿ ਆਰੀਆ ਪਰੰਪਰਾਂ, ਆਰੀਆ ਇਤਿਹਾਸ, ਆਰੀਆ ਸਾਹਿਤਯ ਅਤੇ ਆਰੀਆ ਬਜ਼ੁਰਗਾਂ ਦੀ ਭਰ-ਪੇਟ ਨਿੰਦਿਆ ਅਤੇ ਨੁਕਤਾਚੀਨੀ ਕਰਕੇ ਅੱਛੀ ਫਸਲ ਵੱਢ ਰਹੇ ਸਨ ਅਤੇ ਕੋਈ ਵੀ ਅਜਿਹਾ ਮਾਤਾ ਦਾ ਲਾਲ ਅਥਵਾ ਸਭਾ-ਸੋਸਾਇਟੀ ਅਜਿਹੀ ਨਹੀਂ ਸੀ ਜਿਹੜੀ ਇਹਨਾਂ ਦੇ ਭਯੰਕਰ ਬੂਥੇ ਨੂੰ ਬੰਦ ਕਰਨ ਅਥਵਾ ਉਹਨਾਂ ਦੇ ਨੋਕੀਲੇ ਵਿਹੁਲੇ ਦੰਦ ਖੱਟੇ ਕਰਨ ਦਾ ਸਾਹਸ ਵੀ ਕਰ ਸਕਦਾ। ਇਹ ਮੁਸਲਮਾਨ ਤੇ ਈਸਾਈ ਦਿਨ-ਦਿਹਾੜੇ ਆਰੀਆ ਦੇ ਧਰਮ-ਧਨ ਅਤੇ ਸਭਯਤਾ ਸੰਪਤੀ ਤੇ ਦਿਨ-ਦਿਹਾੜੇ ਡਾਕੇ ਮਾਰਦੇ, ਉਹਨਾਂ ਨੂੰ ਮੁਹੰਮਦ ਦੀ ਉੱਮਤ ਜਾਂ ਈਸਾ ਦੀਆਂ ਭੇਡਾਂ ਵਿੱਚ ਸ਼ਾਮਿਲ ਕਰਦੇ ਅਤੇ ਨਾਲ ਹੀ ਉਹਨਾਂ ਨੂੰ ਦੇਸ਼ ਦ੍ਰੋਹੀ, ਕੌਮ ਘਾਤਕ ਅਤੇ ਜਾਤਿ ਵਿਰੋਧੀ ਵੀ ਬਣਾਈ ਚਲੇ ਜਾਂਦੇ ਸਨ। ਏਥੋਂ ਤਕ ਕਿ ਬੰਗਾਲ ਦੇ ਰਾਜਾ ਰਾਮ ਮੋਹਨ ਰਾਇ ਦਾ ਬ੍ਰਾਹਮ ਸਮਾਜ ਜਿਹੜਾ ਕਿ ਹਿੰਦੂਆਂ ਨੂੰ ਈਸਾਈਆਂ ਤੋਂ ਬਚਾਉਣ ਲਈ ਕਾਇਮ ਕੀਤਾ ਗਿਆ ਸੀ, ਬਾਬੂ ਕੇਸ਼ਵ ਚੰਦ੍ਰ ਦੇ ਸਮੇਂ ਵਿਚ ਈਸਾਈਆਂ ਦੀ ਇਕ ਏਜੰਸੀ ਦਾ ਰੂਪ ਧਾਰਣ ਕਰਕੇ ਰਹਿ ਗਿਆ ਸੀ।

ਦੇਸ਼ ਤੇ ਧਰਮ ਦੀ ਅਜਿਹੀ ਦੁਰਦਸ਼ਾ ਦੇ ਸਮੇਂ ਪੰਜ ਹਜ਼ਾਰ ਬਰਸ ਦਾ ਲੰਮਾ ਕਾਲ ਬੀਤਣ ਤੋਂ ਪਿੱਛੋਂ ਮਹਾਰਿਸ਼ੀ ਦਯਾਨੰਦ ਦਾ ਪ੍ਰਾਦੁਰਭਾਵ ਹੋਇਆ। ਆਪ ਆਪਣੇ ਸਤਿਗੁਰੂ, ਭਾਰਤੀਯ ਸ੍ਵਤੰਤ੍ਰਤਾ ਦੇ ਪੈਗੰਬਰ ਸੂਰਦਾਸ ਆਚਾਰਯ ਸ੍ਵਾਮੀ ਵਿਰਜਾਨੰਦ ਦੇ ਆਦੇਸ਼ ਦੇ ਅਨੁਸਾਰ ਸਤਯ ਸਨਾਤਨ, ਵੈਦਿਕ ਧਰਮ ਪ੍ਰਚਾਰ, ਪਾਖੰਡ-ਪ੍ਰਪੰਚ ਪ੍ਰਹਾਰ, ਦਲਿਤ ਉੱਧਾਰ, ਸ੍ਵਦੇਸ਼ ਨਿਸਤਾਰ, ਨੂੰ ਆਪਣੇ ਸਾਮ੍ਹਣੇ ਰੱਖਕੇ ਕਾਰਜ ਖੇਤ੍ਰ ਵਿੱਚ ਉਤਰੇ ਅਤੇ ਵੇਦ-ਗਿਆਨ ਦੇ ਚਾਨਣ ਨਾਲ ਆਪ ਪ੍ਰਕਾਸ਼ਿਤ ਹੋਕੇ ਪੌਰਾਣਿਕ ਪੱਧਤੀ, ਮਤਵਾਦ ਦੀ ਖਤਰਨਾਕ ਬੀਮਾਰੀ, ਪ੍ਰਚੰਡ ਪਾਖੰਡ ਦਾ ਝੱਖੜ, ਪਸ਼ੂ-ਪੰਛੀ ਬਲੀ ਦੀ ਘ੍ਰਿਣਿਤ ਪ੍ਰਥਾ, ਵਾਮਮਾਰਗ ਦੀਆਂ ਭੈੜੀਆਂ ਕਰਤੂਤਾਂ, ਪੱਥਰ ਪੂਜਾ

ਦੀਆਂ ਪ੍ਰਚਲਿਤ ਪ੍ਰਥਾਵਾਂ, ਅਵਤਾਰਵਾਦ ਦੇ ਵਿਨਾਸ਼ਕਾਰੀ ਸਿੱਧਾਂਤਾਂ, ਮਨੁੱਖ ਵਿਚ ਨਾ ਬਰਾਬਰੀ, ਅਪੂਜਣਾਂ ਦੀ ਪੂਜਾ, ਪੂਜਣਯੋਗ ਦਾ ਤਿਰਸਕਾਰ, ਬਹੁਦੇਵਵਾਦਾਂ, ਸਾਕਾਰ-ਵਾਦ, ਇਕ ਦੇਸ਼ੀ ਬੈਕੁਠਵਾਦ, ਗੋਲੋਕਵਾਦ, ਸਵਰਗ-ਨਰਕ ਤੇ ਬਹਿਸ਼ਤ ਦੋਜ਼ਖਵਾਦ, ਖੀਰਸਾਗਰ-ਆਸਮਾਨ ਅਰਸ਼ ਤੇ ਈਸ਼ਵਰ ਨਿਵਾਸਵਾਦ ਤਥਾ ਸ਼ਫ਼ਾਅਤ ਤੇ ਸਿਫਾਰਿਸ਼-ਵਾਦ ਅਦਿਕ ਅਣ-ਗਿਣਤ ਮਿਥਯਾ ਵਾਦਾਂ ਝੂਠੇ-ਝਮੇਲਿਆਂ ਅਤੇ ਭੈੜੀਆਂ ਭਾਵਨਾਵਾਂ ਦਾਘੋਰ ਖੰਡਨ ਕੀਤਾ। ਆਪ ਨੇ ਸੱਚੇ ਧਰਮ ਦੇ ਸਤਯ ਸ੍ਵਰੂਪ ਨੂੰ ਜਨਤਾ ਦੇ ਸਾਮ੍ਹਣੇ ਪ੍ਰਸਤੁਤ ਕਰਕੇ ਦੇਵੀ-ਦੇਵਤਾ, ਗ੍ਰਹ ਨਛੱਤ੍ਰ, ਜਲ-ਸਥਲ ਦੇ ਦਰਸ਼ਨਾਂ ਭ੍ਰਮਣ, ਅਸਨਾਨ ਤੋਂ ਮੁਕਤਿ, ਪਾਖੰਡ-ਪ੍ਰਪੰਚ ਅਤੇ ਗਡਤੀਏ ਗੁਰੂਆਂ ਦੇ ਬੁਰੇ ਪ੍ਰਭਾਵ ਨੂੰ ਸਮਾਪਤ ਹੀ ਕਰ ਦਿਤਾ। ਆਪਨੇ ਵਿਧਰਮੀਆਂ ਦੇ ਮਾਨਨੀਯ ਗ੍ਰੰਥਾਂ ਵਿਚ ਵਰਣਿਤ ਬੁੱਧੀ-ਵਿਰੋਧੀ, ਆਚਾਰ ਵਿਰੋਧੀ ਪ੍ਰਕ੍ਰਿਤੀ-ਵਿਰੋਧੀ, ਧਰਮ ਵਿਰੋਧੀ, ਮਾਨਵਤਾ-ਵਿਰੋਧੀ ਛਲ-ਕਪਟ-ਪ੍ਰਪੰਚ ਤੇ ਆਧਾਰਿਤ ਭੈੜੀਆਂ ਚਾਲਾਂ, ਕਾਲੀਆਂ ਕਰਤੂਤਾਂ ਦਾ ਯੁਕਤੀ-ਯੁਕਤ ਅਤੇ ਪ੍ਰਮਾਣ ਪੋਸ਼ਿਤ ਅੱਪਰੇਸ਼ਨ ਕਰਕੇ ਧਰਮ ਦੇ ਜਿਗਿਆਸੂਆਂ ਲਈ ਵੇਦ ਆਧਾਰਿਤ ਸਿੱਧਾ ਤੇ ਸਰਲ ਮਾਰਗ-ਵਿਖਾਇਆ।

ਸਭ ਸਤਯ ਵਿਦਿਆ ਅਤੇ ਜੋ ਪਦਾਰਥ ਵਿਦਆ ਤੋਂ ਜਾਣੇ ਜਾਂਦੇ ਹਨ, ਉਹਨਾਂ ਸਾਰਿਆਂ ਦਾ ਆਦਿ ਮੂਲ ਧਰਮ ਪਰਮੇਸ਼੍ਵਰ ਹੈ (ਨਿਯਮ 1)। ਈਸ਼੍ਵਰ ਸੱਚਿ-ਦਾਨੰਦ ਸ੍ਵਰੂਪ, ਨਿਰਾਕਾਰ, ਸਰਵ ਸ਼ਕਤੀਮਾਨ, ਨਿਆਇਕਾਰੀ, ਦਯਾਲੂ, ਅਜਨਮਾ, ਅਨੰਤ, ਨਿਰਵਿਕਾਰ, ਅਨਾਦੀ, ਅਨੂਪਮ, ਸਰਵਾਧਾਰ, ਸਰਵੇਸ਼੍ਵਰ ਸਰਵਵਿਆਪਕ, ਸਰਵਾਂਤਰਯਾਮੀ, ਅਜਰ, ਅਮਰ, ਅਭੈਅ, ਨਿੱਤ, ਪਵਿਤ੍ਰ ਅਤੇ ਸ੍ਰਿਸ਼ਟੀ ਕਰਤਾ ਹੈ, ਉਸੇਦੀ ਹੀ ਉਪਾਸਨਾ ਕਰਨੀ ਯੋਗਯ ਹੈ(ਨਿਯਮ 2) ਦੀ ਸਿਖਿਆ ਪ੍ਰਦਾਨ ਕਰਕੇ ਆਸਤਿਕਤਾ, ਈਸ਼੍ਵਰ-ਵਿਸ਼ਵਾਸ ਤੇ ਬਲ ਦੇਕੇ ਅਤੇ ਨਾਲ ਹੀ ਈਸ਼੍ਵਰ ਸੰਬੰਧੀ ਪ੍ਰਚਲਿਤ ਭ੍ਰਾਂਤ ਭਾਵਨਾਵਾਂ ਦੀ ਸਮਾਪਤੀ ਕਰਨ ਮੁਕਤੀ-ਮਾਰਗ ਦੇ ਇੱਛਕ ਸੱਜਣਾਂ ਲਈ ਮੁਕਤੀ ਦੀ ਸ਼ਾਹ-ਰਾਹ ਖੋਲ ਦਿੱਤੀ ਹੈ। ਵੇਦ ਸਭ ਸਤਯ ਵਿਦਯਾਵਾਂ ਦੀ ਪੁਸਤਕ ਹੈ, ਵੇਦ ਦਾ ਪੜ੍ਹਨਾ-ਪੜ੍ਹਾਉਣਾ, ਸੁਣਨਾ-ਸੁਣਾਉਣਾ ਸਭ ਆਰੀਆਂ ਦਾ ਪਰਮ ਧਰਮ ਹੈ (ਨਿਯਮ 3) ਅਤੇ ਅਵਿਦਯਾ ਦਾ ਨਾਸ਼ ਅਤੇ ਵਿਦਯਾ ਦੀ ਵ੍ਰਿਧੀ ਕਰਨੀ ਚਾਹੀਏ (ਨਿਯਮ 8) ਦੇ ਨਿਯਮ ਬਣਾਕੇ ਆਪ ਨੇ ਸੰਸਾਰ ਵਿਚ ਸੱਚੀ ਵਿਦਯਾਵਾਂ ਦਾ ਪ੍ਰਚਾਰ-ਪ੍ਰਸਾਰ ਦਾ ਮਾਰਗ ਖੋਲ੍ਹ ਦਿੱਤਾ। ਸਭ ਨਾਲ ਪ੍ਰੀਤਿ ਪੂਰਵਕ, ਧਰਮ ਅਨੁਸਾਰ, ਯਥਾ ਯੋਗਯ ਵਰਤਨਾ ਚਾਹੀਏ (ਨਿਯਮ 7) ਦਾ ਆਦੇਸ ਫੈਲਾ ਕੇ ਸੰਸਾਰ ਵਿੱਚ

ਸੁਖੀ, ਸੰਤੁਸ਼ਟ, ਸਮ੍ਰਿਧ ਜੀਵਨ ਬਿਤਾਉਣ ਦਾ ਗੁਰ ਸਮਝਾ ਦਿੱਤਾ। ਸਤਯ ਦੇ ਗ੍ਰਹਣ ਕਰਨੇ ਅਤੇ ਅਸਤਯ ਨੂੰ ਛੱਡਣ ਲਈ ਸਰਵਦਾ ਤਿਆਰ ਰਹਿਣਾ ਚਾਹੀਏ (ਨਿਯਮ 4) ਅਤੇ ਸਭ ਕੰਮ ਧਰਮ ਅਨੁਸਾਰ ਅਰਥਾਤ ਸਤਯ ਅਤੇ ਅਸਤਯ ਨੂੰ ਵਿਚਾਰ ਕੇ ਕਰਨੇ ਚਾਹੀਦੇ ਹਨ (ਨਿਯਮ 5) ਦੇ ਨਿਯਮਾਂ ਤੇ ਚਲਣ ਦੀ ਪ੍ਰੇਰਣਾ ਕਰਕੇ ਸਤਯ-ਧਰਮ, ਸਤਯ ਵਿਦਯਾ, ਸਤਯ-ਆਚਾਰ-ਵਿਹਾਰ ਦੀ ਮਹਾਨਤਾ ਦਾ ਡੰਕਾ ਵਜਾ ਦਿੱਤਾ ਅਤੇ ਅਸਤਯ ਨੂੰ ਛੱਡਣ ਲਈ ਹਰਦਮ ਕਮਰ-ਕਸਾ ਕਰੀ ਰੱਖਣ ਦੀ ਸਿਖਿਆ ਦੇਕੇ ਇਨਸਾਨੀਅਤ ਨੂੰ ਚਾਰ ਚੰਨ ਲਗਾ ਦਿੱਤੇ। ਸੰਸਾਰ ਦਾ ਉਪਕਾਰ ਕਰਨਾ ਇਸ ਸਮਾਜ ਦਾ ਮੁਖ ਉੱਦੇਸ਼ ਹੈ ਅਰਥਾਤ ਸ਼ਾਰੀਰਿਕ, ਆਤਮਿਕ ਅਤੇ ਸਾਮਾਜਿਕ ਉੱਨਤੀ ਕਰਨਾ (ਨਿਯਮ 9) ਦਾ ਉਪਦੇਸ਼ ਤਾਂ ਸਾਰੀ ਦੁਨੀਆਂ ਦੇ ਲੋਕਾਂ-ਕਾਲਿਆਂ-ਗੋਰਿਆਂ, ਸ੍ਵਦੇਸ਼ੀ-ਵਿਦੇਸ਼ੀ, ਉੱਚੇ ਨੀਵੇਂ, ਰਾਜਾ-ਰੰਕ ਅਤੇ ਧਨੀ-ਨਿਰਧਨ ਲਈ ਆਦਰਸ਼-ਮਾਨਵ ਬਣਨ ਦੀ ਕੁੰਜੀ ਹਰੇਕ ਨੂੰ ਸੌਂਪ ਕੇ ਆਦਰਸ਼ ਮਾਨਵ ਬਣਾਉਣ ਦਾ ਰਾਮਬਾਣ ਨੁਸਖਾ ਹੀ ਪ੍ਰਸਤੁਤ ਕਰ ਦਿੱਤਾ ਹੈ। ਹਰ ਇਕ ਨੂੰ ਆਪਣੀ ਹੀ ਤਰੱਕੀ ਵਿਚ ਸੰਤੁਸਟ ਨਹੀਂ ਰਹਿਣਾ ਚਾਹੀਦਾ, ਸਗੋਂ ਸਭ ਦੀ ਉੱਨਤੀ ਵਿਚ ਹੀ ਆਪਣੀ ਉੱਨਤੀ ਸਮਝਣੀ ਚਾਹੀਦੀ ਏ (ਨਿਯਮ 6) ਅਤੇ ਸਭ ਮਨੁੱਖਾਂ ਨੂੰ ਸਾਮਾਜਿਕ, ਸਰਵ ਹਿਤਕਾਰੀ ਨਿਯਮ ਪਾਲਣ ਵਿਚ ਪਰਤੰਤ੍ਰ ਰਹਿਣਾ ਚਾਹੀਦਾ ਹੈ ਅਤੇ ਹਰੇਕ ਹਿਤਕਾਰੀ ਨਿਯਮ ਵਿੱਚ ਸਭ ਸਵਤੰਤਰ ਰਹਿਣ (ਨਿਯਮ 10) ਦਾ ਏਲਾਨ ਕਰਕੇ ਵਿਯਕਤੀ ਦੀ ਸਵਤੰਤਰਤਾ ਅਤੇ ਸਾਮਾਜਿਕ ਸੁਸੰਗਠਨ ਦਾ ਬਿਗਲ ਵਜਾ ਦਿਤਾ ਹੈ।

ਸੰਖੇਪ ਇਹ ਕਿ ਭਗਵਾਨ ਦਯਾਨੰਦ ਨੇ ਅਸਾਨੂੰ ਸੱਚਿਦਾਨੰਦ ਜਗਦੀਸ੍ਵਰ ਦੇ ਅਸਲੀ ਸ਼ੁੱਧ ਸ੍ਵਰੂਪ ਦਾ ਗਿਆਨ ਕਰਾਇਆ; ਆਧਯਾਤਮਿਕ, ਸਾਮਾਜਿਕ ਤਥਾ ਵਿਵਹਾਰ ਸੰਬੰਧੀ ਵਿਸ਼ਯਾਂ ਵਿਚ ਪਥ-ਪ੍ਰਦਰਸ਼ਨ ਕੀਤਾ; ਭੈੜੀ-ਚੰਦਰੀ ਭ੍ਰਾਂਤ ਭਾਵਨਾਵਾਂ ਦਾ ਨਿਸ਼ੇਧ ਕਰਕੇ ਆਸਾਨੂੰ ਵੇਦ-ਪ੍ਰਦਰਸ਼ਿਤ ਅਭਯੁਦਯ (ਸੰਸਾਰਿਕ ਉੱਨਤੀ) ਅਤੇ ਸ਼੍ਰੇਯਸ (ਪਰਲੋਕ ਦਾ ਕਲਿਆਣ) ਦਾ ਸਰਲ, ਸਿੱਧਾ, ਸੌਖਾ ਸੱਚਾ ਪੰਥ ਸੁਝਾਇਆ; ਤਿਰਸਕ੍ਰਿਤ ਮਾਤਰੀ ਸ਼ਕਤੀ ਦੇ ਉਤਾਂਹ ਉੱਠਣ ਅਤੇ ਸਨਮਾਨ ਵਿਚ ਤਾਂ ਰਾਸ਼ਟਰ ਨਿਰਮਾਣ ਦਾ ਗੌਰਵਸੰਪੰਨ ਮਾਰਗ ਦਿਖਲਾਇਆ; ਪਦ-ਦਲਿਤ, ਲਤਾੜੇ ਹੋਏ ਮਾਨਵ ਵਰਗ ਦੇ ਉਧੱਾਰ ਕਰਨ ਦੀ ਤਾਕੀਦ ਕੀਤੀ। ਸ੍ਵਦੇਸ਼, ਸ੍ਵਦੇਸ਼ੀ, ਸ੍ਵਧਰਮ, ਸਵਤੰਤ੍ਰਤਾ, ਸਵਾਧੀਨਤਾ ਦਾ ਪਾਠ ਪੜ੍ਹਾਇਆ ਅਤੇ ਮਾਨਵ-ਸਮਾਜ ਵਿਚ ਉਚ-ਨੀਚ ਦੀ ਭੇਦ-ਭਾਵਨਾ ਨੂੰ ਮਿਟਾਕੇ ਦੇਸ਼, ਕਾਲ, ਪ੍ਰਾਂਤ

ਭਾਸ਼ਾ ਦੀਆਂ ਨਾ ਟੁੱਟਣ ਵਾਲੀਆਂ ਕੰਧਾਂ ਨੂੰ ਢਾਹ ਤੇ ਗਿਰਾ ਕੇ ਵਿਸ਼ਵ-ਬੰਧੁਤਵ ਦਾ ਉੱਚਾ ਆਦਰਸ਼ ਅਸਾਡੇ ਸਾਹਮਣੇ ਖੜਾ ਕਰ ਦਿੱਤਾ। ਏਸ ਲਈ ਆਉ ਹ੍ਰਿਦਯ ਤੋਂ ਨਾਰਾ ਲਗਾਈਏ—

**ਮੂਕੰ ਕਰੋਤਿ ਵਾਚਾਲੰ ਪੰਗੁੰ ਲੰਘਯਤੇ ਗਿਰਿ**
**ਬਤ ਕ੍ਰਿਪਾ ਤਮਹੰਵੰਦੇ-ਦਯਾਨੰਦ ਰਿਸ਼ੀਸ਼ਵਰੰ ॥ ਅਥਵਾ**
**ਮੂਕ ਹੋਇ ਵਾਚਾਲ ਪੰਗੁ ਚੜਹਿ ਗਿਰਿਵਰ ਗਹਨ**
**ਜਾਸੁ ਕ੍ਰਿਪਾ ਸੁਦਿਆਲ ਦਯਾਵਿ ਦਨੁਤਾ ਦਲਨ ॥**

ਪਾਠਕ ਸੱਜਣੋਂ! ਆਰਯ ਸਮਾਜ ਦੇ ਅਜਿਹੇ ਸਣ ਮੋਢੀ ਸਵਾਮੀ ਦਯਾਨੰਦ ਸਰਸਵਤੀ, ਜਿਨ੍ਹਾਂ ਦੇ ਪ੍ਰਾਰੰਭਕ ਜੀਵਨ ਦੀ ਗਾਥਾ ਅਗਲੇ ਪੰਨਿਆਂ ਵਿੱਚ ਅੰਕਿਤ ਕਰਨ ਦਾ ਇਕ ਨਿੱਕਾ ਜਿਹਾ ਜਤਨ ਕੀਤਾ ਗਿਆ ਹੈ। ਉਹਨਾਂ ਦੇ ਜਨਮ ਸੰਮਤ 1881 ਵਿਕ੍ਰਮੀ ਮੁਤਾਬਿਕ ਸੰਨ 1824 ਤੋਂ ਲੈਕੇ ਸੰਮਤ 1911 ਮੁਤਾਬਿਕ ਸੰਨ 1854 ਤਕ ਦੀਆਂ ਘਟਨਾਵਾਂ ਆਮ ਤੌਰ ਤੇ ਉਹਨਾਂ ਦੁਆਰਾ ਥਿਓਸੋਫਿਕਲ ਸੋਸਾਇਟੀ ਨੂੰ ਸੁਣਾਏ ਆਪ ਲਿਖਿਤ ਜੀਵਨ ਚਰਿਤਰ ਦੇ ਆਧਾਰ ਤੇ ਅਤੇ ਸੰਮਤ 1911 ਮੁਤਾਬਿਕ ਸਨ 1854 ਤੋਂ ਸੰਮਤ 1917 ਮੁਤਾਬਿਕ ਸਨ 1860 ਤਕ ਨਵੀਆਂ ਖੋਜਾਂ ਦੇ ਆਧਾਰ ਤੇ ਦਰਜ ਕੀਤੀਆਂ ਗਈਆਂ ਹਨ। ਇਸ ਤੋਂ ਛੁੱਟ ਸਵਾਮੀ ਜੀ ਦੀ ਜਨਮ ਸਾਖੀ ਦੇ ਪਿਛਲੇ ਹਿੱਸੇ ਸੰਮਤ 1918 ਮੁਤਾਬਿਕ ਸੰਨ 1861 ਤੋਂ ਲੈਕੇ ਜਦ ਕਿ ਆਪ ਨੇ ਧਰਮ ਪ੍ਰਚਾਰ ਆਰੰਭ ਕੀਤਾ) ਸੰਮਤ 1940 ਤਕ (ਜਦ ਕਿ ਸਵਾਮੀ ਜੀ ਇਹ ਕਹਿ ਕੇ ਕਿ "ਭਗਵਾਨ ਤੇਰੀ ਇਛਾ ਪੂਰਨ ਹੋ" ਆਪਣੀ ਜੀਵਨ ਲੀਲਾ ਸਮਾਪਤ ਕਰ ਗਏ ਸਨ) ਉੱਤਰਾਰਧ ਦੇ ਰੂਪ ਵਿਚ ਲੋੜ ਪੈਣ ਤੇ ਪ੍ਰਕਾਸ਼ਿਤ ਕੀਤਾ ਜਾਵੇਗਾ। ਪਿੱਛੇ ਜਾ ਕੇ ਕੁਝ ਅਡਰੇ-ਅਡਰੇ ਸਿਰਲੇਖਾਂ ਹੇਠਾਂ ਕੁਝ ਇਕ ਜੀਵਨ ਘਟਨਾਂ ਲਿਖੀਆਂ ਗਈਆਂ ਹਨ। ਅਸਾਨੂੰ ਆਸ ਹੀ ਨਹੀਂ ਪੂਰਣ ਭਰੋਸਾ ਹੈ ਕਿ ਪਾਠਕ ਸੱਜਣ ਇਸ ਸੰਖਿਪਤ ਜਿਹੇ ਵਰਣਨ ਤੋਂ ਲਾਭ ਉਠਾਉਣਗੇ।

ਦਾਸਾਂ ਦਾ ਦਾਸ
ਪਿੰਡੀਦਾਸ ਗਿਆਨੀ

ਓ੩ਮ

## ਆਰੀਆ ਸਮਾਜ ਦੇ ਪਰਵਰਤਕ

# ਮਹਾਰਿਸ਼ੀ ਦਯਾਨੰਦ ਸਰਸਵਤੀ ਜੀ ਦੀ

## ਸੰਖੇਪ

# ਜਨਮ-ਸਾਖੀ

**ਜਨਮ ਸਥਾਨ—**

ਭਾਰਤ ਦੇ ਪੱਛਮੀ ਸਾਗਰ ਦੇ ਕੰਢੇ ਤੇ ਸੌਰਾਸ਼ਟਰ ਨਾਉਂ ਦੇ ਰਾਜ ਦੇ ਅੰਤਰਗਤ ਮੌਰਵੀ (ਮਯੂਰਭੁਜਪੁਰੀ) ਰਿਆਸਤ ਵਿੱਚ ਡੇਮੀ ਨਦੀ ਦੇ ਕਿਨਾਰੇ ਤੇ 'ਟੰਕਾਰਾ' ਨਾਮ ਦਾ ਇਕ ਕਸਬਾ ਆਬਾਦ ਹੈ। ਇਹਦੀ ਵਸੋਂ 1871 ਵਿਚ 4903 ਅਤੇ 1881 ਵਿਚ 5724 ਸੀ। ਇਹਦੇ ਜੀਵਾਪੁਰ ਮੁਹੱਲੇ ਵਿਚ, ਰਾਜ ਮਹਲ ਤੋਂ ਥੋੜੀ ਹੀ ਵਿੱਥ ਤੇ, ਸਾਮ ਵੇਦੀ ਉਦੀਚ ਬ੍ਰਾਹਮਣ ਕਰਸਨ ਜੀ ਲਾਲ ਜੀ ਤਿਵਾੜੀ ਰਹਿੰਦਾ ਹੁੰਦਾ ਸੀ।

ਪੁਰਾਣੇ ਸਮੇਂ ਵਿਚ ਅਨ੍ਹਲਵਾੜ੍ਹਾ ਦੇ ਰਾਜਾ ਸ੍ਰੀ ਮੂਲਰਾਜ ਸੋਲੰਕੀ ਨੇ ਉੱਤਰੀ ਭਾਰਤ (ਉਦੀਚੀ-ਉੱਤਰ ਦਿਸ਼ਾ ਉਥੋਂ ਦੇ ਵਸਨੀਕ ਉਦੀਚ) ਵਿੱਚੋਂ ਇਕ ਹਜ਼ਾਰ ਸ਼ੁੱਧ ਚਰਿਤ੍ਰ ਵਾਲੇ ਵੇਦ-ਵੇਦਾਂਗ ਦੇ ਵਿਦਵਾਨ ਬ੍ਰਾਹਮਣਾਂ ਨੂੰ ਲਿਆਕੇ ਆਪਣੇ ਰਾਜ ਵਿਚ ਵਸਾਇਆ ਸੀ।

ਕਰਸਨ ਜੀ ਲਾਲ ਜੀ ਸ਼ਾਹੂਕਾਰੇ (ਲੈਣ ਦੇਣ) ਦਾ ਕੰਮ ਕਰਦਾ ਸੀ। ਜ਼ਿਮੀਂਦਾਰੀ ਦਾ ਖ਼ਾਨਦਾਨੀ ਕਿੱਤਾ ਵੀ ਚਲਦਾ ਸੀ। ਰਾਜ-ਦਰਬਾਰ ਵਿਚ ਵੀ ਚੰਗੀ ਪੁੱਛ ਸੀ। ਸਰਕਾਰੀ ਮਾਮਲੇ ਉਗ੍ਰਾਹੁਣ ਕਰਕੇ ਜ਼ੁੰਮੇਦਾਰ ਵੀ ਅਖਵਾਉਂਦਾ ਸੀ।

**ਪੁਤਰ ਦਾ ਜਨਮ**—ਵਿਕਰਮੀ ਸੰਮਤ 1881 ਮੁਤਾਬਿਕ ਈਸਵੀ ਸੰਨ 1824 ਦੇ ਸ਼ੁਭ ਦਿਹਾੜੇ ਆਪਦੇ ਘਰ ਇਕ ਪੁਤਰ ਰਤਨ ਦਾ ਜਨਮ ਹੋਇਆ। ਉਸਦਾ ਨਾਉਂ ਮੂਲ ਜੀ ਰੱਖਿਆ ਗਿਆ। ਇਹੋ ਬਾਲਕ ਵੱਡਾ ਹੋ ਕੇ ਪਹਿਲੇ ਬ੍ਰਹਮਚਾਰੀ ਸ਼ੁੱਧ ਚੈਤਨਯ ਅਤੇ ਪਿੱਛੋਂ ਸਨਿਆਸੀ ਬਣ ਕੇ **ਸ੍ਵਾਮੀ ਦਯਾਨੰਦ ਸਵਰਵਤੀ** ਦਾ ਨਾਉਂ ਧਾਰਣ ਕਰਕੇ ਆਰੀਆ ਸਮਾਜ ਦੇ ਮੋਢੀ ਦੇ ਰੂਪ ਵਿਚ ਸੰਸਾਰ ਭਰਦੇ ਉੱਘੇ ਮਹਾਂਪੁਰਖਾਂ ਵਿਚ ਗਿਣਿਆ ਜਾਣ ਲੱਗਾ।

ਮੂਲ ਜੀ ਦੇ ਦੋ ਭਰਾ ਤੇ ਦੋ ਭੈਣਾਂ ਸਨ। ਇਕ ਭਰਾ ਵਲਭ ਜੀ ਦੀ ਸ਼ਾਦੀ ਤੋਂ ਦੋ ਹੀ ਮਹੀਨੇ ਪਿੱਛੋਂ ਮੌਤ ਹੋ ਗਈ ਸੀ। ਇੱਕ ਛੋਟੀ ਭੈਣ ਮੂਲ ਜੀ ਦੇ ਘਰੋਂ ਨਿਕਲ ਜਾਣ ਤੋਂ ਪਹਿਲੇ ਹੀ ਹੈਜ਼ੇ ਨਾਲ ਚਲਾਣਾ ਕਰ ਗਈ ਸੀ। ਦੂਜੀ ਭੈਣ ਦਾ ਵਿਆਹ ਮੰਗਲ ਜੀ ਲੀਲਾ ਰਾਵਲ ਨਾਲ ਹੋਇਆ ਸੀ। ਉਹਦਾ ਪੜੋਤਾ ਪ੍ਰਭਾਸ਼ੰਕਰ ਰਾਵਲ ਸੀ। ਕਰਸਨ ਜੀ ਲਾਲ ਜੀ ਦੀ ਸੰਪੱਤੀ ਦਾ ਵਾਰਸ ਇਹੋ ਬਣਿਆ ਸੀ ਅਤੇ ਟੰਕਾਰੇ ਵਾਲੇ ਮਕਾਨ ਵਿਚ ਆ ਵੱਸਿਆ ਸੀ।

**ਵਿਦਿਆ ਦਾ ਆਰੰਭ**—ਸ੍ਵਾਮੀ ਦਯਾਨੰਦ ਜੀ ਨੇ ਆਪਣੀ ਜੀਵਨ-ਕਥਾ ਸੁਣਾਉਂਦੇ ਹੋਏ ਦਸਿਆ ਸੀ—"ਜਦ ਮੇਰੀ ਉਮਰ ਪੰਜਾਂ ਸਾਲਾਂ ਦੇ ਕਰੀਬ ਸੀ, ਓਦੋਂ ਹੀ ਮੈਂ ਦੇਵ ਨਾਗਰੀ ਅੱਖਰ ਸਿੱਖਣੇ ਆਰੰਭ ਕਰ ਦਿਤੇ ਸੀ। ਤਦ ਤੋਂ ਹੀ ਮੇਰੇ ਮਾਤਾ-ਪਿਤਾ ਅਤੇ ਹੋਰ ਵੱਡੇ-ਵਡੇਰੇ ਕੁਲ ਦੀ ਰੀਤਿ ਅਨੁਸਾਰ ਮੈਨੂੰ ਸਿਖਿਆ ਦੇਣ ਲੱਗ ਪਏ। ਇਸੇ ਦੇ ਸਦਕੇ ਮੈਂ ਬਹੁਤ ਸਾਰੇ ਸ਼ਲੋਕ ਅਤੇ ਮੰਤਰ ਜ਼ਬਾਨੀ ਯਾਦ ਕਰ ਲਏ। ਅੱਠਾਂ ਵਰ੍ਹਿਆਂ ਦੀ ਆਰਬਲਾ ਹੋਣ ਤੇ ਮੈਨੂੰ ਜਨੇਊ ਪਹਿਨਾਇਆ ਗਿਆ। ਤੇ ਮੇਰੀ ਉਚੇਰੀ ਵਿਦਿਆ ਆਰੰਭ ਹੋ ਗਈ। ਤੇ ਹੁਣ ਗਾਇਤਰੀ ਜਾਪ ਅਤੇ ਸੰਧਿਆ ਦੇ ਨਾਲ ਹੀ ਸ਼ੁਕਲ ਯਜੁਰਵੇਦ ਕੰਠ ਕਰਾਇਆ ਗਿਆ।"

**ਸ਼ਿਵ ਪੂਜਨ ਦਾ ਆਦੇਸ਼**—ਮੂਲ ਜੀ ਅਜੇ ਦਸਾਂ ਹੀ ਸਾਲਾਂ ਦਾ ਸੀ ਕਿ ਸ਼ਿਵ ਭਗਤ ਪਿਤਾ ਨੇ ਸ਼ਿਵ ਪੂਜਨ ਦਾ ਆਦੇਸ਼-ਉਪਦੇਸ਼ ਦੇ ਦਿੱਤਾ। ਤੇਰ੍ਹਵੇਂ ਸਾਲ ਵਿਚ ਕਰਸਨ ਜੀ ਨੇ ਮੂਲ ਜੀ ਨੂੰ ਸ਼ਿਵਰਾਤ੍ਰੀ ਬ੍ਰਤ ਰੱਖਣ ਅਤੇ ਰਾਤ ਭਰ

ਜਗਰਾਤਾ ਕਰਨ ਦਾ ਹੁਕਮ ਦੇ ਦਿੱਤਾ। ਇਸ ਦੇ ਅਨੁਸਾਰ ਆਪ ਨੂੰ ਜੜੇਸ਼੍ਵਰ ਮਹਾਦੇਵ ਦੇ ਮੰਦਿਰ ਵਿਚ ਚਾਰ ਪਹਿਰ ਦੀ ਪੂਜਾ ਦੀ ਕਰੜੀ ਆਗਿਯਾ ਮਿਲ ਗਈ। ਮੂਲ ਜੀ ਦੀ ਮਮਤਾ ਦੀ ਮਾਰੀ ਮਾਤਾ ਨੇ ਇਹਦਾ ਘੋਰ ਵਿਰੋਧ ਕੀਤਾ ਪਰ ਡਾਢੇ ਪਿਤਾ ਨੇ ਉਹ ਦੀ ਇਕ ਨਹੀਂ ਸੁਣੀ।

**ਸ਼ਿਵ ਰਾਤਰੀ ਦਾ ਬਰਤ**—ਚੌਦੇਂ-ਮਸਿੱਆ ਦੀ ਕਾਲੀ ਰਾਤ ਦੇ ਅਨ੍ਹੇਰੇ ਪੂਜਾ ਕਰਦੇ ਪੁਜਾਰੀ, ਸ਼ਿਵ ਜੀ ਦੇ ਭਗਤ, ਸ਼ਿਵ ਰਾਤਰੀ ਬਰਤ ਰੱਖਣ ਵਾਲੇ ਮਾਈ ਭਾਈ ਅਤੇ ਖੁਦ ਕਰਸਨ ਜੀ ਲਾਲ ਜੀ ਇਕ-ਇੱਕ ਕਰਕੇ ਆਪੋ-ਆਪਣੇ ਆਸਣਾਂ ਤੇ ਟੇਢੇ ਹੁੰਦੇ ਅਤੇ ਨਾਲੋ-ਨਾਲ ਸੌਂਦੇ ਗਏ। ਅੱਗੇ ਕੀ ਹੋਇਆ ਉਹ ਅਸੀਂ ਮੂਲ ਜੀ ਦੇ ਆਪਣੇ ਸ਼ਬਦਾਂ ਵਿਚ ਹੀ ਵਰਣਨ ਕਰਨਾ ਉੱਚਿਤ ਸਮਝਦੇ ਹਾਂ—"ਜਦ ਮੈਂ ਮੰਦਿਰ ਵਿਚ ਇਕੱਲਾ ਜਾਗ ਰਿਹਾ ਸਾਂ ਤਾਂ ਕਈ ਚੂਹੇ ਖੁੱਡਾਂ 'ਚੋਂ ਬਾਹਿਰ ਨਿਕਲਕੇ ਮਹਾਂਦੇਵ ਦੀ ਪਿੰਡੀ ਦੇ ਉੱਪਰ ਦੌੜਨ ਲੱਗੇ ਅਤੇ ਵਿੱਚ-ਵਿੱਚ ਮਹਾਦੇਵ ਦੇ ਉੱਪਰ ਜਿਹੜੇ ਚਾਵਲ ਚੜ੍ਹਾਏ ਗਏ ਸਨ, ਉਨ੍ਹਾਂ ਨੂੰ ਖਾਣ ਲੱਗੇ। ਮੈਂ ਜਾਗਦਾ ਰਹਿਕੇ ਚੂਹਿਆਂ ਦੇ ਏਸ ਕੰਮ ਨੂੰ ਦੇਖਣ ਲੱਗਾ। ਵੇਖਦਿਆਂ ਵੇਖਦਿਆਂ ਮੇਰੇ ਮਨ ਵਿਚ ਆਇਆ ਕਿ ਇਹ ਕੀ-ਹੈ ? ਜਿਸ ਮਹਾਂਦੇਵ ਦੀ ਸ਼ਾਂਤ ਮੂਰਤੀ ਦੀ ਕਥਾ, ਜਿਸ ਮਹਾਂਦੇਵ ਦੇ ਪਾਸ਼ੂਪਤਿ ਅਸਤ੍ਰ ਦੀ ਕਥਾ ਅਤੇ ਜਿਸ ਮਹਾਦੇਵ ਦੇ ਵਿਸ਼ਾਲ ਬੈਲ ਤੇ ਚੜ੍ਹਨ ਦੀ ਕਥਾ ਪਿਛਲੇ ਦਿਨ ਬਰਤ ਦੇ ਸਿਲਸਿਲੇ ਵਿਚ ਸੁਣੀ ਸੀ, ਕੀ ਉਹ ਮਹਾਦੇਵ ਵਾਸਤਵ ਵਿਚ ਇਹੋ ਹੈ ? ਏਦਾਂ ਮੈਂ ਚਿੰਤਾ ਵਿਚ ਡੁੱਬ ਗਿਆ। ਮੈਂ ਸੋਚਿਆ ਕਿ ਜੇ ਇਹ ਉਹੋ ਪ੍ਰਤਾਪੀ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਮਹਾਦੇਵ ਹੈ ਤਾਂ ਇਹ ਆਪਣੇ ਉੱਤੋਂ ਇਹਨਾਂ ਨਗੂਣੇ ਚੂਹਿਆਂ ਨੂੰ ਕਿਉਂ ਨਹੀਂ ਮਾਰ ਭਜਾਉਂਦਾ ? ਡੂੰਘੀ ਚਿੰਤਾ ਦੇ ਕਾਰਣ ਮੇਰਾ ਸਿਰ ਚਕਰਾਉਣ ਲੱਗ ਪਿਆ। ਮੈਂ ਆਪਣੇ ਆਪ ਤੋਂ ਪੁੱਛਣ ਲੱਗਾ ਕਿ ਜਿਹੜੇ ਸ਼ੰਕਰ ਚੱਲਦੇ-ਫਿਰਦੇ, ਖਾਂਦੇ-ਪੀਂਦੇ, ਸੌਂਦੇ ਜਾਗਦੇ, ਵਰ-ਸ਼ਾਪ ਦਿੰਦੇ, ਹੱਥ ਵਿੱਚ ਤ੍ਰਿਸ਼ੂਲ ਧਾਰਣ ਕਰਦੇ, ਡੌਰੂ ਵਜਾਉਂਦੇ ਅਤੇ ਰਾਖਸ਼ਾਂ ਦਾ ਨਾਸ਼ ਕਰਦੇ ਹਨ, ਕੀ ਇਹੋ ਬੈਲ ਸਵਾਰ ਦੇਵਤਾ ਹਨ, ਜਿਹੜੇ ਏਹ ਮੇਰੇ ਸਾਹਮਣੇ ਹਨ ?"

ਮਨ ਵਿੱਚ ਅਜਿਹੀਆਂ ਅਨੇਕ ਸ਼ੰਕਾਂ ਉਤਪੰਨ ਹੋਣ ਤੇ ਮੂਲ ਜੀ ਨੇ ਆਪਣੇ ਪਿਤਾ ਜੀ ਨੂੰ ਡੂੰਘੀ ਨੀਂਦੋਂ ਜਗਾ ਕੇ, ਆਪਣੇ ਮਨ ਦੀ ਵਿੱਥਿਆ ਉਹਨਾਂ ਦੇ

ਸਾਮ੍ਹਣੇ ਰੱਖਕੇ ਤਸੱਲੀ ਕਰਾਉਣ ਦੀ ਬੇਨਤੀ ਕੀਤੀ । ਕਰਸਨ ਜੀ ਨੇ ਆਪਣੇ ਅਬੋਧ ਬਾਲਕ ਦਾ ਮਨ ਪਰਚਾਵਾ ਕਰਨ ਦਾ ਜਤਨ ਕੀਤਾ ਪਰ ਮੂਲ ਜੀ ਨੂੰ ਸੰਤੋਖ ਨਹੀਂ ਹੋ ਸਕਿਆ । ਜਿਗਿਆਸੂ ਬਾਲਕ ਨੇ ਮਨ-ਹੀ-ਮਨ ਦ੍ਰਿੜ੍ਹ ਸੰਕਲਪ ਕਰ ਲਿਆ ਕਿ ਹੁਣ ਤਾਂ ਏਸ ਨਕਲੀ ਮਹਾਦੇਵ ਦਾ ਲੜ ਛੱਡ ਕੇ ਅਸਲੀ ਕਲਿਆਣ-ਕਾਰੀ ਸ਼ਿਵ ਜੀ ਨੂੰ ਪ੍ਰਾਪਤ ਕਰਕੇ ਹੀ ਉਸੇ ਦਾ ਪੂਜਨ ਕਰਾਂਗਾ । ਉਸੇ ਵੇਲੇ ਆਪਣੇ ਪਿਤਾ ਜੀ ਦੀ ਰਜ਼ਾ ਨਾਲ ਮੂਲ ਜੀ ਘਰ ਚਲਾ ਗਿਆ । ਮਾਂ ਨੇ ਉਹਦੇ ਘਰ ਪੁੱਜਣ ਤੇ ਪਿਆਰ ਨਾਲ ਉਹਦਾ ਮੂੰਹ-ਸਿਰ ਚੁੰਮਿਆ ਅਤੇ ਸਾਰੇ ਦਿਨ ਦੇ ਭੁੱਖੇ-ਭਾਣੇ ਆਪਣੇ ਲਾਡਲੇ ਲਾਲ ਨੂੰ ਮਠਿਆਈ ਖੁਆ ਕੇ ਸੁਆ ਦਿੱਤਾ । ਮੂਲ ਜੀ ਨੇ ਬ੍ਰਤ ਭੰਗ ਕਰ ਦਿੱਤਾ ਹੈ, ਇਹ ਸੁਣ ਕੇ ਕਰਸਨ ਜੀ ਬਹੁਤ ਲਾਲ-ਪੀਲੇ ਹੋਏ ਅਤੇ ਮਾਂ-ਪੁੱਤ ਦੋਹਾਂ ਦੀ ਚੰਗੀ ਝਾੜ-ਝਪਾੜ ਕੀਤੀ ।

**ਨਿੱਕੀ ਭੈਣ ਦਾ ਅਕਾਲ ਚਲਾਣਾ**—ਇਕ ਦਿਨ ਅਜਿਹਾ ਭਾਣਾ ਵਰਤਿਆ ਕਿ ਮੂਲ ਜੀ ਦੀ ਚੌਦਾਂ ਵਰ੍ਹਿਆਂ ਦੀ ਨਿੱਕੀ ਭੈਣ ਹੈਜ਼ੇ ਨਾਲ ਬੀਮਾਰ ਪੈ ਗਈ ਅਤੇ ਘਰੇਲੂ ਓਹੜ-ਪੋਹੜ ਅਤੇ ਡਾਕਟਰੀ ਇਲਾਜ ਕਰਨ ਦੇ ਬਾਵਜੂਦ ਓਹਨੂੰ ਬਚਾਇਆ ਨਹੀਂ ਜਾ ਸਕਿਆ । ਮੂਲ ਜੀ ਨੇ ਇਹ ਪਹਿਲੀ ਮੌਤ ਵੇਖੀ ਸੀ, ਉਹ ਠਠੰਬਰ ਕੇ ਨਿੰਮੋਝੂਣਾ ਹੋਇਆ, ਪੱਥਰ ਦੀ ਮੂਰਤੀ ਵਾਂਗ ਜਿੱਥੇ ਸੀ ਉਥੇ ਦਾ ਉਥੇ ਹੀ ਖੜਾ ਰਿਹਾ । ਅੱਖਾਂ ਵਿਚੋਂ ਇਕ ਵੀ ਹੰਝੂ ਨਹੀਂ ਕੇਰਿਆ; ਘਰ ਵਾਲਿਆਂ ਨੇ ਉਹਨੂੰ ਪੱਥਰ-ਦਿਲ ਵੀ ਕਿਹਾ ਪਰ ਉਹ ਟੱਸ ਤੋਂ ਮੱਸ ਨਹੀਂ ਹੋਇਆ ।

**ਪੂਰਣ ਵੈਰਾਗਯ ਦੀ ਉਤਪੱਤੀ**—ਸੰਮਤ 1899 ਵਿਚ ਜਦ ਮੂਲ ਜੀ 19 ਵਰ੍ਹਿਆਂ ਦੇ ਸਨ । ਉਹਨਾਂ ਦਾ ਪਰਮ ਪਿਆਰਾ ਚਾਚਾ, ਜਿਹੜਾ ਆਪ ਨੂੰ ਬਹੁਤ ਲਾਡ ਲਡਾਉਂਦਾ ਹੁੰਦਾ ਸੀ ਹੈਜ਼ਾ ਹੋ ਜਾਣ ਦੇ ਕਾਰਣ ਹੀ ਪਰਲੋਕ ਸਧਾਰ ਗਿਆ । ਮੂਲ ਜੀ ਜਿਹੜੇ ਭੈਣ ਦੀ ਮੌਤ ਤੇ ਬਿਲਕੁਲ ਰੋਏ-ਕੁਰਲਾਏ ਨਹੀਂ ਸਨ, ਹੁਣ ਉਹਨਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ । ਬੁੱਭਾਂ ਮਾਰ-ਮਾਰ ਕੇ ਰੋਏ, ਪਰੰਤੂ ਸ਼ਰੀਰਾਂ ਦੇ ਨਾਸ਼ਵਾਨ ਹੋਣ ਦਾ ਸਾਖਿਆਤ ਨਜ਼ਾਰਾ ਵੇਖ ਕੇ ਸਾਰਾ ਸੰਸਾਰ ਹੀ ਉਹਨਾਂ ਨੂੰ ਨਾਸ਼ਵਾਨ ਭਾਸਣ ਲੱਗ ਪਿਆ ਅਤੇ ਉਹਨਾਂ ਨੇ ਇਸ ਤੋਂ ਬਚਣ ਦਾ ਕੁਝ ਉਪਰਾਲਾ ਲੱਭਣ ਦਾ ਪੱਕਾ ਯਕੀਨ ਕਰ ਲਿਆ । ਆਪ ਹਰ ਵੇਲੇ, ਹਰ ਕਿਸੇ ਨਾਲ ਵੈਰਾਗ ਅਤੇ, ਉਦਾਸੀ ਦੀਆਂ ਗੱਲਾਂ ਕਰਨ ਲੱਗ ਗਏ । ਮੂਲ ਜੀ ਦੀ ਮਿਤ੍ਰ-ਮੰਡਲੀ ਕੋਲੋਂ ਇਹ ਭੇਦ ਗੁੱਝਾ ਨ ਰਹਿ ਸਕਿਆ, ਅਤੇ ਉਹਨਾਂ ਦੇ ਢਿੱਡ ਵਿਚ

ਇਹ ਗੁੱਝੀ ਗਲ ਨਾ ਸਮਾ ਸਕੀ। ਉਹਨਾਂ ਆਪਣੀ ਪਹਿਲੀ ਫੁਰਸਤ ਵਿਚ ਸਾਰੀ ਗਲਬਾਤ ਕਰਸਨ ਜੀ ਦੇ ਕੰਨੀਂ ਪਾ ਦਿੱਤੀ। ਉਹ ਸੁਣਕੇ ਬੜੇ ਦੁਖੀ ਹੋਏ ਅਤੇ ਪੁਤਰ ਦੇ ਵਿਆਹ ਦੇ ਬਾਨ੍ਹਣ ਬਨ੍ਹਣ ਲਗ ਪੇਈ।

**ਵਿਦਿਆ ਪ੍ਰਾਪਤੀ ਦੀ ਸਿੱਕ**—ਸੰਮਤ 1900 ਵਿਚ ਵੀਹਾਂ ਵਰ੍ਹਿਆਂ ਦੀ ਆਰਬਲਾ ਹੋਣ ਤੇ ਮੂਲ ਜੀ ਨੇ ਕਾਸ਼ੀ ਜਾਕੇ ਵਿਦਯਾ ਪ੍ਰਾਪਤੀ ਦੀ ਅਭਿਲਾਖ ਆਪਣੇ ਮਾਪਿਆਂ ਅੱਗੇ ਪ੍ਰਗਟ ਕੀਤੀ; ਪਰ ਐਡੀ ਦੂਰ ਆਪਣੇ ਪੁਤਰ ਨੂੰ ਭੇਜਣ ਦਾ ਹੀਆ ਨ ਪਿਆ, ਇਹਦੀ ਇਜਾਜ਼ਤ ਨਹੀਂ ਮਿਲੀ। ਟੰਕਾਰਾ ਤੋਂ ਤਿੰਨਾਂ ਕੋਹਾਂ ਦੀ ਵਿੱਥ ਤੇ ਇਕ ਪੰਡਿਤ ਕੋਲ ਜਾ ਕੇ ਪੜ੍ਹਨ ਦਾ ਪ੍ਰਸਤਾਵ ਰਖਿਆ ਤਾਂ ਇਹ ਮਨਜ਼ੂਰ ਹੋ ਗਿਆ, ਪਰ ਵਿਆਹ ਦੇ ਪੁਆੜੇ ਵਿੱਚ ਫਸਣ ਦੀ ਤਾਂ ਆਪ ਦੀ ਬਿਲਕੁਲ ਮਰਜ਼ੀ ਨਹੀਂ ਸੀ। ਇਸ ਕਰਕੇ ਚੁਪ-ਚੁਪੀਤੇ ਘਰੋਂ ਨਿਕਲ ਜਾਣ ਅਤੇ ਫੇਰ ਮੁੜਕੇ ਕਦੀ ਵੀ ਏਧਰ ਵੱਟੀ ਨ ਵਾਹੁਣ ਦਾ ਆਪ ਨੇ ਪੱਕਾ ਨਿਸ਼ਚਾ ਕਰ ਲਿਆ।

**ਗ੍ਰਹਿ ਤਿਆਗ**—ਸੰਮਤ 1903 ਵਿੱਚ ਜਦ ਆਪ ਦੀ ਉਮਰ ਬਾਈਵੇਂ ਵਰ੍ਹੇ ਵਿੱਚ ਪਹੁੰਚ ਗਈ ਸੀ ਇੱਕ ਦਿਨ ਮੂਲ ਜੀ ਬਗੈਰ ਕਿਸੇ ਨੂੰ ਸੂਚਨਾ ਦਿੱਤੇ, ਘਰੋਂ ਨਿਕਲ ਖਲੋਤੇ। ਪਹਿਲੀ ਰਾਤ ਪਿੰਡੋਂ ਅੱਠ ਮੀਲਾਂ ਦੀ ਵਾਟ ਤੇ ਜਾ ਕੇ ਕੱਟੀ। ਦੂਜੇ ਦਿਨ ਤੜਕ-ਸਾਰ ਇਕ ਪਹਿਰ ਰਾਤ ਰਹਿੰਦੇ ਉੱਢੇ ਅਤੇ ਤੀਹ ਮੀਲ ਦੀ ਮੰਜ਼ਿਲ ਮਾਰ ਕੇ ਇੱਕ ਪਿੰਡ ਦੇ ਹਨੂਮਾਨ ਮੰਦਿਰ ਵਿੱਚ ਜਾ ਬਿਰਾਜੇ। ਰਾਹ ਵਿਚ ਇੱਕ ਬੈਰਾਗੀ ਬਾਬਾ ਨੇ ਮੂਰਤੀ ਜਮਾ ਰੱਖੀ ਸੀ, ਉਹਨੇ ਮੂਲ ਜੀ ਨੂੰ ਭੁਚਲਾ ਕੇ ਕੁਝ ਨਕਦੀ, ਕੁੱਝ ਕਪੜੇ ਅਤੇ ਸੋਨੇ ਦੀਆਂ ਤਿੰਨ ਛਾਪਾ ਠੱਗ ਲਈਆਂ। ਅੱਗੇ ਜਾ ਕੇ ਇੱਕ ਬ੍ਰਹਮਚਾਰੀ ਦੇ ਕਹਿਣ ਤੇ ਬ੍ਰਹਮਚਰਜ ਦੀ ਦੀਖਿਆ ਲੈ ਕੇ ਆਪਣਾ ਨਾਉਂ ਸ਼ੁੱਧ ਚੈਤਨਯ ਰਖਵਾਇਆ ਅਤੇ ਬ੍ਰਹਮਚਰੀਆਂ ਦਾ ਬਾਣਾ ਧਾਰ ਕੇ ਅਗਾਂਹ ਤੁਰ ਪਏ।

**ਜੋਗੀਆਂ ਦੀ ਭਾਲ**—ਸਿੱਧ ਪੁਰਖਾਂ ਅਤੇ ਜੋਗੀਆਂ ਦੀ ਭਾਲ ਵਿੱਚ ਆਪ ਪਹਿਲੇ ਦਿਨ ਤੋਂ ਹੀ ਉਤਾਵਲੇ ਹੋ ਰਹੇ ਸਨ। ਕਿਧਰੋਂ ਇਹ ਗਲ ਕੰਨ ਪੈ ਗਈ ਕਿ ਛੇਤੀ ਹੀ ਹੋਣ ਵਾਲੇ ਸਿੱਧਪੁਰ ਦੇ ਮੇਲੇ ਤੇ ਅਨੇਕ ਜੋਗੀਆਂ ਦਾ ਇਕੱਠ ਹੁੰਦਾ ਹੈ, ਬਸ ਲੰਮੀਆਂ ਵਾਟਾਂ ਮਾਰਕੇ ਆਪ ਸਿੱਧ ਪੁਰ ਜਾ ਪੁੱਜੇ। ਮਾਰਗ ਵਿੱਚ ਆਪ ਨੂੰ ਇਕ

ਪੁਰਾਣਾ ਜਾਣੂ ਵੈਰਾਗੀ ਬਾਬਾ ਮਿਲ ਗਿਆ, ਜਿਸਨੇ ਟੰਕਾਰਾਂ ਜਾਕੇ ਕਰਸਨ ਜੀ ਨੂੰ ਦੱਸਿਆ ਕਿ ਤੁਹਾਡਾ ਪੁੱਤਰ ਮੂਲ ਜੀ ਬ੍ਰਹਮਚਾਰੀ ਦੇ ਭੇਸ ਵਿੱਚ ਸਿੱਧਪੁਰ ਦੇ ਮੇਲੇ ਵੱਲ ਜਾਂਦਾ ਮੈਨੂੰ ਮਿਲਿਆ ਸੀ।

**ਪਿਤਾ ਜੀ ਨਾਲ ਆਖਿਰੀ ਮੁਲਾਕਾਤ**—ਘਰ ਵਾਲੇ ਅੱਗੇ ਹੀ ਮੂਲ ਜੀ ਨੂੰ ਲੱਭਣ ਦੇ ਜਤਨਾ ਵਿਚ ਸਨ। ਵੈਰਾਗੀ ਦੀ ਗੱਲ ਸੁਣਦੇ ਸਾਰ ਕਰਸ਼ਨ ਜੀ ਕੁੱਝ ਘੋੜ-ਸਵਾਰ ਸਿਪਾਹੀਆਂ ਨੂੰ ਨਾਲ ਲੈਕੇ ਸਿੱਧਪੁਰ ਜਾ ਪਹੁੰਚੇ, ਅਤੇ ਮੇਲੇ ਵਿਚ ਢੂੰਢ ਭਾਲ ਕਰਕੇ ਮੂਲ ਜੀ ਨੂੰ ਸਾਧਾਂ ਦੇ ਕਿਸੇ ਡੇਰੇ ਵਿੱਚੋਂ ਜਾ ਫੜਿਆ, ਬਹੁਤ ਉੱਚਾ-ਨੀਵਾਂ ਬੋਲੇ। ਉਹਦੇ ਕਪੜੇ ਪਾੜ ਸੁੱਟੇ, ਤੇ ਕਮੰਡਲ ਖੋਹ ਕੇ ਭੋਂ ਤੇ ਮਾਰ ਕੇ ਤੋੜ ਦਿਤਾ। ਬਾਜ਼ਾਰੋਂ ਨਵੇਂ ਕਪੜੇ ਖਰੀਦ ਕੇ ਪਹਿਨਾਏ ਅਤੇ ਸਿਪਾਹੀਆਂ ਦੇ ਪਹਿਰੇ ਵਿੱਚ ਰੱਖ ਦਿੱਤਾ । ਪਿਛਲੀ ਰਾਤੇ ਦੋਹਾਂ ਸਿਪਾਹੀਆਂ ਨੂੰ ਝੋਕ ਆ ਗਈ ਅਤੇ ਮੂਲ ਜੀ ਜਿਹੜੇ ਕਿ ਮੌਕੇ ਦੀ ਤਾੜ ਵਿੱਚ ਸਨ, ਇੱਕ ਪਾਣੀ ਦੀ ਗੜਵੀ ਫੜ ਕੇ ਦੱਬੇ ਪੈਰ ਹੌਲੀ-ਹੌਲੀ ਖਿਸਕ ਤੁਰੇ। ਅੱਧੇ ਕੋਹ ਤੇ ਬਾਗ ਵਿੱਚ ਇੱਕ ਬੋਹੜ ਦੇ ਆਸਰੇ ਮੰਦਿਰ ਦੇ ਸ਼ਿਖਰ ਵਿੱਚ ਜਾ ਲੁਕੇ। ਪਾਣੀ ਦੀ ਗੜਵੀ ਕੋਲ ਰੱਖ ਲਈ ਅਤੇ ਆਉਂਦੇ ਜਾਂਦੇ ਨੂੰ ਗਹੁ ਨਾਲ ਵੇਖਦੇ ਰਹੇ। ਕਰਸਨ ਜੀ ਦੇ ਸਿਪਾਹੀ ਢੂੰਢ-ਢਾਂਢ ਕੇ ਮੁੜ ਗਏ ਅਤੇ ਬ੍ਰਹਮਚਾਰੀ ਸ਼ੁੱਧ ਚੈਤਨਯ ਹੇਠਾਂ ਉਤਰ ਕੇ ਪਹਿਲਾਂ ਅਹਮਾਬਾਦ ਤੇ ਫੇਰ ਬੜੌਦੇ ਜਾ ਪੁਜੇ।

**ਸੰਨਿਆਸ ਧਾਰਣ**—ਸੰਮਤ 1905 ਵਿੱਚ ਚਵ੍ਹੀ ਵਰ੍ਹਿਆਂ ਦੀ ਆਯੂ ਵਿੱਚ ਨਰਵਦਾ-ਤਟ ਨਿਵਾਸੀ ਸ਼੍ਰੀ ਸ੍ਵਾਮੀ ਪੂਰਣਾਨੰਦ ਦੀ ਮਿਨਤ ਖੁਸ਼ਾਮਦ ਕਰਕੇ ਉਨ੍ਹਾਂ ਤੋਂ ਸੰਨਿਆਸ ਦੀਖਿਆ ਲਈ ਅਤੇ ਸ੍ਵਾਮੀ ਦਯਾਨੰਦ ਸਰਸ੍ਵਤੀ ਅਖਵਾਉਣ ਲੱਗ ਪਏ।

**ਜੋਗੀਆਂ ਦੀ ਸ਼ਰਣ ਵਿੱਚ**—ਸੰਮਤ 1906 ਵਿੱਚ ਇਹ ਸੁਣ ਕੇ ਕਿ ਵਿਆਸ ਆਸ਼੍ਰਮ ਵਿੱਚ ਯੋਗ-ਕ੍ਰਿਆ ਵਿੱਚ ਨਿਪੁਣ ਸ੍ਵਾਮੀ ਯੋਗਾਨੰਦ ਦਾ ਨਿਵਾਸ ਹੈ, ਸ੍ਵਾਮੀ ਦਯਾਨੰਦ ਉਹਨਾਂ ਦੀ ਸੇਵਾ ਵਿਚ ਜਾ ਪਹੁੰਚੇ ਅਤੇ ਵਯਾਕਰਣ ਆਦਿ ਦਾ ਵੀ ਅਭਿਆਸ ਕਰਦੇ ਰਹੇ। ਫੇਰ ਚਾਣੋਦ ਕਰਨਾਲੀ ਦੇ ਆਸ਼੍ਰਮ ਵਿੱਚ ਸ਼੍ਰੀ ਸ੍ਵਾਮੀ ਜ੍ਵਾਲਾਨੰਦ ਪੁਰੀ ਅਤੇ ਸ਼੍ਰੀ ਸ੍ਵਾਮੀ ਸ਼ਿਵਾਨੰਦ ਗਿਰੀ ਕੋਲੋਂ ਯੋਗ-ਵਿਦਯਾ ਦੇ ਗੁੱਝੇ ਰਿਹਸਿਅ ਸਿਖਦੇ ਰਹੇ। ਕੁਝ ਚਿਰ ਮਗਰੋਂ ਦੋਵੇਂ ਮਹਾਤਮਾ ਅਹਮਦਾਬਾਦ ਚਲੇ ਗਏ। ਜਾਣ ਸਮੇਂ ਸ੍ਵਾਮੀ ਦਯਾਨੰਦ ਨੂੰ ਆਦੇਸ਼ ਦੇ ਗਏ ਕਿ ਇੱਕ ਮਹੀਨੇ

ਪਿੱਛੋਂ ਦੁਗਧੇਸ਼੍ਵਰ ਮਹਾਦੇਵ ਦੇ ਮੰਦਿਰ ਵਿੱਚ ਸਾਨੂੰ ਆ ਕੇ ਮਿਲਣਾ, ਅਸੀਂ ਆਪ ਨੂੰ ਯੋਗ ਸਾਧਨ ਦੇ ਬਾਕੀ ਗੁੱਝੇ ਭੇਦ ਅਤੇ ਸਿੱਧੀ ਪ੍ਰਾਪਤੀ ਦੇ ਗੂੜ੍ਹ ਕ੍ਰਿਆਤਮਕ ਸਾਧਨ ਆਪ ਨੂੰ ਚੰਗੀ ਤਰਾਂ ਸਮਝਾਵਾਂਗੇ।" ਇਸ ਆਦੇਸ਼ ਦੇ ਅਨੁਸਾਰ ਨੀਅਤ ਅਵਧਿ ਦੇ ਅੰਦਰ ਸ੍ਵਾਮੀ ਦਯਾਨੰਦ ਆਪਣੇ ਗੁਰੂਆਂ ਦੀ ਸੇਵਾ ਵਿੱਚ ਹਾਜ਼ਰ ਹੋ ਗਏ, ਅਤੇ ਯੋਗ ਸਾਧਨ ਸਿਖਦੇ ਰਹੇ। ਇਹਦੇ ਸੰਬੰਧ ਵਿਚ ਆਪ ਨੇ ਆਪਣੇ ਸ੍ਵਕਥਿਤ ਜੀਵਨ ਵਰਤਾਂਤ ਵਿੱਚ ਦੱਸਿਆ—"ਓਥੇ ਮੇਰੇ ਗੁਰੂਆਂ ਨੇ ਆਪਣੀ ਪ੍ਰਤਿਗਯਾ ਪੂਰੀ ਕੀਤੀ ਅਤੇ ਆਪਣੇ ਵਚਨ ਅਨੁਸਾਰ ਮੈਨੂੰ ਨਿਹਾਲ ਕਰ ਦਿੱਤਾ... ਇਸ ਲਈ ਉਹਨਾਂ ਸੰਤਾਂ ਦਾ ਬਹੁਤ ਧੰਨਵਾਦੀ ਹਾਂ।"

ਹੁਣ ਆਪਦੀ ਜਿਗਯਾਸਾ ਹੋਰ ਵਧੀ; ਜਿਵੇਂ ਥੋੜਾ ਜਿਹਾ ਚੂਰਨ ਖਾਣ ਨਾਲ ਮਨੁੱਖ ਦੀ ਭੁੱਖ ਵਧੇਰੀ ਚਮਕਦੀ ਹੈ, ਤਿਵੇਂ ਹੀ ਸ੍ਵਾਮੀ ਦਯਾਨੰਦ ਜੀ ਦੀ ਦਸਾ ਹੋਈ। ਜਦੋਂ ਇਹ ਪਤਾ ਲੱਗਾ ਕਿ ਆਬੂ ਪਰਬਤ ਦੀਆਂ ਡੂੰਘੀਆਂ ਖੁੰਦਾਂ ਤੇ ਉੱਚੀਆਂ ਚੋਟੀਆਂ ਤੇ ਅਣ-ਗਿਣਤ ਯੋਗੀ ਰਹਿੰਦੇ ਹਨ, ਆਪ ਸਿੱਧੇ ਆਬੂ ਪਰਬਤ ਦੀਆਂ ਚੜ੍ਹਾਈਆਂ ਚੜ੍ਹਕੇ ਓਥੇ ਜਾ ਪਹੁੰਚੇ ਅਤੇ ਭਵਾਨੀ ਗਿਰਿ ਦੀ ਔਖੀ ਚੋਟੀ ਤੇ ਰਹਿਣ ਵਾਲੇ ਇੱਕ ਸਿੱਧ ਯੋਗੀ ਅਤੇ ਹੋਰ ਵੀ ਕਈਆਂ ਮਹਾਤਮਾਂ ਕੋਲੋਂ ਯੋਗ ਵਿਦਿਆ ਦੀਆਂ ਹੋਰ ਗੁੰਝਲਾਂ ਵੀ ਹਲ ਕਰਾਈਆਂ, ਜਿਸ ਨਾਲ ਵਿਦਿਆ ਸੰਬੰਧੀ ਰਹਿੰਦੀਆਂ ਕਸਰਾਂ ਪੂਰੀਆਂ ਹੋ ਗਈਆਂ। ਏਦਾਂ ਵੱਖੋ-ਵੱਖਰੇ ਸਥਾਨਾਂ ਅਤੇ ਅੱਡੋ-ਅੱਡਰੇ ਗੁਰੂਆਂ ਦੀ ਸੇਵਾ ਕਰਕੇ ਆਤਮਿਕ ਉੱਨਤੀ ਅਤੇ ਮਾਨਸਿਕ ਸ਼ਾਂਤੀ ਦੇ ਉਪਾਇ ਅਤੇ ਸਾਧਨਾਂ ਦੀ ਉਪਲਬਧੀ ਕਰਦੇ ਰਹੇ।

**ਹਰਿਦ੍ਵਾਰ ਦਾ ਕੁੰਭ**—ਸੰਮਤ 1911 ਵਿ: (11 ਅਪ੍ਰੈਲ 1855 ਈ,) ਦੇ ਕੁੰਭ ਮੇਲੇ ਦੇ ਅਵਸਰ ਤੇ ਆਪ ਹਰਿਦ੍ਵਾਰ ਨੂੰ ਚਲ ਪਏ। ਮੇਲੇ-ਠੇਲੇ ਦੇ ਭੀੜ-ਭੜੱਕੇ ਤੋਂ ਬਚਣ ਦੀ ਖਾਤਿਰ ਸ੍ਵਾਮੀ ਦਯਾਨੰਦ ਨੇ ਚੰਡੀ ਜੰਗਲ ਵਿੱਚ ਡੇਰਾ ਜਾ ਕੀਤਾ ਅਤੇ ਲੋਕ-ਕੋਲਾਹਲ ਤੋਂ ਨਿਵੇਕਲੇ ਥਾਂ ਤੇ ਯੋਗ ਸਾਧਨ ਵਿੱਚ ਲੱਗੇ ਰਹੇ।

**ਉੱਚੀ ਸਿਖਿਆ ਦੀ ਡਾਢੀ ਤਾਂਘ**—ਥਾਂ-ਥਾਂ ਭਟਕਣ, ਜਗਹ-ਜਗਹ ਦਾ ਭ੍ਰਮਣ ਕਰਨ ਅਤੇ ਅਨੇਕ ਗੁਰੂਆਂ ਤੋਂ ਅਨੇਕਾਂ ਵਿਦਿਆਵਾਂ ਸਿੱਖਣ ਦੇ ਬਾਵਜੂਦ ਸ੍ਵਾਮੀ

ਜੀ ਦੀ ਉੱਚ ਸਿਖਿਆ ਦੀ ਤਾਂਘ ਘਟੀ ਨਹੀਂ ਸੀ । ਕੁੰਭ ਦੇ ਮੇਲੇ ਤੋਂ ਵਿਹਲੇ ਹੋ ਕੇ ਆਪ (ਕਨਖਲ) (ਹਰਦ੍ਵਾਰ) ਦੇ ਮੰਨੇ-ਪ੍ਰਮੰਨੇ ਸੰਸਕ੍ਰਿਤ ਦੇ ਉੱਘੇ ਵਿਦ੍ਵਾਨ ਸ਼੍ਰੀ ਸ੍ਵਾਮੀ ਪੂਰਣਾਨੰਦ ਪੂਰਣ ਆਸ਼੍ਰਮ ਵਾਲਿਆਂ ਦੀ ਸੇਵਾ ਵਿਖੇ ਜਾ ਹਾਜ਼ਿਰ ਹੋਏ, ਆਪਣੀ ਹਾਜ਼ਿਰੀ ਦਾ ਕਾਰਣ ਦੱਸਿਆ ਤਾਂ ਵੱਡੀ ਆਰਬਲਾ ਵਾਲੇ ਆਚਾਰੀਆਂ ਨੇ ਕਿਹਾ—''ਪਿਆਰੇ ਦਯਾਨੰਦ ਜੀ ! ਮੇਰੀ ਆਯੂ ਹੁਣ ਇੱਕ ਸੌ ਦਸ ਵਰ੍ਹਿਆਂ ਦੀ ਹੋ ਗਈ ਹੈ, ਬੁੜ੍ਹਾਪੇ ਦੀ ਕਮਜ਼ੋਰੀ ਦੇ ਕਾਰਣ ਪੜ੍ਹਾਉਣਾ ਛੱਡ ਚੁਕਿਆ ਹਾਂ । ਮੇਰੇ 'ਸੂਰਦਾਸ' ਸ਼ਾਗਿਰਦ ਸ੍ਵਾਮੀ ਵਿਰਜਾਨੰਦ ਮਥੁਰਾ ਵਿੱਚ ਪੜ੍ਹਾਉਣ ਦਾ ਕਾਰਜ ਬੜੇ ਪ੍ਰੇਮ ਨਾਲ ਕਰ ਰਹੇ ਹਨ । ਉਹਨਾਂ ਕੋਲ ਜਾਣ ਨਾਲ ਆਪ ਦਾ ਮਨ-ਚਿੰਦਿਆ ਮਨੋਰਥ ਸਿੱਧ ਹੋ ਸਕੇਗਾ । ਮੇਰੇ ਬਾਕੀ ਜੀਵਨ ਦਾ ਉੱਦੇਸ਼ ਤਾਂ ਹੁਣ ਪਿਆਰੀ ਭਾਰਤ-ਮਾਂ ਨੂੰ ਪਰਤੰਤ੍ਰਤਾ ਦੀਆਂ ਮਜ਼ਬੂਤ ਬੇੜੀਆ ਤੋਂ ਆਜ਼ਾਦ ਕਰਾਉਣ ਵਾਲੇ ਜਤਨਾਂ ਵਿੱਚ ਪੂਰਾ ਪੂਰਾ ਸਹਿਯੋਗ ਦੇਣਾ ਹੀ ਹੈ ।'' ਇਹ ਕਹਿਕੇ ਉਸ ਬੁੱਢੇ ਸੰਤ ਨੇ ਅੰਗ੍ਰੇਜ਼ ਦੇ ਭਾਰਤ-ਪ੍ਰਵੇਸ਼ ਤੋਂ ਲੈਕੇ ਤਦ ਤੱਕ ਦੀ ਪੂਰਣ ਗਾਥਾ ਖੋਲ੍ਹ ਕੇ ਸੁਣਾ ਦਿੱਤੀ । ਅੰਗ੍ਰੇਜ਼ੀ ਅਤਿਯਾਚਾਰ ਅਤੇ ਭਾਰਤੀਯ ਦੁਰਦਸ਼ਾ ਦਾ ਨਕਸ਼ਾ ਕੁਝ ਅਜਿਹੇ ਮਰਮਭੇਦੀ, ਦਿਲ ਖਿਚਵੇਂ ਅਤੇ ਦਰਦਨਾਕ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਕਿ ਸ੍ਵਾਮੀ ਦਯਾਨੰਦ ਦਾ ਜਵਾਨ ਖ਼ੂਨ ਖੌਲ ਉੱਠਿਆ, ਉਹਨਾਂ ਦਾ ਦਿਲ ਡੋਲ ਗਿਆ, ਅਤੇ ਦਿਮਾਗ ਚਕਰਾਉਣ ਲੱਗ ਪਿਆ; ਪਰ ਉਹ 'ਕੀ ਕਰਾਂ ਤੇ ਕੀ ਨ ਕਰਾਂ' ਦੀ ਉਲਝਣ ਵਿੱਚ ਫਸ ਗਏ, ਉਹ ਪੂਰਾ ਫੈਸਲਾ ਨ ਕਰ ਸਕੇ ਅਤੇ ਜਿਵੇਂ ਕਿਵੇਂ ਯੋਗੀਆਂ ਦੀ ਤਲਾਸ਼ ਵਿੱਚ ਉੱਤਰਾ ਖੰਡ ਦੀ ਔਖੀ ਯਾਤ੍ਰਾ ਤੇ ਚਲ ਨਿਕਲੇ ।

**ਉਤਰਾ ਖੰਡ ਦੀ ਯਾਤ੍ਰਾ**—ਸ੍ਵਾਮੀ ਦਯਾਨੰਦ ਰਿਸ਼ੀਕੇਸ਼ ਦੇ ਰਮਣੀਕ ਸਥਾਨ ਤੇ ਯੋਗ-ਸਾਧਨਾਂ ਵਿੱਚ ਮਗਨ ਹੋ ਗਏ । ਕੁਝ ਸਮਾਂ ਬੀਤਣ ਤੇ ਇੱਕ ਬ੍ਰਹਮਚਾਰੀ ਤੇ ਦੋ ਪਹਾੜੀ ਸਾਧੂਆਂ ਨੂੰ ਨਾਲ ਲੈਕੇ ਡੇਹਰਾਦੂਨ ਅਤੇ ਫੇਰ ਟੀਹਰੀ (ਗੜ੍ਹਵਾਲ) ਚਲੇ ਗਏ । ਟੀਹਰੀ ਨਿਵਾਸ ਦੇ ਦੌਰਾਨ ਇੱਕ ਰਾਜ ਪੰਡਿਤ ਨੇ ਸ੍ਵਾਮੀ ਜੀ ਦਾ ਭੋਜਨ ਵਰਜ ਦਿੱਤਾ । ਭੋਜਨ ਸਮੇਂ ਉਹਦਾ ਇੱਕ ਆਦਮੀ ਸ੍ਵਾਮੀ ਜੀ ਨੂੰ ਸਣੇ ਤਿੰਨਾਂ ਸਾਥੀਆਂ ਦੇ ਭੋਜਨ-ਸਥਾਨ ਤੇ ਲੈ ਗਿਆ । ਓਥੇ ਆਪ ਜੀ ਨਾਲ ਜੋ ਵਾਪਰੀ ਉਹਦਾਂ ਵਰਣਨ ਆਪ ਜੀ ਨੇ ਹੇਠ ਲਿਖੇ ਸ਼ਬਦਾਂ ਵਿੱਚ ਕੀਤਾ—

"...ਪਰ ਉਹਦੇ ਘਰ ਵਿੱਚ ਪੈਰ ਪਾਉਂਦਿਆਂ ਹੀ ਮੈਂ ਸਭ ਤੋਂ ਪਹਿਲਾਂ ਵੇਖਿਆ ਕਿ ਇੱਕ 'ਬ੍ਰਾਹਮਣ' ਕੁਝ ਮਾਸ ਕੱਟ ਰਿਹਾ ਹੈ। ਥੋੜਾ ਹੋਰ ਅੱਗੇ ਵਧਣ ਤੇ ਮੈਂ ਡਿੱਠਾ ਕਿ ਕੁਝ 'ਪੰਡਿਤ' ਮਾਰੇ ਹੋਏ ਪਸ਼ੂਆਂ ਦੇ ਸਿਰ ਤੇ ਹੋਰ ਅੰਗਾਂ-ਪ੍ਰਤਯੰਗਾਂ ਤੇ ਮਾਸ ਦੇ ਇੱਕ ਢੇਰ ਨੂੰ ਅੱਗੇ ਰੱਖੀ ਬੈਠੇ ਹਨ । ਸੱਦਾ ਦੇਣ ਵਾਲੇ ਰਾਜ ਪੰਡਿਤ ਦੇ ਮਿੰਨਤ-ਮਾਜਰਾ ਕਰਨ ਦੇ ਬਾਵਜੂਦ ਕਿ ਇਹ ਸਾਰਾ ਪ੍ਰਬੰਧ ਉਚੇਚੇ ਆਪਦੇ ਵਾਸਤੇ ਹੀ ਕੀਤਾ ਗਿਆ ਹੈ। ਮੈਂ ਬਿਨਾਂ ਪੁੱਛੇ ਵਾਹੋ-ਦਾਹੀ ਆਪਣੇ ਥਾਂ ਤੇ ਮੁੜ ਆਇਆ। ਕੁਝ ਹੀ ਛਿਣਾਂ ਮਗਰੋਂ ਉਹ ਮਾਸਾਹਾਰੀ 'ਰਾਜ-ਪੰਡਿਤ' ਵੀ ਮੇਰੇ ਪਿਛੇ ਹੀ ਪਿਛੇ ਆ ਗਿਆ ਤੇ ਮੁੜ ਵਾਪਸ ਜਾਣ ਲਈ ਅਰਜੋਈਆਂ ਕਰਨ ਲੱਗਾ, ਪਰ ਮੈਂ ਉਹਨੂੰ ਸਾਫ਼ ਕਹਿ ਦਿਤਾ ਕਿ ਆਪ ਮਾਸਾਹਾਰੀ ਹੋ ਅਤੇ ਮੈਂ ਕੱਟਰ ਵੈਸ਼ਨੋ (ਸਬਜ਼ੀ ਖੋਰ)। ਮਾਸ ਨੂੰ ਵੇਖਦਿਆਂ ਹੀ ਮੇਰਾ ਜੀਅ ਉਤਾਂਹ ਨੂੰ ਆਉਣ ਲੱਗ ਜਾਂਦਾ ਹੈ । ਜੇ ਮੈਨੂੰ ਭੋਜਨ ਛਕਾਉਣ ਦੀ ਡਾਢੀ ਇੱਛਿਆ ਹੋਵੇ, ਤਾਂ ਕੁਝ ਫਲ ਅਤੇ ਅੰਨ ਆਦਿ ਭਿਜਵਾ ਦਿਉ, ਮੇਰਾ ਬ੍ਰਹਮਚਾਰੀ ਰਸੋਈ ਤਿਆਰ ਕਰ ਲਵੇਗਾ।"

ਉਪਰੋਕਤ ਰਾਜ-ਪੰਡਿਤ ਨਾਲ ਵਾਕਫੀ ਤਾਂ ਹੋ ਹੀ ਗਈ ਸੀ, ਸ੍ਵਾਮੀ ਜੀ ਨੇ ਸਾਹਿਤਯ ਪੜ੍ਹਨ ਦੀ ਚਾਹ ਪ੍ਰਗਟ ਕੀਤੀ। ਰਾਜ-ਪੰਡਿਤ ਨੇ ਕਈ ਤੰਤ੍ਰ ਗ੍ਰੰਥ ਲਿਆ ਦਿੱਤੇ। ਸ੍ਵਾਮੀ ਜੀ ਨੇ ਅੱਜੇ ਤੱਕ ਤੰਤ੍ਰ ਗ੍ਰੰਥ ਨਹੀਂ ਵੇਖੇ ਸਨ। ਬੜੀ ਉਤਸੁਕਤਾ ਨਾਲ ਇਹਨਾਂ ਨੂੰ ਪੜ੍ਹਿਆ ਤਾਂ ਪਤਾ ਲੱਗਾ ਕਿ ਵਾਮਮਾਰਗੀਆਂ ਦੇ ਇਹਨਾਂ ਗ੍ਰੰਥਾਂ ਵਿੱਚ ਮਾਂ, ਧੀ, ਭੈਣ, ਚਾਂਡਾਲੀ, ਆਦਿ ਹਰ ਜਾਤੀ ਦੀਆਂ ਇਸਤ੍ਰੀਆਂ ਨੂੰ ਨਿਰਲੱਜ ਹੋ ਕੇ ਭੋਗਣ ਦੇ ਵਿਧਿ-ਵਿਧਾਨਾਂ ਦੀ ਪ੍ਰਵ੍ਰਿਤਾ, ਸਮਰਥਨ ਅਤੇ ਵਿਸਤਾਰ ਪੂਰਬਕ ਵਰਣਨ ਕੀਤਾ ਗਿਆ ਹੈ। ਨੰਗੀ ਇਸਤ੍ਰੀ ਦੀ ਪੂਜਾ ਪੁਰਖ ਤੇ ਨੰਗੇ ਆਦਮੀ ਦੀ ਪੂਜਾ ਇਸਤ੍ਰੀਆਂ ਕਰਨ ਇਹ ਲਿਖਿਆ ਹੋਇਆ ਹੈ; ਹਰ ਪ੍ਰਕਾਰ ਦੇ ਪਸ਼ੂ-ਪਖੇਰੂ, ਡੱਡੂ-ਮਛੀਆਂ ਦੇ ਮਾਸ ਖਾਣ ਦੀਆਂ ਵਿਧੀਆਂ ਦਸੀਆਂ ਗਈਆਂ ਹਨ; ਗੱਲ ਕੀ ਵਾਮਮਾਰਗੀਆਂ ਦੇ ਪੰਜਾਂ 'ਮਕਾਰਾਂ' (ਮਦਯ, ਮਾਸ, ਮੀਨ (ਮੱਛੀ), ਮੁਦ੍ਰਾ (ਖਾਣ ਦਾ ਸਮਾਨ) ਅਤੇ ਮੈਥੁਨ (ਭੋਗ) ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਮੈਨੂੰ ਇਹਨਾਂ ਗ੍ਰੰਥਾਂ ਤੋਂ ਡਾਢੀ ਘ੍ਰਿਣਾ ਹੋ ਗਈ ਅਤੇ ਮੈਂ ਇਸ ਸਿੱਟੇ ਤੇ ਪੁੱਜਾ ਕਿ ਪਾਖੰਡੀਆਂ, ਧੂਰਤਾਂ ਅਤੇ ਸ੍ਵਾਰਥੀ ਚਰਿਤ੍ਰਹੀਨ ਮਨੁੱਖਾਂ ਨੇ ਰਿਸ਼ੀਆਂ ਮੁਨੀਆਂ ਦੇ ਨਾਉਂ ਨੂੰ ਕਲੰਕਿਤ ਕਰਕੇ ਆਪਣਾ ਉੱਲੂ ਸਿੱਧਾ ਕਰਨ ਲਈ ਹੀ

ਇਹਨਾਂ ਘ੍ਰਿਣਾਂ-ਯੋਗ ਤੰਤ੍ਰ ਗ੍ਰੰਥਾਂ ਦੀ ਰਚਨਾ ਕੀਤੀ ਹੈ।"

ਟੀਹਰੀ ਤੋਂ ਆਪ ਸ੍ਰੀ ਨਗਰ (ਗੜ੍ਹਵਾਲ) ਤੇ ਫੇਰ ਕੇਦਾਰਘਾਟ ਜਾ ਪੁੱਜੇ। ਏਥੇ ਗੰਗਾ ਗਿਰਿ ਨਾਉਂ ਦੇ ਮਹਾਤਮਾ ਦੇ ਸਤਿਸੰਗ ਵਿਚ ਦੋ ਮਹੀਨੇ ਬਿਤਾਏ। ਉਥੋਂ ਅੱਗੇ ਫੇਰ ਇਕ ਬ੍ਰਹਮਚਾਰੀ ਤੇ ਦੋ ਪਹਾੜੀ ਸਾਧੂਆਂ ਨੂੰ ਨਾਲ ਲੈ ਕੇ ਰੁਦ੍ਰ ਪ੍ਰਯਾਗ, ਅਗਸਤ ਆਸ਼੍ਰਮ ਚਲੇ ਗਏ। ਏਥੇ ਠੰਡ ਦਾ ਮੌਸਮ ਲੰਘਾਇਆ, ਵਾਪਸੀ ਤੇ ਗੁਪਤ ਕਾਂਸ਼ੀ, ਗੌਰੀ ਕੁੰਡ, ਭੀਮ-ਗੁਫਾ,ਤ੍ਰਿਯੁਗੀ ਨਾਰਾਇਣ ਆਦਿ ਅਸਥਾਨਾਂ ਦੀ ਯਾਤ੍ਰਾ ਕਰਦੇ ਅਤੇ ਯੋਗੀਆਂ ਸਿੱਧਾਂ ਦੀ ਢੋਂਡ-ਭਾਲ ਕਰਦੇ ਵਾਪਸ ਕੇਦਾਰਘਾਟ ਆ ਗਏ। ਫੇਰ ਪ੍ਰਸਿੱਧ ਓਖੀ ਮਠ ਪਹੁੰਚ ਗਏ। ਇਹ ਮਸ਼ਹੂਰ ਮਠ ਧਨ-ਧਾਨ ਨਾਲ ਭਰਿਆ ਪੂਰਿਆ ਸੀ। ਏਥੇ ਬੜੇ-ਬੜੇ ਆਡੰਬਰੀ ਸਾਧੂ-ਸੰਤ ਰਹਿੰਦੇ ਸਨ; ਪਰ ਜੋਗੀ-ਜਤੀ-ਸਾਧਕ-ਸਿੱਧ ਕੋਈ ਵੀ ਨਹੀਂ ਸੀ। ਸ੍ਵਾਮੀ ਦਯਾ ਨੰਦ ਦਾ ਡੀਲ-ਡੌਲ, ਚਿਹਰਾ-ਮੋਹਰਾ, ਚਾਲ ਢਾਲ, ਰਹਿਣ-ਸਹਿਣ-ਅਤੇ ਤਪ-ਤਿਆਗ ਤੇ ਉੱਚੀ ਅਤੇ ਸੁੱਚੀ ਵਿਦਿਆ ਆਦਿ ਦੇ ਸ਼ੁਭ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਤੀਹਾਂ ਸਾਲਾਂ ਦੇ ਇਸ ਜਵਾਨ-ਬਲਵਾਨ-ਚਰਿਤ੍ਰਵਾਨ ਤੇ ਮਹਾਨ ਸੰਨਿਆਸੀ ਨੂੰ ਆਪਣਾ ਚੇਲਾ ਬਣਾਉਣ ਦੀ ਅਭਿਲਾਸ਼ਾ ਮਹੰਤ ਓਖੀ ਮਠ ਦੇ ਮਨ ਵਿਚ ਪੈਦਾ ਹੋ ਗਈ। ਅਵਸਰ ਪਾ ਕੇ ਉਹਨੇ ਸ੍ਵਾਮੀ ਦਯਾ ਨੰਦ ਨੂੰ ਪ੍ਰੇਰਣਾ ਦੇ ਨਾਲ ਪ੍ਰਬਲ ਪ੍ਰਲੋਭਨ ਦਿੰਦੇ ਹੋਏ ਕਿਹਾ—ਜੇ ਮੇਰੇ ਚੇਲੇ ਬਣ ਜਾਉ ਤਾਂ ਮੇਰੇ ਪਿੱਛੋਂ ਆਪ ਹੀ ਏਸ ਸਾਰੇ ਧਨ ਦੌਲਤ ਦੇ ਮਾਲਿਕ ਹੋ ਜਾਉਗੇ।" ਇਸ ਵਿਛਾਏ ਹੋਏ ਮਾਯਾ-ਜਾਲ ਨੂੰ ਵੇਖ ਕੇ ਨਿਰਲੋਭੀ ਸ੍ਵਾਮੀ ਦਯਾਨੰਦ ਬੋਲ ਉੱਠੇ—।"ਮਹੰਤ ਜੀ! ਇਸ ਮਠ ਦੀ ਜਿਤਨੀ ਸੰਪੱਤੀ ਹੈ, ਮੇਰੇ ਪਿਤਾ ਦਾ ਮਾਲ-ਖਜ਼ਾਨਾ ਇਹਦੇ ਨਾਲੋਂ ਕਿਸੇ ਵੀ ਅੰਸ਼ ਵਿਚ ਘੱਟ ਨਹੀਂ ਸੀ। ਜੇ ਮੈਨੂੰ ਧੰਨ ਦਾ ਲਾਲਚ ਹੁੰਦਾ ਤਾਂ ਉਹਨੂੰ ਠੁਕਰਾ ਕੇ ਬਨਾਂ-ਜੰਗਲਾਂ-ਪਹਾੜਾਂ ਵਿਚ ਕਿਉਂ ਭਟਕਦਾ ਫਿਰਦਾ?

ਓਖੀ ਮਠ ਤੋਂ ਜੋਸ਼ੀਮਠ, ਤੋਂ ਮਸ਼ਹੂਰ ਤੀਰਥ ਬਦਰੀ ਨਰਾਇਣ ਦੇ ਮੰਦਿਰ ਨੂੰ ਚਲੇ ਗਏ। ਇਸ ਤੀਰਥ ਦੇ ਮਹੰਤ 'ਰਾਵਲ ਜੀ' ਨਾਲ ਸ੍ਵਾਮੀ ਜੀ ਦੀ ਵੇਦ-ਸ਼ਾਸਤ੍ਰ ਸੰਬੰਧੀ ਚਰਚਾ ਹੁੰਦੀ ਰਹੀ। ਪ੍ਰੇਮ-ਪੂਰਵਕ ਸ਼ਾਸਤ੍ਰ ਚਰਚਾ ਅਤੇ ਗੱਲਬਾਤ ਤੋਂ ਸ੍ਵਾਮੀ ਜੀ ਦੇ ਪ੍ਰਸ਼ਨ ਦੇ ਉਤਰ ਵਿਚ 'ਰਾਵਲ ਜੀ' ਨੇ ਦੱਸਿਆ ਕਿ ਸਾਡੇ ਇਰਦ-ਗਿਰਦ ਤਾਂ ਕੋਈ ਪ੍ਰਸਿੱਧ ਯੋਗੀ ਨਹੀਂ ਸੁਣੀਂਦਾ। ਇਹ ਪਤਾ ਲੱਗਣ ਤੇ

ਸ੍ਵਾਮੀ ਜੀ ਨੂੰ ਬੜੀ ਨਿਰਾਸ਼ਾ ਹੋਈ ਅਤੇ ਆਪਨੇ ਝਬਦੇ ਹੀ ਅਲਖ ਨੰਦਾ ਦੇ ਸਰੋਤ ਵੱਲ ਰੁਖ ਕਰ ਲੀਤਾ। ਏਸ ਨਦੀ ਦੀ ਤਹਿ ਵਿਚ ਬਰਫ਼ ਦੇ ਨੋਕੀਲੇ ਟੁਕੜਿਆਂ ਨਾਲ ਪਾਰ ਕਰਨ ਲੱਗਿਆ ਆਪ ਦੇ ਪੈਰ ਸਖਤ ਜ਼ਖਮੀ ਹੋ ਗਏ, ਏਥੋਂ ਤਕ ਕਿ ਆਪ ਚਲਣੋਂ ਫਿਰਨੋਂ ਵੀ ਆਰੀ ਹੋ ਗਏ। ਉਸ ਇਲਾਕੇ ਦੇ ਦੋ ਪਹਾੜੀ ਸੱਜਣ ਆਪਨੂੰ ਆਪਣੀਆਂ ਝੁੱਗੀਆਂ ਵਿਚ ਲੈ ਜਾਣਾ ਚਾਹੁੰਦੇ ਸਨ, ਪਰੰਤੂ ਤੁਰਨ ਦੀ ਸਮੱਰਥਾ ਨਾ ਰਹਿਣ ਦੇ ਕਾਰਣ ਆਪ ਉਹਨਾਂ ਦੇ ਨਿਮੰਤ੍ਰਣ ਨੂੰ ਨ ਮੰਨ ਸਕੇ, ਸਗੋਂ ਆਪਣੇ ਲਹੂ-ਲੁਹਾਨ ਪੈਰਾਂ ਤੇ ਪੱਟੀਆਂ ਬੰਨ੍ਹ ਕੇ ਉਥੇ ਜੰਗਲ ਵਿਚ ਵਸੋਂ ਤੋਂ ਦੂਰ ਹੀ ਰਹੇ। ਹੋਰ ਵੀ ਅਨੇਕਾਂ ਔਕੜਾਂ ਝਲਦੇ ਆਪਨੇ ਸਮੁੱਚਾ ਪਹਾੜੀ-ਪ੍ਰਦੇਸ਼ ਗਾਹ ਮਾਰਿਆ। ਜਿਵੇਂ ਕਿਵੇਂ ਬਦਰੀ ਨਰਾਇਣ ਦੇ ਮੰਦਿਰ ਵਿਚ ਆਣ ਉਤਰੇ। ਕੁਝ ਦਿਨ ਵਿਸ਼੍ਰਾਮ ਕਰਕੇ ਸ੍ਵਾਮੀ ਜੀ ਕਾਸ਼ੀਪੁਰ ਹੁੰਦੇ ਹੋਏ ਦ੍ਰੋਣ-ਸਾਗਰ ਆਏ ਅਤੇ ਸਰਦੀਆਂ ਦੇ ਦਿਨ ਗੁਜ਼ਾਰ ਕੇ ਹੇਠਾਂ ਉਤਰੇ ਅਤੇ ਮੁਰਾਦਾਬਾਦ ਤੇ ਸੰਭਲ ਤੋਂ ਹੋ ਕੇ ਗੜ੍ਹ ਮੁਕਤੇਸ੍ਵਰ ਪੁੱਜ ਗਏ। ਫੇਰ ਫਰੁਖਾਬਾਦ, ਸ਼੍ਰਿੰਗੀਰਾਮਪੁਰ, ਤੋਂ ਹੁੰਦੇ ਹੋਏ ਕਾਨ੍ਹਪੁਰ ਜਾ ਪਹੁੰਚੇ; ਪੰਜ ਮਹੀਨੇ ਉਥੇ ਰਹੇ ਅਤੇ ਕਈ ਸਥਾਨ ਵੇਖੇ। ਭਾਦਰੋਂ ਦੇ ਆਰੰਭ ਵਿਚ ਮਿਰਜ਼ਾਪੁਰ, ਅੱਸੂ ਵਿਚ ਕਾਂਸ਼ੀ ਆ ਗਏ। ਏਥੇ ਉਸ ਗੁਫਾ ਵਿਚ ਠਹਿਰੇ ਜਿਹੜੀ 'ਵਰੁਣਾ' ਅਤੇ ਗੰਗਾ ਦੇ ਸੰਗਮ ਤੇ ਮੌਜੂਦ ਹੈ। ਓਥੋਂ ਸ੍ਵਾਮੀ ਜੀ ਦੁਰਗਾ ਕੁੰਡ ਦੇ ਮੰਦਿਰ ਤੇ ਜਿਹੜਾ ਚੰਡਾਲ ਗੜ੍ਹ ਵਿਚ ਹੈ, ਪਹੁੰਚੇ। ਦਸ ਦਿਨ ਗੁਜ਼ਾਰੇ। ਸ੍ਵਾਮੀ ਜੀ ਨੇ ਆਪਣਾ ਜੀਵਨ ਚਰਿਤ੍ਰ ਬਿਆਨ ਕਰਦੇ ਹੋਏ ਦਸਿਆ। "ਬਦਕਿਸਮਤੀ ਨਾਲ ਏਸ ਜਗਹ ਤੇ ਮੈਨੂੰ ਇੱਕ ਵੱਡਾ ਦੋਸ਼ ਲੱਗ ਗਿਆ ਅਰਥਾਤ ਭੰਗ ਪੀਣ ਦੀ ਖੋਟੀ ਆਦਤ ਪੈ ਗਈ।......ਇੱਕ ਦਿਨ ਮੰਦਿਰ 'ਚੋਂ ਨਿਕਲਕੇ ਚੰਡਾਲਗੜ੍ਹ ਦੇ ਨੇੜੇ ਮਾਰਗ ਵਿਚ, ਜਿਹੜਾ ਇੱਕ ਪਿੰਡ ਨੂੰ ਜਾਂਦਾ ਸੀ, ਮੈਨੂੰ ਇੱਕ ਪੁਰਾਣਾ ਸਾਥੀ ਮਿਲਿਆ। ਪਿੰਡ ਦੀ ਦੂਜੇ ਪਾਸੇ ਥੋੜੀ ਹੀ ਵਿੱਥ ਤੇ ਇੱਕ ਵਿਸ਼ਾਲ ਸ਼ਿਵਾਲਾ ਸੀ, ਉਥੇ ਜਾ ਕੇ ਮੈਂ ਰਾਤ ਕੱਟੀ......ਮੂਹਲਾਧਾਰ ਬਰਖਾ ਹੋ ਰਹੀ ਸੀ, ਮੈਂ ਮੰਦਿਰ ਦੇ ਮੁਖ ਦ੍ਵਾਰ ਦੇ ਸਾਮ੍ਹਣੇ ਬਣੇ ਬਰਾਂਡੇ ਵਿੱਚ ਵਿਸ਼੍ਰਾਮ ਕੀਤਾ ਏਥੇ ਨੰਦੀ ਬ੍ਰਿਖ (ਬੈਲ) ਦੀ ਇਕ ਵਿਸ਼ਾਲ ਮੂਰਤੀ ਖੜੀ ਸੀ। ਆਪਣੇ ਕਪੜੇ ਅਤੇ ਪੁਸਤਕਾਂ ਉਹਦੀ ਪਿੱਠ ਤੇ ਰੱਖ ਕੇ ਮੈਂ ਉਹਦੇ ਪਿੱਛੇ ਬਹਿ ਗਿਆ।......ਅਚਾਨਕ ਨੰਦੀ-ਮੂਰਤੀ ਦੇ ਅੰਦਰ ਝਾਤੀ ਮਾਰਨ ਨਾਲ ਮੈਨੂੰ ਪਤਾ ਲੱਗਾ ਕਿ ਇੱਕ ਮਨੁੱ

ਉਹਦੇ ਵਿੱਚ ਲੁਕਿਆ ਬੈਠਾ ਹੈ। ਮੈਂ ਆਪਣਾ ਹੱਥ ਉਹਦੀ ਵੱਲ ਵਧਾਇਆ। ਇਸ ਤੋਂ ਉਹ ਬਹੁਤ ਡਰ ਗਿਆ ਤੇ ਛਾਲ ਮਾਰਕੇ ਬੜੀ ਤੇਜ਼ ਰਫਤਾਰ ਨਾਲ ਪਿੰਡ ਵੱਲ ਨਠ ਗਿਆ। ਉਹਦੇ ਭਜ ਜਾਣ ਤੇ ਮੈਂ ਉਸ ਮੂਰਤਿ ਵਿੱਚ ਵੜ ਬੈਠਾ ਅਤੇ ਬਾਕੀ ਦੀ ਸਾਰੀ ਰਾਤ ਉਹਦੇ ਵਿੱਚ ਹੀ ਸੁੱਤਾ ਰਿਹਾ। ਪ੍ਰਾਤਾ ਕਾਲ ਇੱਕ ਬੁੱਢੀ ਮਾਈ ਆਈ। ਉਹਨੇ ਬ੍ਰਿਖ (ਬਾਲਦ) ਦੇਵਤਾ ਦੀ ਪੂਜਾ ਕੀਤੀ, ਜਿਸ ਅਵਸਥਾ ਵਿੱਚ ਕਿ ਮੈਂ ਵੀ ਉਹਦੇ ਅੰਦਰ ਹੀ ਬੈਠਾ ਹੋਇਆ ਸਾਂ। ਕੁਝ ਚਿਰ ਮਗਰੋਂ ਉਹ ਮਾਈ ਗੁੜ ਤੇ ਦਹੀਂ ਲੈਕੇ ਮੁੜ ਆਈ। ਮੇਰੀ ਪੂਜਾ ਕਰਕੇ ਅਤੇ ਭਗਤੀ ਦੇ ਕਾਰਣ ਮੈਨੂੰ ਹੀ ਦੇਵਤਾ ਸਮਝਕੇ ਉਹਨੇ ਕਿਹਾ—'ਆਪ ਇਹਨੂੰ ਗ੍ਰਹਣ ਕਰੋ ਤੇ ਇਹਦੇ ਵਿਚੋਂ ਕੁਝ ਖਾਉ ਵੀ।' ਮੈਂ ਭੁੱਖਾ ਸਾਂ ਇਸ ਕਾਰਣ ਉਹ ਸੱਭੋ ਕੁਝ ਖਾ ਗਿਆ। ਦਹੀਂ ਬਹੁਤ ਖੱਟਾ ਸੀ, ਇਸ ਲਈ ਭੰਗ ਦਾ ਨਸਾ ਦੂਰ ਕਰਨ ਲਈ ਹੱਛਾ ਇਲਾਜ ਹੋ ਗਿਆ। ਇਹਦੇ ਨਾਲ ਮਾਦਕਤਾ ਜਾਂਦੀ ਰਹੀ ਅਤੇ ਮੈਨੂੰ ਆਰਾਮ ਮਾਲੂਮ ਹੋਇਆ।"

**ਨਰਮਦਾ ਦੇ ਸ੍ਰੋਤ ਵਲ**—ਸੰਮਤ 1914 ਵਿਚ ਓਥੋਂ ਸੁਆਮੀ ਜੀ ਨਰਮਦਾ ਨਦੀ ਸ੍ਰੋਤ ਵੱਲ ਵਧੇ। ਜੰਗਲ ਵੱਡਾ ਸੰਘਣਾ ਸੀ ਅਤੇ ਬੇਰੀਆਂ ਦੇ ਕੰਡਿਆਂ ਵਾਲੇ ਰੁੱਖਾਂ ਦੀ ਬਹੁਤਾਇਤ ਸੀ; ਲੰਮੇ ਲੰਮੇ ਘਾਹ ਦੇ ਕਾਰਣ ਰਾਹ-ਖਹਿੜਾ ਮਾਲੂਮ ਨਹੀਂ ਸੀ ਹੋ ਰਿਹਾ। ਓਥੇ ਮੇਰਾ ਟਾਕਰਾ ਇੱਕ ਵੱਡੇ ਕਾਲੇ ਰਿੱਛ ਨਾਲ ਹੋਇਆ। ਉਹ ਬੜੀ ਤੇਜ਼ੀ ਤੇ ਉੱਚੀ ਆਵਾਜ਼ ਨਾਲ ਚੀਕਿਆ, ਚਿੰਘਾੜ ਮਾਰਕੇ ਆਪਣੀਆਂ ਪਿਛਲੀਆਂ ਲੱਤਾਂ ਤੇ ਖੜਾ ਹੋ ਗਿਆ ਅਤੇ ਮੈਨੂੰ ਖਾਣ ਲਈ ਉਹਨੇ ਆਪਣਾ ਮੂੰਹ ਖੋਲ੍ਹਿਆ। ਕੁਝ ਖਿਣ ਤਾਂ ਮੈਂ ਠੰਠਬਰ ਕੇ ਖਲੋਤਾ ਰਿਹਾ। ਪਿੱਛੋਂ ਮੈਂ ਹੌਲੀ-ਹੌਲੀ ਆਪਣੇ ਮੋਟੇ ਸੋਟੇ ਨੂੰ ਉਹਦੀ ਵੱਲ ਚੁੱਕਿਆ। ਉਸ ਤੋਂ ਡਰਕੇ ਉਹ ਪੁੱਠੇ ਪੈਰੀ ਮੁੜ ਗਿਆ ਉਹਦੀ ਚਿੰਘਾੜ ਤੇ ਗਰਜ ਅਜਿਹੀ ਜ਼ੋਰਦਾਰ ਸੀ ਕਿ ਪੈਂਡੂ, ਜਿਹੜੇ ਮੈਨੂੰ ਮਿਲੇ ਸਨ, ਦੂਰੋਂ ਉਹਦਾ ਰੌਲਾ ਸੁਣਕੇ ਲਾਠੀਆਂ ਤੇ ਸ਼ਿਕਾਰੀ ਕੁੱਤਿਆਂ ਸਹਿਤ ਮੇਰੀ ਰੱਖਿਆ ਲਈ ਨੱਠੇ ਆਏ। ਉਹਨਾਂ ਮੈਨੂੰ ਸਮਝਾਉਣ ਦਾ ਜਤਨ ਕੀਤਾ ਕਿ ਮੈਂ ਉਹਨਾਂ ਦੇ ਨਾਲ ਚੱਲਾਂ। ਉਹ ਬੋਲੇ—"ਇਸ ਜ਼ੰਗਲ ਵਿੱਚ ਜੇ ਤੁਸੀਂ ਥੋੜਾ ਵੀ ਹੋਰ ਅੱਗੇ ਜਾਓਗੇ ਤਾਂ ਆਪ ਨੂੰ ਬਹੁਤ ਸਾਰੇ ਸੰਕਟਾਂ ਦਾ ਸਾਮ੍ਹਣਾ ਕਰਨਾ ਪਵੇਗਾ।

ਇਸ ਬਨ ਅਤੇ ਪਰਬਤ ਵਿੱਚ ਬਹੁਤ ਸਾਰੇ ਭਿਆਨਕ, ਕਰੂਰ ਅਤੇ ਖੂੰਖਾਰ ਜੰਗਲੀ ਪਸ਼ੂ ਅਰਥਾਤ ਰਿੱਛ, ਹਾਥੀ, ਸ਼ੇਰ ਆਦਿ ਤੁਹਾਨੂੰ ਮਿਲਣਗੇ।" ਮੈਂ ਉਹਨਾਂ ਨੂੰ ਨਿਵੇਦਨ ਕੀਤਾ ਕਿ ਮੇਰੀ ਸੁਖ-ਸਾਂਦ ਅਤੇ ਮੰਗਲ ਦਾ ਕੁਝ ਵੀ ਭੈ ਨਾ ਕਰੋ ਕਿਉਂਕਿ ਮੈਂ ਕੁਸ਼ਲ, ਮੰਗਲ ਅਤੇ ਹਰ ਪ੍ਰਕਾਰ ਸੁਰਖਯਤ ਹਾਂ।"

ਇਸ ਤੋਂ ਪਿੱਛੋਂ ਸ੍ਵਾਮੀ ਜੀ ਬਨ ਦੇ ਸੰਘਣੇ ਅਤੇ ਕੰਟਕਾ-ਕੀਰਣ ਭਾਗ ਵਿੱਚੋਂ ਹੁੰਦੇ ਹੋਏ, ਇੱਕ ਅਜਿਹੇ ਟਿਕਾਣੇ ਤੇ ਜਾ ਨਿਕਲੇ, ਜਿਹਦੇ ਕੋਲ ਰਹਿਣ ਵਾਲੇ ਕੁਝ ਲੋਕਾਂ ਨੇ ਸ੍ਵਾਮੀ ਜੀ ਨੂੰ ਆਪਣੀਆਂ ਝੁਗੀਆਂ ਵਿੱਚ ਲਿਜਾਣਾ ਚਾਹਿਆ, ਪਰੰਤੂ ਆਪਨੇ ਹਾਮੀ ਨਹੀਂ ਭਰੀ ਕਿਉਂਕਿ **ਉਹ ਸਭ ਮੂਰਤਿ ਪੂਜਕ ਸਨ।** ਉਹਨਾਂ ਭਦ੍ਰ ਪੁਰਖਾਂ ਨੇ ਸ੍ਵਾਮੀ ਜੀ ਦੇ ਕੋਲ ਅੱਗ ਬਲਵਾ ਦਿੱਤੀ ਅਤੇ ਦੋ ਮਨੁੱਖਾਂ ਨੂੰ ਪਹਿਰੇ ਤੇ ਛੱਡ ਗਏ। ਉਹਨਾਂ ਨੇ ਸ੍ਵਾਮੀ ਜੀ ਦਾ ਤੂੰਬਾ ਭਰਕੇ ਆਪਣੀਆਂ ਬਕਰੀਆਂ ਦਾ ਦੁੱਧ ਦਿੱਤਾ, ਜਿਹਨੂੰ ਪੀਕੇ ਸ੍ਵਾਮੀ ਜੀ ਰਾਤ-ਭਰ ਉਸੇ ਥਾਂ ਹੀ ਗਹਿਰੀ ਨੀਂਦ ਸੁੱਤੇ ਅਤੇ ਸੂਰਜ ਚੜ੍ਹੇ ਤੱਕ ਸੁੱਤੇ ਰਹੇ। ਸ੍ਵਾਮੀ ਜੀ ਨੇ ਕਿਹਾ—"ਏਦੋਂ ਪਿੱਛੋਂ ਆਪਣੇ ਦੈਨਿਕ ਕ੍ਰਿਤਯਾਂ ਸੰਧਿਆ ਆਦਿ ਤੋਂ ਵਿਹਲੇ ਹੋਕੇ ਮੈਂ ਉਠਿਆ ਅਤੇ ਸਫ਼ਰ ਤੇ ਚੱਲ ਪਿਆ।" **ਏਸੇ ਤਰਾਂ ਨਰਮਦਾ ਤਟ ਤੇ ਮੈਂ ਤਿੰਨ ਸਾਲ ਤਕ ਫਿਰਦਾ ਅਤੇ ਅਨੇਕ ਮਹਾਤਮਾਵਾਂ ਦੇ ਨਾਲ ਸਤਿਸੰਗ ਕਰਦਾ ਰਿਹਾ।** ਸਿੱਟਾ ਇਹ ਕਿ ਨਰਮਦਾ **ਦੇ ਸ੍ਰੋਤ ਤੋਂ ਵਾਪਸ ਆਕੇ ਮੈਂ ਖਾਸ ਵਿਦਿਆ ਦੀ ਪ੍ਰਾਪਤੀ ਲਈ ਮਥੁਰਾ ਆਇਆ, ਸੰਮਤ 2917 ਤੋਂ 1919—ਮਥੁਰਾ ਵਿੱਚ ਇੱਕ ਸੰਨਿਆਸੀ ਸਤਿ ਪੁਰਖ ਮੈਨੂੰ ਗੁਰੂ ਮਿਲੇ। ਉਹਨਾਂ ਦਾ ਨਾਉਂ ਵਿਰਜਾਨੰਦ ਸ੍ਵਾਮੀ ਹੈ :"**

ਉੱਪਰਲੀਆਂ ਕੁੱਝ ਸਤਰਾਂ ਵਿੱਚ ਸਵਾਮੀ ਜੀ ਦੀ ਸੰਖਿਪਤ ਜਨਮ ਸਾਖੀ ਦੇ ਸੰਬੰਧ ਵਿੱਚ ਉਹਨਾ ਦਵਾਰਾ ਸੁਣਾਈ ਤੇ ਲਿਖਾਈ ਹੋਈ ਉਸ ਜੀਵਨ ਲੀਲਾ ਦੇ ਆਧਾਰ ਤੇ ਵਰਣਨ ਕੀਤੀ ਗਈ ਹੈ ਜਿਹੜੀ ਥਿਓਸੋਫਿਕਲ ਸੋਸਾਇਟੀ ਦੇ ਨੇਤਾ ਕਰਨਲ ਅਲਕਾਟ ਨੇ ਖੁਦ ਸ੍ਵਾਮੀ ਜੀ ਦੇ ਮੁਖਾਰ ਬਿੰਦ ਤੋਂ ਸ਼ਰਵਣ ਕਰਕੇ ਆਪਣੇ ਅਖ਼ਬਾਰ ਥਿਓਸੋਫਿਸਟ ਵਿੱਚ ਪ੍ਰਕਾਸ਼ਿਤ ਕਰਾਈ ਸੀ।

**ਦੇਸ਼ ਦੀ ਆਜ਼ਾਦੀ ਦੀ ਪੁਨ: ਯਾਦ**—ਉੱਤਰਾਖੰਡ ਤੋਂ ਵਾਪਸ ਆ ਕੇ ਸ੍ਵਾਮੀ ਜੀ ਨੂੰ ਕੁੰਭ ਦੇ ਅਵਸਰ ਤੇ ਮਿਲਣ ਵਾਲੇ ਸ੍ਰੀ ਸ੍ਵਾਮੀ ਪੂਰਣਾਨੰਦ ਜੀ ਦੀ ਮਿਠੀ ਯਾਦ ਦੇ ਨਾਲ ਹੀ ਉਹਨਾਂ ਦੇ ਸ੍ਵਤੰਤ੍ਰਤਾ- ਪ੍ਰੇਮ ਦੇ ਕਥਨ ਵੀ ਸਮਰਣ ਹੋ ਆਏ।

ਏਸ ਕਾਰਣ ਸ੍ਵਾਮੀ ਜੀ ਮੁੜ ਕਨਖਲ ਵਿੱਚ ਇੱਕ ਸੋ ਦਸ ਵਰ੍ਹਿਆਂ ਦੇ ਸੰਸਕ੍ਰਿਤ ਦੇ ਮਹਾਨ ਪੰਡਿਤ ਸ੍ਰੀਮਾਨ ਸ੍ਵਾਮੀ ਪੂਰਣਾਨੰਦ ਜੀ ਦੀ ਸੇਵਾ ਵਿਚ ਉਪਸਥਿਤ ਹੋਏ। ਸੁਖ-ਸਾਂਦ ਪੁੱਛਣ-ਦੱਸਣ ਦੇ ਅਨੰਤਰ ਰਾਸ਼ਟਰ ਉੱਥਾਨ ਅਤੇ ਸਵਦੇਸ਼ ਦੀ ਸਵਤੰਤ੍ਰਤਾ ਦੀ ਗੱਲ-ਬਾਤ ਛਿੜ ਗਈ। ਬ੍ਰਿਧਮਹਾਤਮਾ ਬੋਲੇ—

"ਪਿਆਰੇ ਦਯਾਨੰਦ ! ਭਾਰਤ ਦੇਸ਼ ਵਿੱਚੋਂ ਵਿਦੇਸ਼ੀ ਸ਼ਾਸਨ ਨੂੰ ਜੜੋਂ ਪੁੱਟ ਸੁੱਟਣ ਲਈ ਨਰਮਦਾ ਨਦੀ ਦੇ ਤਟਾਂ ਤੇ ਵਾਸ ਕਰਨ ਵਾਲਾ ਸੰਤ-ਸਮੂਹ ਇੱਕ ਾਰੀ ਯੋਜਨਾ ਤਿਆਰ ਕਰ ਰਿਹਾ ਹੈ। ਉਹ ਸਕੀਮ ਬਿਲਕੁਲ ਗੁਪਤ ਹੈ। ਸਾਰੇ ੇਸ਼ ਵਿੱਚ ਇੱਕ ਨਿਸ਼ਚਿਤ ਤਾਰੀਖ ਨੂੰ ਵਿਉਂਤ-ਬੱਧ ਰੀਤਿ ਨਾਲ ਉਹਦਾ ਆਰੰਭ ਵੇਗਾ। ਮੇਰੇ ਸ਼ਿਸ਼ਯ ਵਿਰਜਾਨੰਦ ਜੀ ਪਹਿਲੇ ਤੋਂ ਹੀ ਮਥੁਰਾ ਵਿੱਚ ਇੱਕ ਅਜਿਹੇ ਥਾਨ ਤੇ ਜਾ ਬੈਠੇ ਹਨ ਜਿਹੜਾ ਕਿ ਰਜਵਾੜਿਆਂ ਦੇ ਅਤਿ ਨਿਕਟ ਹੈ। ਉਹ ਇਸ ਤਸ਼ਾ ਵਿੱਚ ਆਪਣਾ ਰੰਗ ਵਿਖਾਉਣ ਲਈ ਰਾਜਿਆਂ ਨਾਲ ਬਰਾਬਰ ਸੰਪਰਕ ਬਣਾਈ ਬੈਠੇ ਹਨ। ਮੁਰਸਾਨ ਤੇ ਹਾਥਰਸ ਦੇ ਭੂਮੀਪਤੀ, ਭਰਤਪੁਰ, ਅਲਵਰ, ਕਰੌਲੀ ਜੈਪੁਰ ਅਤੇ ਗਵਾਲੀਅਰ ਦੇ ਨਰੇਸ਼ ਵੀ ਉਹਨਾਂ ਦੀ ਪ੍ਰੇਰਣਾ ਤੇ ਅਵੱਸ਼ ਸਹਿਯੋਗ ਦੇਣਗੇ। ਪੰਜਾਬ ਵੀ ਪਿਛਲੇ ਦਹਾਕੇ ਤੋਂ ਪਰ.ਤੋਲ ਰਿਹਾ ਹੈ। ਇਸ ਪ੍ਰਕਾਰ ਹੋਰ ਵੀ ਭਾਰਤੀਯ-ਜਨ-ਆਪਣਾ-ਆਪਣਾ ਯਥਾਯੋਗਯ ਬਲੀਦਾਨ ਕਰਨ ਨੂੰ ਤਿਆਰ ਬੈਠਾ ਹੈ।"

ਸ੍ਵਾਮੀ ਦਯਾਨੰਦ ਨੇ ਏਸ ਪ੍ਰਸੰਸ਼ਾ ਯੋਗਯ ਆਯੋਜਨ ਨੂੰ ਭਾਰਤ-ਭਰਦੇ ਚੰਗੇ ਭਾਗਾਂ ਦੀ ਨਿਸ਼ਾਨੀ ਸਮਝਿਆ ਤੇ ਸਨਿਮਰ ਬੇਨਤੀ ਕੀਤੀ।

"ਭਗਵਾਨ ! ਅਜਿਹੀ ਦਸ਼ਾ ਵਿੱਚ ਮੇਰਾ ਹਾਰਦਿਕ ਯੋਗਦਾਨ ਵੀ ਨਰਮਦਾ ਤਟ-ਵਾਸੀ ਸੰਤਾਂ ਨੂੰ ਪੇਸ਼ ਕਰਨਾ ਹੀ ਕਲਿਆਣਕਾਰੀ ਹੋਵੇਗਾ। ਇਸ ਪ੍ਰਕਾਰ ਦੀ ਕ੍ਰਾਂਤਿ ਦੇ ਸਮੇਂ ਸਵਾਮੀ ਵਿਰਜਾਨੰਦ ਜੀ ਕੋਲੋਂ ਵਿਦਯਾ ਪ੍ਰਾਪਤ ਕਰਨ ਲਈ ਜਾਕੇ ਬੈਠੇ ਰਹਿਣਾ ਔਖਾ ਹੀ ਹੈ।"

ਇਸ ਤੋਂ ਬਾਦ ਉਸ ਬ੍ਰਿਧ ਮਹਾਤਮਾ ਕੋਲੋਂ ਆਸ਼ੀਰਵਾਦ ਪ੍ਰਾਪਤ ਕਰਕੇ 'ਸਵਤੰਤ੍ਰਤਾ' ਅਭਿਲਾਖੀ' ਸ੍ਵਾਮੀ ਦਯਾਨੰਦ ਨੇ **ਆਪਣਾ ਮੁਖ ਨਰਮਦਾ ਨਦੀ ਵੱਲ ਮੋੜ ਲਿਆ**। ਏਸ ਸਮੇਂ ਹੋਣ ਵਾਲੀ ਉਥਲ-ਪੁਥਲ ਵਿੱਚ ਅਜੇ ਡੇਢ ਵਰ੍ਹਾ

ਬਾਕੀ ਰਹਿੰਦਾ ਸੀ। ਏਸ ਕਾਰਣ ਸੁਾਮੀ ਦਯਾਨੰਦ ਸਰਸ੍ਵਤੀ ਜੀ ਇਸ ਸਿਲਸਿਲੇ ਅਨੁਸਾਰ ਚਲਦੇ ਹੋਏ ਮੁਰਾਦਾਬਾਦ, ਸਿੰਭਲ ਹੋ ਕੇ ਗੜ੍ਹ ਮੁਕਤੇਸੁਰ ਪਹੁੰਚੇ।' (1857 ਅਤੇ ਸੁਾਮੀ ਦਯਾਨੰਦ ਪੰਨਾ 13)

**ਕੁੰਭ ਤੇ ਜਾਣ ਸਮੇਂ—**

ਸੁਾਮੀ ਦਯਾਨੰਦ ਸਰਸ੍ਵਤੀ ਜੀ ਕੁੰਭ ਤੇ ਜਾਣ ਤੋਂ ਪਹਿਲੇ ਜੈਪੁਰ ਤੋਂ ਆਬੂ, ਪਰਬਤ, ਅਜਮੇਰ; ਮਾਰਵਾੜ ਅਤੇ ਅਲਵਰ ਆਦਿ ਸਥਾਨਾਂ ਤੋਂ ਹੁੰਦੇ ਹੋਏ ਦਿੱਲੀ ਪਹੁੰਚੇ ਸਨ। ਸਾਰੇ ਇਤਨੇ ਲੰਮੇ ਰਾਹ ਵਿਚ, ਸਭਨੀਂ ਥਾਈਂ, ਸਾਰੀ ਲੋਕਾਈ ਦੇ ਮੂੰਹੋਂ ਆਪ ਜੀ ਨੂੰ ਕ੍ਰਾਂਤੀਕਾਰੀ ਵਿਚਾਰ ਹੀ ਸੁਣਨ ਵਿਚ ਆਉਂਦੇ ਰਹੇ। ਦਿੱਲੀ ਪਹੁੰਚਣ ਤੇ ਜਮਨਾ ਜੀ ਦੇ ਤਟ ਤੇ ਹਰਿਦਵਾਰ ਜਾਣ ਵਾਲੇ ਕਈ ਸਾਧੂ-ਸੰਤਾਂ ਨਾਲ ਮੁਲਾਕਾਤ ਹੋਈ। ਲਾਗੇ ਖਲੋਤੇ ਇੱਕ ਨਿੱਕੇ ਜਿਹੇ ਬਾਲਕ ਨੇ ਇਸ ਸਾਧੂ ਮੰਡਲੀ ਵਲ ਇਸ਼ਾਰਾ ਕਰਕੇ ਅਤੇ ਘ੍ਰਿਣਾ ਜਿਹੀ, ਪ੍ਰਗਟ ਕਰਦੇ ਹੋਏ ਆਪਣੀ ਮਾਂ ਨੂੰ ਕਿਹਾ ਮਾਂ ਜੀ ਆਸਾਡਾ ਦੇਸ਼ ਅਤੇ ਧਰਮ ਈਸਾ-ਪੰਥੀ ਅੰਗਰੇਜ਼ ਹਾਕਮਾਂ ਅਤੇ ਵਿਦੇਸ਼ੀ ਈਸਾਈ ਪਾਦਰੀਆਂ ਦੇ ਅਤਯਾਚਾਰਾਂ ਅਤੇ ਸ਼ੈਤਾਨੀ ਕਰਤੂਤਾਂ ਦੇ ਕਾਰਣ ਦਿਨੋਂ ਦਿਨ ਨਿਘਰਦੇ ਜਾ ਰਹੇ ਹਨ ਅਤੇ ਇਹਨਾਂ ਵਰਗੇ ਲੱਖਾਂ ਬਾਬੇ ਕੇਵਲ ਪੇਟ-ਪੂਜਾ ਵਿੱਚ ਹੀ ਮਸਤ ਹਨ; ਦੇਸ਼ ਤੇ ਧਰਮ ਦੇ ਸੰਬੰਧ ਵਿੱਚ ਕੁਝ ਵੀ ਚਿੰਤਾ ਨਹੀਂ ਕਰਦੇ ਜਿੱਦਾਂ ਇਸ ਵਿਸ਼ੇ ਤੇ ਇਹਨਾਂ ਦਾ ਕੋਈ ਫ਼ਰਜ਼ ਹੀ ਨ ਹੋਵੇ। ਇਹਨਾਂ ਲਈ ਤਾਂ ਪੇਟ ਹੀ ਭਗਵਾਨ ਹੈ, ਪੇਟ ਹੀ ਸਭ ਕੁਝ ਹੈ।

ਬਾਲਕ ਦੀ ਇਹ ਸਿੱਧੀ-ਸਾਦੀ ਪਰ ਚੁਭਵੀਂ ਗੱਲ ਸੁਣਕੇ ਸਾਧੂ ਭੜਕ ਉਠੇ ਅਤੇ ਲੱਗੇ ਅਬੇ-ਤਬੇ ਬਕਣ ਅਤੇ ਸਰਾਪ ਆਦਿ ਦੇਣ, ਜਿਸ ਕਰਕੇ ਉਹ ਮਾਂ-ਪੁਤਰ ਭੈ-ਭੀਤ-ਜਿਹੇ ਹੋ ਗਏ; ਪਰੰਤੂ ਸੁਾਮੀ ਦਯਾਨੰਦ ਸਰਸਵਤੀ ਸਾਧੂਆਂ ਦੇ ਝੁਲਾਏ ਇਸ ਝੱਖੜ ਵਿੱਚ ਵੀ ਮਹਾਨ ਸ਼ਾਂਤ ਹਿਮਾਲੀਆਂ ਵਾਂਗ ਅਡੋਲ-ਅਹਿਲ-ਗੰਭੀਰ ਰਹੇ। ਉਹਨਾਂ ਨੇ ਮਾਂ-ਬੇਟੇ ਨੂੰ ਤਸੱਲੀ ਦਿੱਤੀ ਅਤੇ ਕਿਹਾ—"ਕਾਕਾ! ਤੇਰੀਆਂ ਸੱਭੇ ਗੱਲਾਂ ਠੀਕ ਹਨ। ਇਨ੍ਹਾਂ ਨਾਲ ਮੇਰੀਆਂ ਤਾਂ ਅੱਖਾਂ ਖੁੱਲ੍ਹ ਗਈਆਂ ਹਨ।"

ਵਧੇਰੀ ਪੁੱਛ-ਗਿੱਛ ਕਰਨ ਤੇ ਸੁਾਮੀ ਜੀ ਨੂੰ ਪਤਾ ਲੱਗਾ ਕਿ ਇਸ ਮੁੰਡੇ ਦੇ ਦਾਦਾ ਅਲੀਗੜ੍ਹ ਦੇ ਜ਼ਿਮੀਂਦਾਰ ਉੱਦਮੀ ਯੋਧਾ ਦਯਾਰਾਮ ਜੀ ਸਨ ਜਿਹੜੇ ਕਿ

ਸੰਨ 1819 ਈ: ਵਿੱਚ ਆਪਣੇ ਹਾਥਰਸ ਵਾਲੇ ਕਿਲੇ ਦੀ ਹਿਫ਼ਾਜ਼ਤ ਕਰਦੇ-ਕਰਦੇ ਲਾਰਡ ਹੇਸਟਿੰਗਜ ਦਾਵਾਰਾ ਲਗਾਤਾਰ ਬੰਬ-ਬਰਖਾ ਦੇ ਸਾਮ੍ਹਣੇ ਯੁੱਧ ਕਰਦੇ ਕਰਦੇ ਸ਼ਹੀਦ ਹੋ ਗਏ ਸਨ ।

**ਹਰਿਦ੍ਵਾਰ ਦੇ ਰਾਹ ਦੀਆਂ ਘਟਨਾਵਾਂ :—**

ਹਰਿਦ੍ਵਾਰ ਕੁੰਭ ਤੇ ਜਾਣਵਾਲੀ ਇਹ ਸਾਧੂ ਮੰਡਲੀ ਲਾਲ ਕਿਲ੍ਹੇ ਦੇ ਸਾਮ੍ਹਣੇ ਬੈਠੀ ਸੀ ਕਿ ਅਚਾਨਕ ਮਹਾਰਾਸ਼ਟਰ ਨਿਵਾਸੀ ਇਕ ਸਾਧੂ ਨੇ ਆ ਕੇ ਦੱਸਿਆ ਮਹਾਤਮਾਉ ! ਜਾਉ, ਆਪ ਹਰਿਦ੍ਵਾਰ ਦੇ ਕੁੰਭ ਤੇ ਇਸ਼ਨਾਨ ਕਰਕੇ ਪਵਿਤਰ ਹੋ ਜਾਉ; ਪਰੰਤੂ ਜਦ-ਤੱਕ ਅਸਾਡੇ ਦੇਸ਼ ਅਤੇ ਧਰਮ ਨੂੰ ਵਿਦੇਸ਼ੀ ਰਾਹੂ ਨੇ ਗ੍ਰਸ ਰਖਿਆ ਹੈ ਅਤੇ ਹੌਲੀ-ਹੌਲੀ ਅਸਾਡੇ ਸੁਖ, ਸ਼ਾਂਤਿ, ਸਿਖਿਆ, ਸੰਸਕ੍ਰਿਤਿ ਸੰਪਦਾ ਅਤੇ ਧਨ-ਐਸ਼ਵਰਯ ਨੂੰ ਹਜਮ ਕਰਦਾ ਜਾ ਰਿਹਾ ਹੈ, ਜਦ ਤੱਕ ਵਿਦੇਸ਼ੀ ਈਸਾਈ ਪਾਦਰੀ ਸਾਡੇ ਭੈਣਾਂ-ਭਰਾਵਾਂ ਨੂੰ ਧਰਮੋਂ ਪਤਿਤ ਕਰਕੇ ਉਹਨਾ ਨੂੰ ਦੇਸ਼-ਦ੍ਰੋਹੀ ਬਣਾਈ ਜਾ ਰਹੇ ਹਨ, ਅਤੇ ਜਦ ਤੱਕ ਰਾਹੂ-ਰੂਪ ਵਿਦੇਸ਼ੀ ਸੱਤਾ ਅਤੇ ਕੇਤੂ ਰੂਪ ਈਸਾਈ ਪਾਦਰੀਆਂ ਦੇ ਪੰਜੇ ਵਿਚੋਂ ਦੇਸ਼ ਅਤੇ ਧਰਮ ਨੂੰ ਪੂਰੀ ਤਰਹ ਆਜ਼ਾਦ ਨਹੀਂ ਕਰਾ ਲਿਆ ਜਾਂਦਾ, ਤਦ ਤੱਕ ਗੰਗਾ ਇਸ਼ਨਾਨ ਨਾਲ ਸ਼ੁੱਧ ਹੋਣ ਵਿੱਚ ਅਸੀਂ ਵਿਸ਼ਵਾਸ਼ ਨਹੀਂ ਰੱਖਦੇ ।" ਇਸ਼ ਤੋਂ ਮਗਰੋਂ ਇਸ ਮਹਾਰਾਸ਼ਟਰੀ ਮਹਾਤਮਾ ਦੀਆਂ ਬਹੁਤ ਸਾਰੀ ਲੋੜੀਂਦੀ ਗੱਲਬਾਤ ਇਕੱਠ ਵਾਂਙ ਹੁੰਦੀਆਂ ਰਹੀਆਂ । ਉਕਤ ਮਹਾਤਮਾ ਨੇ ਸਵਾਮੀ ਜੀ ਨੂੰ ਇਹ ਵੀ ਦੱਸਿਆ—"ਮੇਰੇ ਹੀ ਵਰਗੇ ਇਕ ਸੌ ਮਹਾਂ ਵਿਦਵਾਨ ਪੰਡਿਤ ਸਾਧੂਆਂ ਵਰਗੇ ਭਗਵੇ ਭੇਸ ਵਿਚ ਮੰਡਲੀਆਂ ਬਣਾਕੇ ਦੇਸ਼ ਦੀ ਸੁਵਤੰਤ੍ਰਤਾ ਦਾ ਪ੍ਰਚਾਰ ਸਰਬ-ਸਾਧਾਰਣ ਜਨਿਤਾ ਵਿੱਚ ਕਰਦੇ ਥਾਂ-ਪਰ ਥਾਂ ਫ਼ਿਰ ਰਹੇ ਹਨ ।"

ਉਹਨੀਂ ਦਿਨੀਂ ਹਰਿਦਵਾਰ ਕੁੰਭ ਤੇ ਜਾਣ ਵਾਲੇ ਯਾਤ੍ਰੀ ਸੈਂਕੜਿਆਂ ਦੀ ਸੰਖਯਾ ਵਿੱਚ ਕਾਫਿਲੇ ਬਣਾ ਕੇ ਚਲਿਆ ਕਰਦੇ ਸਨ । ਅੰਗ੍ਰੇਜ਼ ਸਰਕਾਰ ਦੇ ਅਨੇਕਾਂ ਭੇਦੀਏ ਅਤੇ ਯਾਤਰੀਆਂ ਦੀ ਹਿਫਾਜ਼ਤ ਦੇ ਬਹਾਨੇ ਗੋਰੇ ਘੋੜੇ-ਚੜੇ ਵੀ ਨਾਲ-ਨਾਲ ਚਲਦੇ ਰਹਿੰਦੇ ਸਨ । ਇਹ ਸ਼ੈਤਾਨ ਸਿਫ਼ਤ ਭੇਦੀਏ (ਖੁਫੀਆ ਪੁਲਿਸ ਦੇ ਆਦਮੀ) ਕਦੀ-ਕਦੀ ਯਾਤ੍ਰੀਆਂ ਦੇ ਸਮੂਹਾਂ ਵਿੱਚ ਭੋਲੇ-ਭੋਲੇ ਲੋਕਾਂ ਦੇ ਸਾਮ੍ਹਣੇ ਅੰਗ੍ਰੇਜ਼ਾਂ ਦੇ ਅਤਯਾਚਾਰਾਂ ਦੀਆਂ ਸੱਚੀਆਂ-ਝੂਠੀਆਂ, ਅਸਲੀ-ਨਕਲੀ ਕਹਾਣੀਆਂ ਸੁਣਾ ਸੁਣਾ ਕੇ ਉਹਨਾਂ ਦੇ ਜਜਬਾਤ ਨੂੰ ਭੜਕਾਉਂਦੇ ਅਤੇ ਫੇਰ ਰਿਪੋਟਾਂ ਕਰਕੇ ਬੇਗੁਨਾਹ ਲੋਕਾਂ ਨੂੰ

ਮੁਸੀਬਤਾਂ ਵਿੱਚ ਫਸਾਕੇ ਆਪਣਾ ਉੱਲੂ ਸਿੱਧਾ ਕਰਦੇ ਹੁੰਦੇ ਸਨ। ਸਰਕਾਰੀ ਕਾਰਿੰਦਿਆਂ ਵਿੱਚੋਂ ਇੱਕ ਬਦਕਿਸਮਤ ਆਦਮੀ ਫੜਿਆ ਗਿਆ। ਗੱਲਾਂ ਕਰਨ ਵਾਲਾ ਭੇਦੀਆ ਆਪ ਤੇ ਅਲੋਪ ਹੋ ਗਿਆ ਪਰ ਉਸ ਵਿਚਾਰੇ ਸਰਕਾਰੀ ਕਰਮਚਾਰੀ ਦੇ ਸਿਰ ਤੇ ਮੁਸੀਬਤ ਦਾ ਪਹਾੜ ਟੁੱਟ ਪਿਆ। ਉਹਦੀ ਇਸਤ੍ਰੀ ਜਿਸਦੇ ਕੁੱਛੜ ਇਕ ਆਝਾਣਾ ਬਾਲ ਸੀ, ਆਪਣੇ ਬੇਗੁਨਾਹ ਪਤੀ ਲਈ ਮੁਆਫ਼ੀ ਦੀ ਭਿੱਛਿਆ ਮੰਗਣ ਲਈ ਅੰਗ੍ਰੇਜ਼ ਅਫ਼ਸਰ ਦੇ ਪੈਰਾਂ ਤੇ ਢਹਿ ਪਈ; ਉਹਦਾ ਪਤੀ ਪਹਿਲੇ ਹੀ ਹੱਥ ਜੋੜਦਾ, ਤਰਲੇ ਲੈਂਦਾ ਰੱਬ ਦੇ ਵਾਸਤੇ ਪਾਉਂਦਾ ਅਤੇ ਅੱਗੋਂ ਲਈ ਇਹੋ ਜਿਹੀਆਂ ਗੱਲਾਂ ਸੁਣਨ ਤੋਂ ਕੰਨਾਂ ਨੂੰ ਹੱਥ ਲਾਉਂਦਾ ਪਿਆ ਸੀ। ਬਜਾਇ ਇਸਦੇ ਕਿ ਇਨ੍ਹਾਂ ਨਿਸ਼ਪਾਪ ਨਿਰਪਰਾਧ ਇਸਤ੍ਰੀ-ਪੁਰਖ ਦੇ ਹਾੜੇ ਤੇ ਤਰਲੇ ਉਸ ਗੋਰੇ ਦੇ ਦਿਲ ਵਿੱਚ ਕਿਸੇ ਕਿਸਮ ਦੇ ਇਨਸਾਨੀ ਜਜ਼ਬੇ ਨੂੰ ਅਪੀਲ ਕਰਦੇ, ਉਸ ਸ਼ੈਤਾਨ ਸਿਫ਼ਤ ਰਾਖਸ਼ ਦੀਆਂ ਦਾਨਵੀ ਭਾਵਨਾਂ ਦੀ ਬਲਦੀ ਅੱਗ ਤੇ ਪੈਟ੍ਰੋਲ ਦਾ ਕੰਮ ਕੀਤਾ ਅਤੇ ਉਹਦੇ ਵਿਹੁ ਭਰੇ ਹ੍ਰਿਦਯਾ ਵਿੱਚ ਬਦਲੇ ਦੀ ਜਵਾਲਾ ਭਾਂਬੜ ਰੂਪ ਵਿੱਚ ਭੜਕ ਉੱਠੀ। ਉਹਨੇ ਮਾਂ ਦੀ ਗੋਦੀ ਵਿੱਚੋਂ ਉਸ ਦੁੱਧ ਪੀਂਦੇ ਬੱਚੇ ਨੂੰ ਖੋਹ ਲਿਆ ਅਤੇ ਗੰਗਾ ਦੀਆਂ ਤੇਜ਼, ਤੀਬ੍ਰ ਗਾਮੀ ਲਹਿਰਾਂ ਵਿੱਚ ਵਗਾਹ ਮਾਰਿਆ। ਮਾਮਤਾ ਦੀ ਮਾਰੀ ਮਾਂ ਇਸ ਅਕਹਿ ਦੁਰਘਟਨਾ ਦੇ ਅਸਹਿ ਸਦਮੇ ਨੂੰ ਬਰਦਾਸ਼ਤ ਨ ਕਰ ਸਕੀ ਅਤੇ ਬੱਚੇ ਦੇ ਮਗਰ ਹੀ ਛਾਲ ਮਾਰ ਦਿੱਤੀ ਅਤੇ ਸਾਰੇ ਯਾਤ੍ਰੀਆਂ ਦੀਆਂ ਅੱਖਾਂ ਦੇ ਸਾਮ੍ਹਣੇ ਦੋਵੇਂ ਮਾਂ-ਬੇਟਾ ਨਦੀ ਦੇ ਤੇਜ਼ ਵਹਿਣ ਵਿੱਚ ਰੁੜ੍ਹ ਗਏ। ਇੱਕ ਗੋਰੇ ਦੀ ਇਸ ਸ਼ੈਤਾਨੀ ਕਰਤੂਤ ਨੂੰ ਆਪ ਪ੍ਰਤੱਖ ਵੇਖਕੇ ਯਾਤ੍ਰੀਆਂ ਦੀ ਨਾਕਾਬਿਲੇ ਬਰਦਾਸ਼ਤ ਸਦਮਾ ਪਹੁੰਚਿਆ ਅਤੇ ਸਾਧੂ ਮੰਡਲੀ ਦੇ ਦਿਲ-ਦਿਮਾਗ਼ ਤੇ ਆਪਣੀ ਬੇਬਸੀ ਬੇਦਸੀ ਅਤੇ ਆਪਣੇ ਦੇਸ਼ ਤੇ ਧਰਮ ਦੀ ਦੁਰਦਸ਼ਾ ਦਾ ਨਕਸ਼ਾ ਡਾਢਾ ਡੂੰਘਾ ਉਕਰਿਆ ਗਿਆ ਅਤੇ ਕ੍ਰਾਂਤਿ ਦੇ ਭਾਵ ਪੱਕੀ ਤਰਹ ਸਭ ਦੇ ਮਨ-ਮਸਤਿਕ ਤੇ ਪੱਕੀ ਤਰਹ ਅੰਕਿਤ ਹੋ ਗਿਆ। ਉਹਨਾਂ ਪ੍ਰਤਿਗਯਾ ਕੀਤੀ ਕਿ—"ਦੁੱਖੀ, ਪਰਾਧੀਨ ਭਾਰਤ ਮਾਤਾ ਦੀ ਸੇਵਾ ਵਿੱਚ ਅਸਾਂ ਸਭਨਾਂ ਨੂੰ ਆਪਣੇ ਜੀਵਨਾਂ ਵਿੱਚ ਅਤੇ ਆਪਣੀ ਸ਼ਕਤੀ ਦੇ ਅਨੁਸਾਰ ਕੁਝ ਨ ਕੁਝ ਅੰਸ਼ ਜ਼ਰੂਰ ਅਰਪਣ ਕਰ ਦੇਣਾ ਚਾਹੀਦਾ ਏ।"

ਕਿਧਰੇ ਕਿਸੇ [illegible] ਵਿੱਚ [illegible] ਨਿਰਾਪਦ ਸਥਾਨ ਤੇ ਜਿੱਥੇ ਸਰਕਾਰੀ

गुरु विरजानन्द ...
सन्दर्भ पुस्...
परिग्रहण क्रमांक ... 1522
दयानन्द महिला महा...

ਗੁਪਤਚਰਾਂ ਦਾ ਭੈ ਨਹੀਂ ਹੁੰਦਾ ਸੀ, ਇਹ ਤੀਰਥ ਯਾਤਰੀ ਸਾਧੂ ਮੰਡਲੀ ਵਿਚਾਰ ਕਰਦੀ ਹੁੰਦੀ ਸੀ ਕਿ —"ਦੇਸ਼ ਦੀ ਦੁਰ-ਅਵਸਥਾ ਨੂੰ ਵੇਖਦੇ ਹੋਏ ਭਗਵੇ-ਭੇਸ ਨੂੰ ਧਾਰਣ ਕਰਕੇ ਆਪਣੀ ਮੁਕਤੀ ਅਤੇ ਨਿਰਵਾਣ ਅਥਵਾ ਪਾਰਮਾਰਥਿਕ ਕਲਿਆਣ ਦੀ ਖਾਤਿਰ ਸਾਰੇ ਦੇਸ਼ ਵਿਚ ਘੁੰਮਦੇ ਫ਼ਿਰਨਾ ਅਤੇ ਬੇਗਾਨੇ ਮਾਲ ਤੇ ਐਸ਼ ਉਡਾਉਂਦੇ ਰਹਿਣਾ ਵੱਡੀ ਲੱਜਿਆ ਅਤੇ ਸ਼ਰਮਿੰਦਗੀ ਦੀ ਗਲ ਭਾਸ਼ ਰਹੀ ਹੈ; ਪਰ ਦੇਸ਼ ਵਾਸੀਆਂ ਨੂੰ ਸਚੇਤ ਅਤੇ ਦਲ-ਬੱਧ ਕਿਵੇਂ ਕੀਤਾ ਜਾਵੇ ?" ਇਹੋ ਵਿਚਾਰ ਉਹਨਾਂ ਦੇ ਦਿਲ-ਦਿਮਾਗ ਛਾਏ ਰਹਿਣ ਲੱਗ ਪਏ ।

**ਭੇਲੋਰ ਦੀ ਬਗਾਵਤ**—ਏਸੇ ਯਾਤ੍ਰਾ ਵਿੱਚ ਕੁਝ ਸਾਧੂਆਂ ਨੇ ਭੇਲੋਰ (ਦੱਖਣ) ਦੀ ਸਿਪਾਹੀ ਬਗ਼ਾਵਤ ਦੀ ਕਥਾ ਸੁਣਾਉਂਦੇ ਹੋਏ ਅੰਗ੍ਰੇਜ਼ੀ ਅਫਸਰਾਂ ਦੀ ਦਾਨਵੀ ਕਰਤੂਤਾਂ ਦਾ ਇਹਨਾਂ ਸ਼ਬਦਾਂ ਵਿੱਚ ਵਰਣਨ ਕੀਤਾ—

"ਗਵਰਨਰ ਜਨਰਲ ਦੇ ਪਿਛੋਂ ਆਰਜ਼ੀ ਤੌਰ ਤੇ ਜਾਰਜ ਬੁਰਲੇ ਨੇ ਕੰਮ ਦਾ ਭਾਰ ਸੰਭਾਲਿਆ । ਉਹਨੀਂ ਦਿਨੀਂ ਲਾਰਡ ਬੈਂਟਿਕ ਮਦਰਾਸ ਦਾ ਗਵਰਨਰ ਸੀ । ਉਹਦੀ ਮਰਜ਼ੀ ਨਾਲ ਫ੍ਰੈਡ੍ਰਿਕ ਨਾਉਂ ਦੇ ਸੈਨਾਪਤੀ ਨੇ ਦੇਸੀ ਸਿਪਾਹੀਆਂ ਲਈ ਇਹ ਫੌਜੀ ਹੁਕਮ ਕਢਿਆ—(1) ਸਾਰੇ ਫ਼ੌਜੀਆਂ ਨੂੰ ਕੰਪਨੀ ਵੱਲੋਂ ਦਿੱਤੀ ਟੋਪੀ ਅਵਸ਼ਯ ਪਹਿਨਣੀ ਪਵੇਗੀ । (ਇਹਦੇ ਉੱਪਰ ਗਊ ਦਾ ਚਮੜਾ ਤੇ ਹੇਠਾਂ ਸੂਰ ਦਾ ਚੰਮ ਲਗਾ ਹੋਇਆ ਸੀ), (2) ਸਭ ਕਿਸੇ ਨੂੰ ਦਾੜ੍ਹੀ-ਮੁੱਛ ਅਤੇ ਚੋਟੀ ਸਾਫ ਕਰ ਦੇਣੀ ਪਵੇਗੀ । (3) ਮੱਥੇ ਤੇ ਟਿੱਕਾ ਲਗਾਉਣਾ, ਮੋਢੇ ਤੇ ਜਨੇਉ ਧਾਰਣ ਕਰਨਾ ਗਲ ਵਿੱਚ ਮਾਲਾ ਅਥਵਾ ਤਸਬੀਰ ਪਾਉਣਾ ਮਨ੍ਹਾ ਹੋਵੇਗਾ । (4) ਵਿਸ਼ਰਾਮ ਦੇ ਸਮੇਂ ਤੋਂ ਅੱਗੇ—ਪਿੱਛੇ ਕੋਈ ਹਿੰਦੂ ਸਿਪਾਹੀ ਸੰਧਯਾ ਅਤੇ ਮੁਸਲਮਾਨ ਨਿਮਾਜ਼ ਨਹੀਂ ਪੜ੍ਹ ਸਕੇਗਾ, ਏਥੋਂ ਤਕ ਕਿ ਪਰਮਾਤਮਾ ਦਾ ਜਾਂ ਖੁਦਾ ਦਾ ਨਾਮ ਭੀ ਉੱਚਾਰਣ ਨਹੀਂ ਕਰ ਸਕੇਗਾ ।"

ਸਭਨਾਂ ਦੇਸੀ ਸਿਪਾਹੀਆਂ ਨੇ ਇਹਨਾਂ ਹੁਕਮਾਂ ਨੂੰ ਆਪਣੇ ਧਰਮ-ਈਮਾਨ-ਜਾਤਿ ਅਤੇ ਸਭਯਤਾ ਤੇ ਡਾਢੀ ਤੇ ਕਾਰੀ ਸੱਟ ਸਮਝਿਆ । ਸਭ ਤੋਂ ਪਹਿਲੇ ਭੇਲੋਰ' ਦੇ ਸਿਪਾਹੀਆਂ ਨੇ ਬਗ਼ਾਵਤ ਦਾ ਏਲਾਨ ਕਰਨ ਦੇ ਨਾਲ ਹੀ ਇੱਕ ਸੌ ਤੇਰਹਾਂ

ਗੋਰੇ ਸਿਪਾਹੀਆਂ ਅਤੇ ਦੋ ਹੋਰ ਫੌਜੀ ਕਰਮਚਾਰੀਆਂ ਦੀ ਹਤਿਆ ਕਰ ਸੁੱਟੀ। ਏਸ ਬਗਾਵਤ ਨੂੰ ਦਬਾਉਣ ਲਈ ਅਰਕਾਟ ਦੀ ਛਾਉਣੀ ਤੋਂ ਭਾਰੀ ਫ਼ੌਜ ਬੁਲਾਈ ਗਈ। ਬਾਗੀ ਵੀਰਾਂ ਨੂੰ ਹੱਥ-ਕੜੀਆਂ ਮਾਰੀਆਂ ਗਈਆਂ ਅਤੇ ਦੋ ਦਿਨਾਂ ਤਕ ਉਹਨਾਂ ਨੂੰ ਭੁੱਖੇ-ਨੰਗੇ ਰਖਿਆ ਗਿਆ। ਤੀਜੇ ਦਿਨ ਵਿਦਰੋਧੀ ਨੇਤਾਵਾਂ ਦੇ ਜੀਉਂਦੇ ਸ਼ਰੀਰਾਂ ਤੋਂ ਖ਼ੱਲ ਉਧੇੜੀ ਗਈ ਅਤੇ ਖਲੜੀ ਰਹਿਤ ਮੁਰਦਾ ਲਾਸ਼ਾ ਨੂੰ ਠੇਲ੍ਹੇ ਵਿੱਚ ਲੱਦਕੇ ਸਾਰੀ ਛਾਉਣੀ ਵਿਚ ਉਹਨਾਂ ਦਾ ਜਲੂਸ ਕਢਿਆ ਗਿਆ। ਬਾਕੀ ਵਿਦ੍ਰੋਹੀ ਵੀਰਾਂ ਨੂੰ ਮਾਰਸ਼ਲ-ਲੱਾ (ਫ਼ੌਜੀ ਕਾਨੂੰਨ) ਦੇ ਅਨੁਸਾਰ ਮੁਜਰਿਮ ਕਰਾਰ ਦੇਕੇ ਗੋਲੀਆਂ ਨਾਲ ਭੁੰਨ ਸੁੱਟਿਆ ਗਿਆ। ਇਹੋ ਜਿਹੀਆਂ ਦਾਨਵੀ ਕਰਤੂਤਾਂ ਦਾ ਆਸਰਾ ਲੈਕੇ 'ਭੇਲੋਰ' ਦੀ ਬਗ਼ਾਵਤ ਦਬਾ ਦਿੱਤੀ ਗਈ।

**ਬਾਰਕਪੁਰ (ਬੰਗਾਲ) ਦਾ ਸਿਪਾਹੀ ਵਿਦ੍ਰੋਹ**—ਕਿਸੇ ਹੋਰ ਮਹਾਤਮਾ ਨੇ ਬਿਆਨ ਕੀਤਾ—"ਸੰਨ 1821-22 ਈ ਵਿਚ ਬਾਰਕਪੁਰ (ਬੰਗਾਲ) ਦੇਸੀ ਸਿਪਾਹੀਆਂ ਨੂੰ ਸਮੁੰਦਰ ਪਾਰ ਕਰਕੇ ਬ੍ਰਹਮਾ ਦੇਸ਼ ਵਿੱਚ ਜਾ ਕੇ ਲੜਨ ਦਾ ਹੁਕਮ ਸੁਣਾਇਆ ਗਿਆ ਸੀ। ਧਰਮ-ਭਾਵਨਾਂ ਵਾਲੇ ਉਹਨਾਂ ਸਿਪਾਹੀਆਂ ਦੇ ਦਿਲਾਂ ਵਿੱਚ ਕ੍ਰੋਧ ਪੈਦਾ ਹੋਣਾ ਜ਼ਰੂਰੀ ਸੀ। ਸਮੁੰਦਰ ਯਾਤ੍ਰਾ ਨਾਲ ਉਹਨਾਂ ਨੂੰ ਆਪਣਾ ਧਰਮ ਭ੍ਰਸ਼ਟ ਹੋਣ ਦਾ ਅਤੇ ਬਿਰਾਦਰੀ ਵਿਚੋਂ ਛੇਕੇ ਜਾਣ ਦਾ ਡਰ ਪੈਦਾ ਹੋ ਗਿਆ ਸੀ। ਉਹਨਾਂ ਨੇ ਫੇਰ ਵੀ ਆਪਣੇ ਗੁੱਸੇ ਨੂੰ ਦਬਾਕੇ ਕਾਨੂੰਨੀ ਮਾਰਗ ਦਾ ਅਨੁਸਰਣ ਕੀਤਾ। ਉਹਨਾਂ ਵਿਚੋਂ ਦੋ ਸੌ ਸਿਪਾਹੀਆਂ ਨੇ ਆਪਣੇ ਅਫਸਰਾਂ ਦੀ ਸੇਵਾ ਵਿਖੇ ਲਿਖਿਤ ਪ੍ਰਾਰਥਨਾ ਪਤਰ ਦੁਵਾਰਾ ਬੇਨਤੀ ਕੀਤੀ ਕਿ—

"ਆਪਣੀ ਧਰਮ-ਰਖਿਆ, ਜਾਤੀ-ਰਖਯਾ, ਆਚਾਰ-ਰਖਯਾ ਅਤੇ ਮਰਯਾਦਾ ਰਖਯਾ ਦੇ ਵਿਚਾਰ ਨਾਲ ਅਸੀਂ ਸਮੁੰਦਰ ਯਾਤਰਾ ਕਰਨ ਵਿਚ ਅਸਮਰਥ ਹਾਂ। ਏਸ ਕਾਰਣ ਇਸ ਆਦੇਸ਼ ਨੂੰ ਵਾਪਸ ਲੈਣ ਦੀ ਕ੍ਰਿਪਾਲਤਾ ਕੀਤੀ ਜਾਵੇ।"

ਪਰ ਅਭਿਮਾਨੀ ਅੰਗ੍ਰੇਜ਼ ਅਫ਼ਸਰਾਂ ਨੇ ਮਾਰਸ਼ਲ-ਲਾ ਦੀ ਅਦਾਲਤ ਦਾ ਢੌਂਗ ਰਚਾ ਕੇ ਸਾਰੇ ਪ੍ਰਾਰਥਨਾ ਕਰਨ ਵਾਲਿਆਂ ਨੂੰ ਹੱਥ-ਕੜੀਆਂ ਮਾਰਕੇ ਕਤਾਰਾਂ ਵਿੱਚ ਖਲ੍ਹਿਆਰ ਕੇ ਗੋਲੀਆਂ ਨਾਲ ਗੋਰੇ ਫੌਜੀਆਂ ਦੇ ਹੱਥੋਂ ਉਡਵਾ ਦਿੱਤਾ ਗਿਆ। ਮੁਰਦਾ ਲਾਸ਼ਾਂ ਨੂੰ ਪੂਰੇ ਇੱਕ ਹਫ਼ਤੇ ਲਈ ਨੁਮਾਇਸ਼ ਦੇ ਢੰਗ ਨਾਲ ਤੇ ਗੰਗਾ ਦੇ ਕੰਢੇ ਤੇ

ਰੱਖੀ ਰੱਖਿਆ। ਮਰਨ ਵਾਲਿਆਂ ਦੇ ਇਸ਼ਟ-ਮਿਤਰ, ਸਕੇ-ਸੰਬੰਧੀ, ਜਿਹੜੇ ਲਾਸ਼ਾਂ ਨੂੰ ਪਛਾਣ ਕੇ ਲੈ ਜਾਣ ਲਈ ਆਉਂਦੇ ਸਨ, ਜ਼ਰਾ ਜਿੰਨੀ ਵਿਲੰਭ ਹੋ ਜਾਣ ਤੇ, ਝੱਟ ਉਹਨਾਂ ਤੇ ਵੀ ਗੋਲੀ ਵਰ੍ਹਣ ਲੱਗ ਪੈਂਦੀ ਸੀ, ਜਿਸ ਕਰਕੇ ਉਹਨਾਂ ਵਿਚੋਂ ਵੀ ਕਈ ਲੋਕ ਫੱਟੜ ਹੁੰਦੇ ਅਤੇ ਕਈ ਤਾਂ ਮਰ ਵੀ ਜਾਂਦੇ ਸਨ। ਲਾਸ਼ਾਂ ਨੂੰ ਖੁਲ੍ਹੇ ਆਕਾਸ਼ ਦੇ ਹੇਠਾਂ ਸੁੱਟਿਆ ਹੋਇਆ ਸੀ, ਇਸ ਕਾਰਣ ਜੰਗਲੀ ਜਨੌਰਾਂ ਤੇ ਮਾਸਾਹਾਰੀ ਪੰਛੀਆਂ ਨੇ ਸਾਰਾ ਮਾਸ ਤਾਂ ਨੋਚ ਹੀ ਖਾਧਾ ਸੀ, ਕੇਵਲ ਮਨੁੱਖੀ ਪਿੰਜਰ ਬਾਕੀ ਪਏ ਰਹਿ ਗਏ ਸਨ। ਅੰਤ ਵਿੱਚ ਉਹਨਾਂ ਨੂੰ ਵੀ ਗੰਗਾ ਵਿੱਚ ਸੁਟਵਾ ਦਿੱਤਾ ਗਿਆ ਸੀ।"

ਇਹਨਾਂ, ਜ਼ੁਲਮਾਂ ਦੀਆਂ ਸਾਰੀਆਂ ਕਹਾਣੀਆਂ ਸਵਾਮੀ ਦਯਾਨੰਦ ਸਰਸਵਤੀ ਜੀ ਨੇ ਵੀ ਗਹੁ ਨਾਲ ਸੁਣੀਆਂ। ਇਸ ਪ੍ਰਕਾਰ ਮੰਜ਼ਲਾਂ ਕੱਟਦੇ ਸ੍ਵਾਮੀ ਜੀ ਕੁੰਭ ਤੋਂ ਬਹੁਤ ਦਿਨ ਪਹਿਲਾਂ ਹੀ ਹਰਿਦ੍ਵਾਰ ਜਾ ਪੁੱਜੇ ਸਨ। ਹੋਰ ਵੀ ਹਜ਼ਾਰਾਂ-ਲੱਖਾਂ ਯਾਤਰੀ ਦਿਨ-ਪਰ-ਦਿਨ ਪਹੁੰਚਣ ਲੱਗੇ। ਨਗਰ ਦੇ ਸਾਰੇ ਮਠ-ਮੰਦਿਰ-ਅਖਾੜੇ ਅਤੇ ਧਰਮਸ਼ਾਲਾਂ ਵਿੱਚ ਬਹੁਤ ਭੀੜ ਹੋ ਗਈ। ਇਸ-ਰੌਲੇ-ਰੱਪੇ ਅਤੇ ਸ਼ੋਰ-ਸ਼ਰਾਬੇ ਤੋਂ ਬਚਣ ਦੀ ਖਾਤਿਰ ਹੀ ਸ੍ਵਾਮੀ ਜੀ ਨੇ ਨਗਰ ਤੋਂ ਬਾਹਰ, ਜਨ-ਕੋਲਾਹਲ ਤੋਂ ਬਹੁਤ ਦੂਰ ਚੰਡੀ ਦੇ ਜੰਗਲ ਵਿਚ ਡੇਰਾ ਜਾ ਲਾਇਆ ਸੀ। ਏਥੇ ਸਿੱਧ-ਯੋਗੀਆਂ ਦਾ ਸਤਿਸੰਗ ਲਾਭ ਕਰਨ ਦੀ ਵੀ ਵਧੇਰੀ ਸੰਭਾਵਨਾ ਸੀ।

ਇਕ ਦਿਨ ਚੰਡੀ-ਅਸਥਾਨ ਦੇ ਸੰਨਿਆਸੀ ਸ੍ਵਾਮੀ ਰੁਦਰਾਨੰਦ ਜੀ ਨੇ ਸ੍ਵਾਮੀ ਦਯਾਨੰਦ ਜੀ ਸਰਸਵਤੀ ਨੂੰ ਸੂਚਨਾ ਦਿੱਤੀ ਕਿ-ਭਾਰਤ ਭਰ ਵਿਚ ਹੋਣ ਵਾਲੇ ਦੇਸ਼-ਵਯਾਪੀ ਵਿਦ੍ਰੋਹ ਦੇ ਨੇਤਾ-ਗਣ ਏਥੇ (ਚੰਡੀ ਪਰਬਤ ਤੇ) ਆਉਣ ਵਾਲੇ ਹਨ।' ਸ੍ਵਾਮੀ ਦਯਾਨੰਦ ਜੀ ਬੜੀ ਤਾਂਘ ਨਾਲ ਉਹਨਾਂ ਭਦਰ ਪੁਰਖਾਂ ਦੀ ਉਡੀਕ ਕਰਨ ਲੱਗੇ। ਤਿੰਨਾਂ ਹੀ ਦਿਨਾਂ ਮਗਰੋਂ ਪੰਜ ਅਣਡਿੱਠੇ ਸੱਜਣ ਉਥੇ ਆਏ ਅਤੇ ਪੁੱਛਣ ਲੱਗੇ ਕਿ—"ਆਬੂ ਪਰਬਤ ਤੋਂ ਆਉਣ ਵਾਲੇ ਮਹਾਤਮਾ ਸ੍ਵਾਮੀ ਦਯਾਨੰਦ ਸਰਸਵਤੀ ਜੀ ਕਿੱਥੇ ਹਨ ? ਅਸੀਂ ਉਹਨਾਂ ਦੇ ਦਰਸ਼ਨਾਂ ਨੂੰ ਲੋਚਦੇ ਹਾਂ।" ਆਮੋ-ਸਾਮ੍ਹਣੇ ਸਾਖਯਾਤ ਹੋਣ ਤੇ ਸ੍ਵਾਮੀ ਜੀ ਨੇ ਉਹਨਾਂ ਨਵੇਂ ਆਉਣ ਵਾਲੇ ਸੱਜਣਾਂ ਦਾ ਯਥਾ ਯੋਗ ਸਵਾਗਤ ਕਰਕੇ ਉਹਨਾਂ ਦਾ ਪਰਿਚਯ ਪੁਛਿਆ। ਇਸ ਪ੍ਰਸ਼ਨ ਦੇ ਉੱਤਰ

ਵਿਚ ਸ੍ਵਾਮੀ ਜੀ ਨੂੰ ਦਸਿਆ ਗਿਆ ਕਿ ਉਹ ਸਣ-(1) ਦੂਸਰੇ ਪੇਸ਼ਵਾ ਬਾਜੀਰਾਉ ਦੇ ਮੁਤਬੱਨੇ ਧੁੰਧੂਪੰਤ (ਨਾਨਾ ਜੀ) (2) ਸ੍ਰੀ ਬਾਲਾਂ ਸਾਹਿਬ ਜੀ ਨਾਨਾ ਸਾਹਿਬ ਦੇ ਸੰਬੰਧੀ (3) ਸ੍ਰੀ ਅਜ਼ੀਮੁੱਲਾ ਖਾਂ (4) ਸ੍ਰੀ ਤਾਤੀਆ ਟੋਪੇ ਅਤੇ (5) ਜਗਦੀਸ਼ ਪੁਰ ਦੇ ਜ਼ਿਮੀਂਦਾਰ ਸ੍ਰੀ ਕੁੰਵਰ ਸਿੰਘ ਜੀ। ਸੁਖ-ਸਾਂਦ ਪੁੱਛਣ-ਦੱਸਣ ਤੋਂ ਉਪਰਾਂਤ ਸ੍ਵਾਮੀ ਦਯਾਨੰਦ ਸਰਸਵਤੀ ਜੀ ਅਤੇ ਆਉਣ ਵਾਲੇ ਸੱਜਣਾਂ ਦੀ ਚੋਖੀ ਗੱਲਬਾਤ ਹੋਈ ਜਿਸ ਦਾ ਸੰਖਿਪਤ ਵੇਰਵਾ ਇਉਂ ਹੈ—

(1) ਸ੍ਰੀ ਨਾਨਾ ਸਾਹਿਬ—"ਸਵਾਮੀ ਜੀ! ਵਿਦੇਸ਼ੀ ਤੇ ਵਿਧਰਮੀ ਅੰਗ੍ਰੇਜ਼ ਆ ਕੇ ਅਸਾਡੇ ਦੇਸ਼ ਅਤੇ ਧਰਮ ਨੂੰ ਖਾਈ ਜਾ ਰਹੇ ਹਨ। ਇਹਨਾਂ ਨੂੰ ਕਿਵੇਂ ਰੋਕਿਆ ਜਾਵੇ ਇਸ ਸੰਬੰਧ ਵਿਚ ਆਪ ਜੀ ਦੀ ਕੀ ਰਾਇ ਹੈ ?

ਸ੍ਰੀ ਸ੍ਵਾਮੀ ਜੀ—"ਕਿਸੇ ਵਿਦੇਸ਼ੀ ਰਾਜਾ ਨੂੰ ਕਿਸੇ ਵੀ ਵਿਦੇਸ਼ ਤੇ ਹਕੂਮਤ ਕਰਨ ਦਾ ਕੋਈ ਹੱਕ ਨਹੀਂ ਹੈ। ਅੰਗ੍ਰੇਜ਼ਾਂ ਦੀ ਅਮੀਰੀ, ਭਾਰਤ ਨੂੰ ਚੂਪਦੇ ਰਹਿਣ ਤੇ ਹੀ ਨਿਰਭਰ ਹੈ। ਜੇ ਸੋਚਿਆ ਜਾਏ ਤਾਂ ਭਾਰਤਵਾਸੀ ਅਸਭਯ ਅਤੇ ਅੰਗ੍ਰੇਜ਼ ਵਧੇਰੇ ਸਭਯ ਨਹੀਂ ਹਨ। ਸਗੋਂ ਉਹ ਤਾਂ ਜੰਗਲੀ-ਹਿੰਸਕ ਪਸ਼ੂਆਂ ਵਾਂਙ ਸਾਡੇ ਉੱਤੇ ਜ਼ਬਰਦਸਤੀ ਸ਼ਾਸ਼ਨ ਚਲਾ ਰਹੇ ਹਨ। ਵਾਸਤਵ ਵਿਚ ਭਾਰਤ ਨੂੰ ਪਦ-ਦਲਿਤ ਕਰਦੇ ਰਹਿਣਾ ਉਹਨਾਂ ਲਈ ਪਾਪ ਹੈ ਅਤੇ ਉਹਨਾਂ ਦੇ ਅਤਯਾਚਾਰਾਂ ਨੂੰ ਸਹਿੰਦੇ ਚਲੇ ਜਾਣਾ ਸਾਡੇ ਵਾਸਤੇ ਘੋਰ ਅਪਰਾਧ ਹੈ, ਬਜਰ ਪਾਪ ਹੈ।

(3) ਸ੍ਰੀ ਬਾਲਾ ਸਾਹਿਬ—"ਮਹਾਰਾਜ! ਅਸਾਡੇ ਅੰਦਰ ਕੀਹ ਦੋਸ਼ ਹੈ, ਜਿਸ ਦੇ ਕਾਰਣ ਅਸਾਡੀ ਇਤਨੀ ਦੁਰਦਸ਼ਾ ਹੋ ਰਹੀ ਹੈ ?"

ਸ੍ਰੀ ਸ੍ਵਾਮੀ ਜੀ—"ਭਰਾ ਨਾਲ ਭਰਾ ਦਾ ਵਿਰੋਧ ਹੀ ਸਾਡੇ ਸਰਵਨਾਸ਼ ਦਾ ਕਾਰਣ ਹੁੰਦਾ ਹੈ, ਜਿਹਾ ਕਿ ਯੁਧਿਸ਼ਟਰ-ਦਰਯੋਧਨ ਪ੍ਰਿਥਵੀਰਾਜ-ਜੈਚੰਦ, ਪ੍ਰਤਾਪ ਸਿੰਘ ਮਾਨ ਸਿੰਘ ਆਦਿ ਦੇ ਇਤਿਹਾਸ ਦੱਸਦੇ ਹਨ। ਏਸੇ ਤਰ੍ਹਾਂ ਮੁਗਲਾਂ ਤੇ ਮਰਹੱਟਿਆਂ ਦੀ ਆਪਸੀ ਕਲਹ ਦਾ ਲਾਭ ਉਠਾਕੇ ਅੰਗ੍ਰੇਜ਼ ਏਥੇ ਜਮ ਗਿਆ ਹੈ। ਇਹੋ ਅਨੇਕਤਾ ਅਤੇ ਆਪਸੀ ਵਿਰੋਧ ਹੀ ਆਸਾਡਾ ਸਭ ਤੋਂ ਵੱਡਾ ਦੋਸ਼ ਹੈ।"

(3) ਸ੍ਰੀ ਅਜ਼ੀਮੁੱਲਾ ਖ਼ਾਂ—ਮਹਾਤਮਨ! ਭਾਰਤ ਦੇ ਭਾਵੀ ਵਿਆਪਕ ਪ੍ਰਜਾ ਵਿਦ੍ਰੋਹ ਦੇ ਸੰਬੰਧ ਵਿਚ ਆਪ ਕੀ ਸੋਚਦੇ ਹੋ ?

ਸ੍ਰੀ ਸ੍ਵਾਮੀ ਜੀ—"ਇਸ ਹੋਣ ਵਾਲੇ ਵਿਦ੍ਰੋਹ ਵਿਚ ਧਨੀ-ਨਿਰਧਨ, ਰਾਜਾ-ਰੰਕ,

ਜ਼ਿਮੀਂਦਾਰ-ਕਿਸਾਨ, ਪੜ੍ਹੇ-ਅਨਪੜ੍ਹੇ-ਸਭੇ-ਸ਼ਾਮਿਲ ਹੋ ਰਹੇ ਹਨ। ਧਰਮ ਦੇ ਆਸਰੇ ਜਦ ਤਕ ਇਹ ਅੰਦੋਲਨ ਚਲਦਾ ਰਹੇਗਾ, ਜਦ ਤਕ ਇਸਤ੍ਰੀਆਂ ਤੇ ਬਚਿਆਂ ਤੇ ਹਮਲੇ ਨਹੀਂ ਹੋਣਗੇ, ਤਦ ਤਕ ਇਸ ਸਾਰਵ-ਜਨਕ ਆਯੋਜਨ ਨੂੰ ਸਫ਼ਲਤਾ ਪ੍ਰਾਪਤ ਹੁੰਦੀ ਰਹੇਗੀ। ਜੇ ਪੇਸ਼ਵਾ ਜਾਂ ਦਿੱਲੀ ਦੇ ਬਾਦਸ਼ਾਹ ਨੂੰ ਹੀ ਭਾਰਤ ਦਾ ਸਮ੍ਰਾਟ ਬਣਾਉਣ ਦੀ ਇੱਛੀਆ ਵੀ ਕਿਸੇ ਪਾਸਿਉਂ ਪ੍ਰਗਟ ਕੀਤੀ ਗਈ ਤਾਂ ਇਹ ਵਿਸ਼ਾਲ ਜਨ-ਜਾਗਰਣ ਬੇ-ਅਰਥ ਚਲਾ ਜਾਇਗਾ। ਮੇਰਾ ਵਿਚਾਰ ਹੈ ਕਿ ਪੰਜਾਬ ਦਾ ਸਿੱਖ ਸੰਪ੍ਰਦਾਇ, ਪੇਸ਼ਵਾ ਦਵਾਰਾ ਸੰਚਾਲਿਤ ਇਸ ਅੰਦੋਲਨ ਵਿਚ ਰੁਕਾਵਟ ਹੀ ਪਾਇਗਾ, ਕਿਉਂ ਅੰਗ੍ਰੇਜ਼-ਅਫ਼ਗਾਨ ਯੁੱਧ ਵਿਚ ਜਿੱਥੇ ਪੇਸ਼ਵਾ ਨੇ ਅੰਗ੍ਰੇਜ਼ ਨੂੰ ਪੰਜ ਲਖ ਰੁਪਇਆ ਕਰਜ਼ਾ ਦਿੱਤਾ ਸੀ ਓਥੇ ਅੰਗ੍ਰੇਜ਼-ਸਿੱਖ ਲੜਾਈ ਵਿੱਚ ਅੰਗ੍ਰੇਜ਼ ਦੇ ਪੱਖ ਨੂੰ ਦ੍ਰਿੜ੍ਹ ਕਰਨ ਲਈ ਇਕ ਹਜ਼ਾਰ ਪੈਦਲ ਸਿਪਾਹੀ ਅਤੇ ਨਾਲ ਹੀ ਇੱਕ ਹਜ਼ਾਰ ਘੋੜ-ਚੜ੍ਹੇ ਫੌਜੀ ਦਿੱਤੇ ਸਨ। ਏਸੇ ਤਰਹ ਅੰਗ੍ਰੇਜ਼ ਨੇਪਾਲ ਯੁੱਧ ਵਿਚ ਭਾਰਤ ਨੇ ਨੇਪਾਲ ਨੂੰ ਕੋਈ ਮਦਦ ਨਹੀਂ ਦਿੱਤੀ ਸੀ। ਅਸਾਡੇ ਇਸ ਸਲੂਕ ਨੂੰ ਇਤਨੀ ਛੇਤੀਂ ਨ ਸਿੱਖ ਭੁਲ ਸਕਣਗੇ ਅਤੇ ਨ ਨੇਪਾਲੀ (ਗੋਰਖੇ)। ਫੇਰ ਵੀ ਇਸ-ਜਨਜਾਗਰਣ ਦੇ ਪਰਿਣਾਮ ਸੁਭ ਹੀ ਹੋਣਗੇ। ਪਲਾਸੀ ਦੇ ਯੁੱਧ (1757 ਈ.) ਤੋਂ ਇੱਕ ਸੌ ਵਰ੍ਹਾ ਬਾਦ ਇਹ ਗਣ-ਯੁੱਧ ਹੋਣ ਵਾਲਾ ਹੈ। ਫੇਰ ਭਵਿਖਤ ਵਿਚ ਇਕ ਸੌ ਬਰਸ ਤਕ ਇਹ ਯੁੱਧ ਨਿਰੰਤਰ ਚਾਲੂ ਰਹੇਗਾ। ਭਾਵੇਂ ਏਸ ਲੰਮੇ ਸਵਤੰਤ੍ਰਤਾ ਸੰਗਰਾਮ ਵਿਚ ਅਣਗਿਣੀਆਂ ਅਤੇ ਅਣ-ਮਿਣੀਆਂ ਕੁਰਬਾਨੀਆਂ ਦੇਣੀਆਂ ਪੈਣਗੀਆਂ; ਪਰੰਤੂ ਅੰਤ ਵਿੱਚ ਅਸਾਨੂੰ ਜ਼ਰੂਰ-ਬਰ-ਜ਼ਰੂਰ ਪੂਰਣ ਸਵਰਾਜਯ ਦੀ ਪ੍ਰਾਪਤੀ ਹੋ ਜਾਇਗੀ ਅਤੇ ਅਸੀ ਸਾਰੇ ਸੰਸਾਰ ਤੇ ਦੁਬਾਰਾ ਆਪਣਾ ਗੌਰਵ ਸਥਾਪਿਤ ਕਰ ਸਕਾਂਗੇ।"

(4) ਸ੍ਰੀ ਤਾਂਤੀਆ ਟੋਪੇ—"ਪੂਜਯ ਸਵਾਮੀ ਜੀ ਆਪ ਜੀ ਨੂੰ ਆਪਣੀ ਵਿਸਤ੍ਰਤ ਦੂਰ-ਦਰਸ਼ਿਤਾ ਦੇ ਕਾਰਣ ਜਿਸ ਗਣ ਯੁੱਧ ਦਾ ਆਭਾਸ ਭਾਸਮਾਨ ਹੋ ਰਿਹਾ ਹੈ, ਉਹਦੇ ਕਾਰਣਾਂ ਦੇ ਸੰਬੰਧ ਵਿੱਚ ਆਪ ਦੀ ਕੀ ਧਾਰਣਾ ਹੈ ?

ਸ੍ਰੀ ਸਵਾਮੀ ਜੀ—"ਮੇਰੇ ਵਿਚਾਰਾਨੁਸਾਰ ਇਸ ਗਣ ਯੁੱਧ ਦੇ ਇਹ ਕਾਰਣ ਹਨ—(1) ਧਰਮਨੀਤਿਕ—ਗੋਰੇ ਪਾਦਰੀ ਅਨਪੜ੍ਹ ਹਿੰਦੂ-ਮੁਸਲਮਾਨਾਂ ਨੂੰ ਨਰਕ ਤੋਂ ਬਚਾਉਣ ਦਾ ਪਰਲੋਭਨ ਦੇ ਕੇ, ਨਿਰਧਨਾਂ ਨੂੰ ਆਰਥਿਕ ਲਾਲਚ ਵਿੱਚ ਫਸਾਕੇ,

ਕਈਆਂ ਨੂੰ ਨੌਕਰੀ ਦੇ ਸਬਜ਼ ਬਾਗ ਵਿਖਾਕੇ ਅਥਵਾ ਹਿੰਦੂ-ਮੁਸਲਮਾਨਾਂ ਦੇ ਧਰਮ ਅਥਵਾ ਮਜ਼ਹਬ ਦੀ ਕੜੀ ਤੇ ਕੌੜੀ ਆਲੋਚਨਾ ਅਤੇ ਨਿੰਦੀਆ ਕਰਕੇ ਭਾਰਤੀਆਂ ਨੂੰ ਈਸਾਈ ਬਣਾਈ ਤੁਰੇ ਜਾ ਰਹੇ ਹਨ ਅਤੇ ਨਤੀਜਾ ਇਹ ਹੋ ਰਿਹਾ ਹੈ ਕਿ ਈਸਾਈ ਬਣਨ ਵਾਲੇ ਭਾਰਤਵਾਸੀ ਲੋਕ ਦੇਸ਼ ਦ੍ਰੋਹੀ ਵੀ ਬਣਦੇ ਜਾ ਰਹੇ ਹਨ ।

(2) ਸਮਾਜ ਨੀਤਿਕ-ਲਗ-ਪਗ ਇਕ ਸੌ ਵਰ੍ਹਿਆਂ ਤੋਂ ਅਧਿਕ ਸਮੇਂ ਤੋਂ ਅੰਗਰੇਜ਼ਾਂ ਦਾ ਵਪਾਰੀਆਂ, ਰਾਜ਼ ਕਰਮਚਾਰੀਆਂ ਅਤੇ ਧਰਮ ਪ੍ਰਚਾਰਕਾਂ ਦੇ ਰੂਪ ਵਿਚ ਸਾਡੇ ਨਾਲ ਸੰਪਰਕ ਬਣਿਆ ਚਲਿਆ ਆ ਰਿਹਾ ਹੈ। ਪਰ ਉਹ ਸਾਡੇ ਨਾਲ ਘੁਲਦੇ-ਮਿਲਦੇ ਨਹੀਂ, ਸਗੋਂ ਸਾਨੂੰ ਆਪਣਾ ਮਾਤਹਿਤ ਸਮਝਕੇ ਸਾਡੇ ਪਰਛਾਵੇਂ ਤੋਂ ਵੀ ਬਚਕੇ ਰਹਿਣਾ ਚਾਹੁੰਦੇ ਹਨ । ਆਪਣੇ ਮਨਾਂ ਵਿਚ ਲੁਕੀ ਨਫਰਤ ਦੇ ਕਾਰਣ ਸਾਨੂੰ 'ਨੇਟਿਵ', 'ਨੀਗਰੋ', 'ਈਡੀਅਟ', 'ਬਲਡੀ-ਫੂਲ', 'ਬੈਸਟਰਡ', 'ਬਿੱਚ', ਆਦਿ ਘ੍ਰਿਣਾ ਪ੍ਰਦਰਸ਼ਕ ਸ਼ਬਦਾਂ ਨਾਲ ਸੰਬੋਧਿਤ ਕਰਦੇ ਹਨ । ਇਹਨਾਂ ਦੀ ਦ੍ਰਿਸ਼ਟੀ ਵਿਚ ਬੜੌਦਾ ਦੇ ਗਾਇਕਵਾੜ ਅਤੇ ਹੈਦਰਾਬਾਦ ਦੇ ਨਿਜ਼ਾਮ ਵੀ 'ਨੇਟਿਵ ਪ੍ਰਿੰਸ ਹੀ ਹਨ । ਉਹਨਾਂ ਲਈ ਭਾਰਤ ਦਾ ਹਰ ਕੋਈ, ਹਰ ਪਦਾਰਥ, ਹਰ ਸਥਾਨ ਘ੍ਰਿਣਾ ਦਾ ਪਾਤ੍ਰ ਹੈ। ਭਾਰਤੀ ਜਨ-ਸਾਧਾਰਣ ਦੇ ਅੰਦਰ ਪ੍ਰਬਲ ਵਿਦ੍ਰੋਹ ਦਾ ਭਾਵ ਇਸ ਆਪਸੀ ਰੋਕ-ਰੁਕਾਵਟ ਦੇ ਕਾਰਣ ਹੀ ਪੈਦਾ ਹੋਇਆ ਹੈ ।

(3) ਰਾਜ-ਨੀਤਿਕ—"ਅੰਗ੍ਰੇਜ਼ਾਂ ਨੇ ਰਾਜ-ਵਿਸਤਾਰ ਨੀਤੀ ਦਾ ਅਵਲੰਬਨ ਕਰਕੇ ਪੰਜਾਬ ਅਤੇ ਬ੍ਰਹਮਾ ਤੇ ਕਬਜ਼ਾ ਕਰ ਲਿਆ ਹੈ । ਸਿਤਾਰਾ, ਸੰਭਲਪੁਰ, ਝਾਂਸੀ, ਉਦੇਪੁਰ, ਨਾਗਪੁਰ ਅਤੇ ਕਰੌਲੀ ਆਦਿ ਰਾਜਯਾਂ ਕੋਲੋਂ ਹੱਕ ਖੋਹਣ ਦੀ ਨੀਤਿ ਦੀ ਵਰਤੋਂ ਕਰਕੇ ਕਬਜ਼ਾ ਜਮਾ ਲਿਆ ਹੈ । ਕਈ ਰਾਜ ਪਰਿਵਾਰਾਂ ਨੂੰ ਭੱਤਾ ਦੇਣ ਦਾ ਯਕੀਨ ਦਿਵਾ ਕੇ ਸਮਾਂ ਆਉਣ ਤੇ ਉਹਨਾਂ ਨੂੰ ਠੁੱਠ ਵਖਾ ਦਿਤਾ ਹੈ । ਇਸ ਪ੍ਰਕਾਰ ਦੀਆਂ ਚੋਰਾਕਾਰੀਆਂ, ਵਾਦਾ ਖਿਲਾਫ਼ੀਆਂ, ਵਚਨ ਭੰਗਾਂ ਅਤੇ ਅਤਯਾਚਾਰਾਂ ਦੇ ਕਾਰਣ ਰਾਜ ਪੁਰਖਾਂ ਤੇ ਉਹਨਾਂ ਦੀ ਪ੍ਰਜਾ ਦਾ ਮਨ ਵਿਹੁ-ਭਰਿਆ ਅਤੇ ਹਿੰਸਾ ਪਰਾਇਣ ਹੋ ਗਿਆ ਹੈ ।

(4) "ਅਰਥ-ਨੀਤਿਕ-ਪਿਛਲੇ ਇਕ ਸੌ ਵਰ੍ਹਿਆਂ ਵਿਚ ਦੇਸ਼ ਦੀ ਅਪਾਰ ਧਨ-ਸੰਪੱਤੀ ਇੰਗਲੈਂਡ ਭੇਜ ਦਿੱਤੀ ਗਈ ਹੈ, ਮਸ਼ੀਨੀ ਧੰਦੇ ਨੂੰ ਪ੍ਰੋਤਸਾਹਨ ਦੇ ਕੇ ਘਰੋਗੀ ਕਾਰੀਗਰੀ ਦਾ ਸਤਯਾਨਾਸ਼ ਕਰ ਦਿੱਤਾ ਗਿਆ ਹੈ । ਇਸ ਮਾਲੀ ਲੁੱਟ ਦੇ ਸਿੱਟੇ ਵਜੋਂ ਅੰਨ ਦੀ ਅਣਹੋਂਦ ਕਰਕੇ ਬਾਰ-ਬਾਰ ਕਾਲ ਪੈਣ ਲੱਗ ਪਏ ਹਨ ।

ਅਨੇਕ ਪ੍ਰਕਾਰ ਦੇ ਉਚਿਤ ਅਨੁਚਿਤ ਢੰਗਾਂ ਨਾਲ' ਲੋਕਾਂ ਦਾ ਨੱਕ ਵਿਚ ਦਮ ਕਰ ਰਖਿਆ ਹੈ : ਅੰਨ ਅਤੇ ਵਸਤ੍ਰ ਦੀ ਅਣਹੋਂਦ ਦੇ ਕਾਰਣ ਪ੍ਰਜਾ ਦਾ ਵਿਦ੍ਰੋਹ ਨੇੜੇ ਆ ਗਿਆ ਹੈ।

(5) "ਯੁੱਧ ਨੀਤਿਕ-ਅਨਪੜ੍ਹ ਮੁਲਖਈਏ ਨੂੰ ਵਿਦਯਾ ਆਦਿ ਤੋਂ ਵਾਂਝਿਆ ਰੱਖਕੇ ਤਨਖਾਹ ਦੇ ਪ੍ਰਲੋਭਨ ਨਾਲ ਫੌਜ ਵਿਚ ਭਰਤੀ ਕਰਕੇ ਜੀਅ-ਚਾਹੇ ਥਾਂ ਤੇ ਲੜਨ-ਮਰਨ ਲਈ ਭੇਜ ਦਿੱਤਾ ਜਾਂਦਾ ਹੈ। ਅੰਗਰੇਜ਼ ਫ਼ੌਜੀ ਅਫ਼ਸਰਾਂ ਦਾ ਵਰਤਾਰਾ ਇਹਨਾਂ ਭਾਰਤੀ ਰੰਗਰੂਟਾਂ ਨਾਲ ਮਨੁੱਖੀ ਸੁਭਾਵ ਦੇ ਵਿਰੁੱਧ ਹੀ ਕਿਹਾ ਜਾ ਸਕਦਾ ਹੈ। ਅੰਗਰੇਜ਼ ਸਿਪਾਹੀ ਭਾਰਤੀ ਯੋਧਾ ਨਾਲੋਂ ਕਈ ਗੁਣਾਂ ਵੱਧ ਵੇਤਨ, ਭੱਤਾ ਪ੍ਰਾਪਤ ਕਰਦਾ ਹੈ। ਨਗੁਣੀ ਗੱਲ ਤੇ ਦੇਸੀ ਸਿਪਾਹੀਆਂ ਨੂੰ ਕੋਰਟ-ਮਾਰਸ਼ਲ ਦੀ ਵਰਤੋਂ ਦੁਵਾਰਾ ਸਜ਼ਾ ਦੇ ਕੇ ਗੋਲੀਆਂ ਨਾਲ ਭੁੰਨ ਦਿੱਤਾ ਜਾਂਦਾ ਹੈ।

(6) "ਪ੍ਰਤੱਖ-ਭਾਰਤੀ ਕੌਮ ਨਾਲ ਜਿਹੜਾ ਗ਼ੈਰ-ਇਨਸਾਨੀ ਸਲੂਕ ਕੀਤਾ ਜਾਂਦਾ ਹੈ, ਉਹ ਹੁਣ ਇਕ ਦਮ ਅਸਹਿ ਹੋ ਗਿਆ ਹੈ। ਇਹ ਸਲੂਕ ਵੀ ਹੋਣ ਵਾਲੇ ਵਿਪਲਵ ਦਾ ਇਕ ਸਿੱਧਾ ਕਾਰਣ ਪ੍ਰਤੀਤ ਹੁੰਦਾ ਹੈ।

(4) ਸ੍ਰੀ ਬਾਬੂ ਕੁੰਵਰ ਸਿੰਘ ਜੀ—"ਸ੍ਵਾਮੀ ਜੀ ਮਹਾਰਾਜ ! ਯੁੱਧਾਂ ਵਿਚ ਜਿੱਤ ਤਾਂ ਯਕੀਨੀ ਨਹੀਂ ਹੰਦੀ। ਕ੍ਰਿਪਾ ਕਰਕੇ ਦੱਸੋ ਕਿ ਸਾਡਾ ਇਹ ਜਨ-ਜਾਗਰਣ ਅਥਵਾ ਗਣ-ਯੁੱਧ ਸਫਲ ਹੋਵੇਗਾ ਜਾਂ ਅਸਫਲ ?"

ਸ੍ਰੀ ਸ੍ਵਾਮੀ ਜੀ—"ਸ੍ਵਤੰਤ੍ਰਤਾ ਯੁੱਧ ਕਦੀ ਅਸਫਲ ਨਹੀਂ ਹੁੰਦਾ। ਭਾਰਤ ਹੌਲੀ ਹੌਲੀ ਇਕ ਸੌ ਵਰ੍ਹਿਆਂ ਦੇ ਅੰਦਰ ਪੂਰਾ ਪਰਤੰਤ੍ਰ ਬਣ ਗਿਆ ਹੈ। ਇਹਨੂੰ ਪੂਰਾ ਸ੍ਵਤੰਤਰ ਬਣਾਉਣ ਵਿਚ ਹੋਰ ਇਕ ਸੌ ਵਰ੍ਹੇ ਬੀਤ ਜਾਣਗੇ। ਭਾਰਤ ਪੂਰਣ ਸ੍ਵਤੰਤਰ ਬਣਕੇ ਫੇਰ ਸੰਸਾਰ ਤੇ ਆਪਣੇ ਗੌਰਵ ਨੂੰ ਪ੍ਰਕਾਸ਼ਿਤ ਕਰ ਵਿਖਾਏਗਾ। ਇਸ ਪੂਰਣ ਸ੍ਵਤੰਤਰਤਾ ਸਥਾਪਨ ਲਈ ਬਹੁਤ ਸਾਰੇ ਵੱਡਮੁੱਲੇ ਜੀਵਨਾਂ ਦੀਆਂ ਆਹੂਤੀਆਂ ਪਾਉਣੀਆਂ ਪੈਣਗੀਆਂ।" ਸ੍ਵਾਮੀ ਜੀ ਨੇ ਮੁੜ ਆਖਿਆ—"ਏਥੇ ਕੁੰਭ ਦੇ ਮੇਲੇ ਤੇ ਹਰਿਦ੍ਵਾਰ ਆਉਣ ਦਾ ਮੇਰਾ ਮੁੱਖ ਉਦੇਸ਼ ਤਾਂ ਯੋਗ-ਸਿੱਧ ਮਹਾਤਮਾਂ ਦਾ ਸੰਗਠਨ ਕਰਨਾ ਹੈ। ਅਨੇਕਾਨੇਕ ਅਖਾੜਿਆਂ ਅਤੇ ਭੇਖਾਂ ਦੇ ਲੱਖਾਂ-ਲੱਖਾਂ ਸਾਧੂਆਂ ਨੂੰ ਜਿਹੜੇ ਕਿ ਨਿਰਜਨ ਬਨਾਂ, ਪਰਬਤਾਂ ਦੀਆਂ ਬਰਫੀਲੀਆਂ ਚੋਟੀਆਂ ਅਤੇ ਡੂੰਘੀਆਂ ਗੁਫਾਂ ਵਿਚ ਤਪੱਸਿਆ ਵਿਚ ਲਵਲੀਨ ਜੀਵਨ ਬਤੀਤ ਕਰ ਰਹੇ ਹਨ, ਉਹਨਾਂ ਨਾਲ ਸੰਪਰਕ ਪੈਦਾ ਕਰਕੇ ਉਹਨਾਂ ਦਾ ਸੰਗਠਨ ਕਰਨਾ-ਬੱਸ ਏਸੇ ਉਦੇਸ ਨਾਲ ਹੁਣ ਮੈਂ

ਹਰਿਦੁਆਰ ਤੋਂ ਮਾਨਸਰੋਵਰ, ਕੈਲਾਸ਼ ਅਤੇ ਤਿੱਬਤ ਆਦਿ ਦੀ ਯਾਤਰਾ ਕਰਨ ਦਾ ਸੰਕਲਪ ਕਰੀ ਬੈਠਾ ਹਾ। ਉਥੋਂ ਆਪ ਪਹੁੰਚ ਕੇ ਉਹਨਾਂ ਮਹਾਤਮਾ ਪੁਰਖਾਂ ਨੂੰ ਦੇਸ਼-ਸੇਵਾ ਲਈ ਸੁਝਾਵ, ਸੰਮਤੀ, ਪ੍ਰੇਰਣਾ ਕਰਾਂਗਾ। ਜੇ ਏਸ ਮੰਤਵ ਨੂੰ ਅੱਖਾਂ ਤੋਂ ਓਝਲ ਕਰ ਦਿਆਂ ਤਾਂ ਮੈਂ ਅਜ਼ ਸਿੱਧਾ ਆਪਦੇ ਨਾਲ ਪ੍ਰਜਾ-ਵਿਦ੍ਰੋਹ ਵਿਚ ਖੁਸ਼ੀ-ਖੁਸ਼ੀ ਸ਼ਾਮਿਲ ਹੋ ਸਕਦਾਂ ਹਾਂ।"

ਜਨ-ਵਿਦ੍ਰੋਹ ਦੇ ਉਪਰੋਕਤ ਪੰਜਾਂ ਹੀ ਲੀਡਰਾਂ ਨੇ ਸੁਾਮੀ ਜੀ ਦੇ ਓਜਸ੍ਵੀ ਭਾਸ਼ਣ ਅਤੇ ਦੂਰ- ਦਰਸ਼ਿਤਾ ਪੂਰਣ ਸੁਝਾਵਾਂ ਨੂੰ ਸੁਣਿਆਂ ਅਤੇ ਉਹਨਾਂ ਨੂੰ ਸਾਧੂ ਸੰਗਠਨ ਦੇ ਜ਼ਰੂਰੀ ਕਾਰਜ ਵਿਚ ਲੱਗੇ ਰਹਿਣ ਦੀ ਤਾਕੀਦ ਕੀਤੀ, ਨਾਲ ਹੀ ਬੇਨਤੀ ਕੀਤੀ "ਮਹਾਰਾਜ! ਪ੍ਰਜਾ-ਵਿਦ੍ਰੋਹ ਦੀ ਯੋਜਨਾ ਵਿਚ ਪੇਸ਼ਾਵਰ ਤੋਂ ਕਲਕੱਤਾ ਅਤੇ ਮੇਰਠ ਤੋਂ ਕਰਨਾਟਕ ਤੱਕ ਹਜ਼ਾਰਾਂ ਭਾਰਤੀ ਦੇਸ ਭਗਤ ਦਿਨੇ-ਰਾਤ ਲੱਗੇ ਹੋਏ ਹਨ; ਪਰੰਤੂ ਸਾਧੂ ਸੰਗਠਨ ਦੇ ਕਾਰਜ ਵੱਲ ਅਜੇ ਪੂਰਾ ਧਿਆਨ ਨਹੀਂ ਦਿੱਤਾ ਜਾ ਸਕਿਆ। ਆਪ ਇਹਨੂੰ ਸਫਲ ਬਣਾਉਣ ਦੀ ਕ੍ਰਿਪਾਲਤਾ ਕਰੋ ਇਹੋ ਸਾਡੀ ਬੇਨਤੀ ਹੈ।"

ਸ਼੍ਰੀ ਅਜੀਮੁੱਲਾ ਖਾਂ ਦੇ ਪੁੱਛਣ ਤੇ ਕਿ—'ਇਹ ਸਾਡੀ ਪ੍ਰਜ਼ਾ ਵਿਦ੍ਰੋਹ ਦੀ ਬਾਣੀ ਫ਼ੌਜੀ ਅਤੇ ਗ਼ੈਰ-ਫ਼ੌਜੀ ਜਨਤਾ ਵਿਚ ਤੇਜ਼ ਰਫ਼ਤਾਰੀ ਤੇ ਗੁਪਤ ਰੀਤੀ ਨਾਲ ਕਿਵੇਂ ਪਹੁੰਚ ਸਕਦੀ ਹੈ?' ਸੁਾਮੀ ਜੀ ਨੇ ਵਚਨ ਕੀਤਾ—"ਇਸ ਸੰਬੰਧ ਵਿਚ ਅਤਿ ਪ੍ਰਾਚੀਨ ਪੱਧਤੀ ਇਉਂ ਹੈ ਕਿ—"ਫੌਜੀਆਂ ਵਿਚ ਪ੍ਰਚਾਰ ਲਈ 'ਕੌਲ ਫੁੱਲ' ਅਤੇ ਗ਼ੈਰ ਫ਼ੌਜੀ ਜਨਤਾ ਲਈ 'ਚਪਾਤੀ' ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਉਦਾਹਰਣ ਵਜੋਂ ਇਵੇਂ ਸਮਝੋ ਕਿ ਇਕ ਫੌਜੀ ਸਿਪਾਹੀ ਦੂਜੇ ਦੇ ਹੱਥ ਵਿਚ 'ਕੌਲ ਫੁੱਲ' ਦੇਣ ਦੇ ਨਾਲ ਹੀ ਵਿਪਲਵ ਦੀ ਮੁਕੱਰਰ ਤਾਰੀਖ ਬੋਲ ਦਿੱਤੀ ਜਾਏ ਤਾਂ ਬਗ਼ੈਰ-ਬੋਲੇ ਬੋਲੇ ਵਰਗਾ ਹੀ ਪ੍ਰਚਾਰ ਹੋ ਜਾਂਦਾ ਹੈ ਅਤੇ ਫੁੱਲ ਵੀ ਤੁਰਿਆ-ਤੁਰਿਆ ਅਖੀਰੀ ਸੈਨਿਕ ਤੱਕ ਪੁੱਜ ਜਾਂਦਾ ਹੈ, ਏਸੇ ਤਰਹ ਗ਼ੈਰ-ਫ਼ੌਜੀ ਜਨਤਾ ਵਿਚ ਵਿਪਲਵ ਦਾ ਸੁਨੇਹਾ ਪਹੁੰਚਾਉਣ ਲਈ ਕਿਸੇ ਪਿੰਡ ਵਿਚ ਵੜਕੇ 'ਚਪਾਤੀ' ਕਿਸੇ ਜਣੇ ਨੂੰ ਦੇਣ ਵੇਲੇ ਵਿਦ੍ਰੋਹ ਹੀ ਨਿਸ਼ਚਿਤ ਤਿਥੀ ਬੋਲ ਦਿੱਤੀ ਜਾਂਦੀ ਹੈ। ਉਹ ਮਨੁੱਖ 'ਚਪਾਤੀ' ਦਾ ਥੋੜਾ ਜਿਹਾ ਟੁਕੜਾ ਤੋੜਕੇ ਅੱਗੇ ਤੋਂ ਅੱਗੇ ਚਲਦਾ ਰਹਿੰਦਾ ਹੈ। ਜਦ ਉਹ 'ਚਪਾਤੀ' ਟੋਟੇ-ਟੋਟੇ ਹੋ ਜਾਣ ਕਰਕੇ ਮੁੱਕ ਜਾਏ ਤਾਂ ਦੂਜੀ 'ਚਪਾਤੀ' ਦੀ ਵਰਤੋਂ ਸ਼ੁਰੂ ਕਰ ਦਿੱਤੀ ਜਾਂਦੀ ਹੈ। ਏਸੇ ਰੀਤਿ ਨਾਲ 'ਚਪਾਤੀ' ਦੇ ਟੋਟੇ ਅਗਾਂਹ ਤੋਂ ਅਗਾਂਹ ਵੰਡਦੇ ਜਾਣ ਨਾਲ ਅਤੇ ਨਾਲ ਹੀ ਨਾਲ ਵਿਪਲਵ ਦੀ ਤਾਰੀਖ ਦੱਸਦੇ ਜਾਣ ਕੁਝ-ਕੁ ਸਮੇਂ

ਵਿੱਚ ਸਾਰੇ ਦੇਸ਼ ਵਿਚ ਇਹ ਵਿਪਲਵ-ਸੰਦੇਸ਼ ਪਹੁੰਚਾਇਆ ਜਾ ਸਕਦਾ ਹੈ ਅਤੇ ਕਿਸੇ ਨੂੰ ਖ਼ਬਰ ਵੀ ਨਹੀਂ ਹੋ ਸਕਦੀ ।"

ਵਿਪਲਵ ਦਾ ਸੰਦੇਸ਼ ਫੌਜੀ-ਗੈਰ ਫੌਜੀ ਭਾਰਤੀਆਂ ਤੱਕ ਸਮਾਂ ਆਉਣ ਤੇ ਏਸੇ 'ਕੌਲ-ਫੁੱਲ' ਅਤੇ 'ਚਪਾਤੀ' ਦੀ ਵਿਧੀ ਨਾਲ ਪਹੁੰਚਾਇਆ ਗਿਆ ਸੀ। ਪੰਜਾਂ ਹੀ ਸੱਜਣਾਂ ਨੇ ਸ੍ਵਾਮੀ ਜੀ ਨੂੰ ਪ੍ਰਣਾਮ ਕੀਤਾ ਅਤੇ ਤੁਰਨ ਲੱਗਿਆਂ ਸ੍ਰੀ ਨਾਨਾ ਸਾਹਿਬ ਨੇ ਸ੍ਰੀ ਸ੍ਵਾਮੀ ਜੀ ਨੂੰ ਹਿਮਾਲਯ ਯਾਤ੍ਰਾ ਤੋਂ ਬਾਦ ਕਾਨ੍ਹਪੁਰ (ਬਿਠੂਰ) ਵਿੱਚ ਪਧਾਰਨ ਦਾ ਨਿਮੰਤ੍ਰਣ ਦਿੱਤਾ, ਜਿਸ ਨੂੰ ਸ੍ਵਾਮੀ ਜੀ ਨੇ ਖੁਸ਼ੀ ਨਾਲ ਸ੍ਵੀਕਾਰ ਕਰ ਲਿਆ ।

ਆਪਣੀ ਇਸੇ ਪ੍ਰਤਿਗਯਾ ਦੇ ਅਨੁਸਾਰ ਸ੍ਵਾਮੀ ਦਯਾਨੰਦ ਸਰਸ੍ਵਤੀ ਮਈ 1856 ਵਿਚ ਨਾਨਾ ਸਾਹਿਬ ਦੇ ਘਰ (ਬਠੂਰ) ਕਾਨ੍ਹਪੁਰ ਗਏ ਅਤੇ ਪੰਜ ਮਹੀਨੇ ਲਗਾਤਾਰ ਕਾਨ੍ਹਪੁਰ ਤੇ ਇਲਾਹਾਬਾਦ ਦੇ ਵਿੱਚ-ਵਿੱਚ ਘੁੰਮਦੇ ਰਹੇ ।

ਏਸੇ ਕੁੰਭ ਦੇ ਅਵਸਰ ਤੇ ਸ੍ਵਾਮੀ ਜੀ ਨੇ ਬਦ੍ਰੀਨਾਰਾਇਣ ਦੇ 'ਜਯੋਤਿਰਮਠ', ਦੱਖਣ ਭਾਰਤ ਦੇ 'ਸ਼੍ਰਿੰਗੇਰੀ ਮਠ', ਪੱਛਮ ਵਿੱਚ ਦ੍ਵਾਰਿਕਾ ਦੇ ਸ਼ਾਰਦਾ ਮਠ, ਅਤੇ ਪੂਰਬੀ ਭਾਰਤ ਦੇ (ਪੁਰੁਸ਼ੋਤਮ ਛੇਤ੍ਰ) ਜਗਨਨਾਥ ਦੇ 'ਗੋਵਰਧਨਮਠ' ਦੇ ਚਵ੍ਹਾਂ ਸ੍ਰੀ ਸ਼ੰਕਰਾਚਾਰੀਆਂ ਨਾਲ ਉਚੇਚੀ ਮੁਲਾਕਾਤ ਕਰਕੇ ਉਹਨਾਂ ਨੂੰ ਘੱਟੋ-ਘੱਟ ਇਕ ਹਜ਼ਾਰ ਸੰਨਿਆਸੀਆਂ ਨੂੰ ਸੰਗਠਿਤ ਕਰਨ ਦਾ ਸੁਝਾਉ ਦਿੱਤਾ ਸੀ, ਤਾਂ ਜੁ ਵੈਦਿਕ ਧਰਮ ਦਾ ਪ੍ਰਚਾਰ, ਉੱਚੇ ਤੇ ਸੁੱਚੇ ਸਾਮਾਜਿਕ ਉੱਦੇਸ਼ਾਂ ਦਾ ਵਿਸਤਾਰ ਅਤੇ ਵਿਦੇਸ਼ੀਆਂ ਦੇ ਹੱਥੋਂ ਸ੍ਵਦੇਸ਼ ਦਾ ਨਿਸਤਾਰ ਕੀਤਾ ਜਾ ਸਕੇ। ਪਰੰਤੂ ਬੜੇ ਦੁੱਖ ਅਤੇ ਲੱਜਾ ਦੀ ਗੱਲ ਹੈ ਕਿ ਉਹਨਾਂ ਸਾਰੇ ਮਹਾਤਮਾਂ ਨੇ ਸਾਫ਼ ਇਨਕਾਰ ਕਰਦੇ ਹੋਏ ਆਖਿਆ ਸੀ ਕਿ—"ਅਸੀਂ ਅਦ੍ਵੈਤਵਾਦੀ ਹਾਂ, ਬ੍ਰਹਮਵਾਦੀ ਸੰਨਿਆਸੀ ਹਾਂ। ਸਾਡੇ ਲਈ ਇੱਕ ਬ੍ਰਹਮ ਹੀ ਸਤਯ ਹੈ, ਰਾਸ਼ਟ੍ਰ, ਜਗਤ ਅਤੇ ਇਹ ਸੱਭ ਸ੍ਵਤੰਤ੍ਰਤਾ, ਪਰਤੰਤ੍ਰਤਾ, ਧਰਮ, ਅਧਰਮ, ਪੁੰਨ-ਪਾਪ, ਅਸੀਂ-ਤੁਸੀਂ ਦਾ ਭੇਦ ਭਾਵ ਸੱਭੋ ਕੁਝ ਅਸਤਯ ਹੈ, ਝੂਠ ਹੈ, ਭ੍ਰਮ ਹੈ। ਏਸ ਕਾਰਣ ਝੂਠੇ ਪਰਪੰਚ ਲਈ ਕੁਝ ਵੀ ਕਰਨਾ ਅਸੀਂ ਫਜ਼ੂਲ ਸਮਝਦੇ ਹਾਂ, ਵਿਅਰਥ ਜਾਣਦੇ ਹਾਂ।"

ਸ੍ਰੀ ਸ੍ਵਾਮੀ ਦਯਾਨੰਦ ਨੇ ਉਸੇ ਵੇਲੇ ਉਹਨਾਂ ਨੂੰ ਕਹਿ ਦਿੱਤਾ ਸੀ ਕਿ—"ਦੁੱਖ ਦੀ ਗੱਲ ਹੈ ਕਿ ਆਪਦੇ ਭੋਜਨ ਲਈ ਛੱਤੀ ਪ੍ਰਕਾਰ ਦੇ ਵਾਂਜਨ, ਪੀਣ ਲਈ ਠੰਡੇ

ਜਲ, ਖੁਸ਼ਬੂਦਾਰ ਅਰਕ ਤੇ ਮਿੱਠੇ ਸ਼ਰਬਤ ਅਤੇ ਦੁੱਧ, ਰਹਿਣ ਲਈ ਵਿਸ਼ਾਲ ਮਠ-ਮੰਦਿਰ, ਪਹਿਨਣ ਲਈ ਰੇਸ਼ਮੀ ਤੇ ਊਨੀ ਵਸਤ੍ਰ, ਸਰਦੀ ਤੋਂ ਬਚਣ ਲਈ ਕੰਬਲ, ਨਮਦੇ ਤੇ ਰਜ਼ਾਈਆਂ-ਤੁਲਾਈਆਂ, ਗਰਮੀ ਦਾ ਮੁਕਾਬਲਾ ਕਰਨ ਲਈ ਪੱਖੇ ਤੇ ਖ਼ਸ਼ ਦੀਆਂ ਟੱਟੀਆਂ ਅਤੇ ਸੇਵਾ ਲਈ ਚੇਲੇ-ਚੇਲੀਆਂ ਅਤੇ ਨੌਕਰ-ਚਾਕਰ ਹੀ ਸੱਚੇ ਹਨ, ਹੋਰ ਸਭ ਕੁਝ ਝੂਠ ਹੈ, ਅਸਤਯ ਹੈ, ਭ੍ਰਮਮਾਤ੍ਰ ਹੈ।"

ਸ੍ਵਾਮੀ ਦਯਾਨੰਦ ਕੁੰਭ ਦੇ ਦਿਨਾਂ 'ਚ ਲਗਾਤਾਰ ਸਵੇਰੇ ਤੇ ਬਾਦ ਦੁਪਹਿਰ ਵਿਆਖਿਆਨ ਦਿੰਦੇ ਹੁੰਦੇ ਸਨ। ਵਿਰੋਧੀ ਵੀ ਆਪ ਦੇ ਖ਼ਿਲਾਫ਼ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰਨ ਲੱਗ ਪਏ ਸਨ। ਸਿੱਟਾ ਇਹ ਨਿਕਲਿਆ ਕਿ ਸ੍ਵਾਮੀ ਜੀ ਦੇ ਲੈਕਚਰਾਂ ਨੂੰ ਸੁਣਨ ਵਾਲਿਆਂ ਦੀ ਸੰਖਿਆ ਵਧਨ ਲੱਗ ਪਈ। ਹਰ ਪ੍ਰਕਾਰ ਦੇ ਚੰਗੇ-ਮੰਦੇ, ਪੜ੍ਹੇ-ਅਨਪੜ੍ਹੇ, ਸਾਧੂ-ਸੰਨਿਆਸੀ ਤੇ ਗ੍ਰਿਹਸਥੀ ਉਹਨਾਂ ਦੇ ਵਯਾਖਯਾਨਾਂ ਦੀ ਰੌਣਕ ਵਧਾਉਣ ਲੱਗੇ। ਸ੍ਵਾਮੀ ਜੀ ਸ੍ਵਦੇਸ ਅਤੇ ਸ੍ਵਧਰਮ ਦੇ ਸੰਬੰਧ ਵਿੱਚ ਹੀ ਭਾਸ਼ਣ ਦਿਆ ਕਰਦੇ ਹੁੰਦੇ ਸਨ। ਸ਼੍ਰੱਧਾਲੂ ਜਨਤਾ ਆਦਰ ਨਾਲ ਪ੍ਰਣਾਮ ਕਰਦੀ ਅਤੇ ਕੁਝ ਚੜ੍ਹਤ ਵੀ ਚੜ੍ਹਾਉਣ ਲਗ ਪਈ ਸੀ। ਸ੍ਵਾਮੀ ਜੀ ਬਹੁਤੇਰੀ ਨਾਂਹ-ਨੁੱਕਰ ਕਰਦੇ ਪਰ ਪਬ-ਲਿਕ ਸੁਣਦੀ ਹੀ ਨਹੀਂ ਸੀ।

**ਰਾਜਾ ਗੋਬਿੰਦ ਨਾਥ ਰਾਇ ਦਾ ਆਗਮਨ—**

ਉੱਤਰੀ ਬੰਗਾਲ ਵਿਚ ਨਾਟੌਰ ਦੀ ਇੱਕ ਪ੍ਰਸਿੱਧ ਰਾਣੀ 'ਭਵਾਨੀ' ਹੋ ਗੁਜ਼ਰੀ ਸੀ। ਨਵਾਬ ਸਿਰਾਜੁੱਦੌਲਾ ਦੇ ਸਮੇਂ ਤੱਕ ਵੀ ਉਹ ਦੇਵੀ ਅੱਧੇ ਬੰਗਾਲ ਤੇ ਹਕੂਮਤ ਕਰਦੀ ਹੁੰਦੀ ਸੀ। ਰਾਜਾ ਗੋਬਿੰਦ ਨਾਥ ਰਾਇ ਉਹਦੀ ਕੁਲ ਵਿਚੋਂ ਹੀ ਸਣ। ਅੰਗਰੇਜ਼ਾਂ ਨੇ ਸਹਿਜੇ-ਸਹਿਜੇ ਉਹਦਾ ਸਾਰਾ ਰਾਜ-ਭਾਗ ਹੜੱਪ ਲਿਆ ਸੀ। ਹੁਣ ਰਾਜਾ ਸਾਹਿਬ ਇੱਕ ਸਾਧਾਰਣ ਜ਼ਿਮੀਂਦਾਰ ਹੀ ਰਹਿ ਗਏ ਸਨ। ਆਪ ਵੀ ਏਸ ਕੁੰਭ ਤੇ ਗੰਗਾ ਅਸ਼ਨਾਨ ਲਈ ਪਧਾਰੇ ਹੋਏ ਸਨ। ਆਪ ਨੇ ਚੰਡੀ ਪਰਬਤ ਤੇ ਸ਼੍ਰੀ ਸ੍ਵਾਮੀ ਜੀ ਤੋਂ ਯੋਗ ਸੰਬੰਧੀ ਉਪਦੇਸ਼ ਪ੍ਰਾਪਤ ਕੀਤਾ ਸੀ। ਸ੍ਵਾਮੀ ਜੀ ਨੇ ਉਪਯੋਗੀ ਗੱਲਾਂ ਦੱਸ ਕੇ ਉਹਨਾਂ ਦੀ ਸੰਤੁਸ਼ਟੀ ਕਰ ਦਿੱਤੀ ਸੀ। ਤੁਰਨ ਵੇਲੇ ਰਾਜਾ ਸਾਹਿਬ ਨੇ 1101 ਰੁਪਏ ਭੇਂਟ ਰੂਪ ਵਿੱਚ ਸ਼੍ਰੀ ਚਰਣਾਂ ਵਿਚ ਪੇਸ਼ ਕੀਤੇ। ਸ੍ਵਾਮੀ ਜੀ ਨੇ ਕਿਹਾ ਕਿ—"ਮੈਨੂੰ ਏਸ ਧਨ ਦੀ ਬਿਲਕੁਲ ਕੋਈ ਲੋੜ ਹੀ ਨਹੀਂ।" ਪਰੰਤੂ ਰਾਜਾ ਜੀ ਨੇ ਆਗ੍ਰਹ ਪੂਰਬਕ ਉਹ ਰਕਮ ਚਰਨਾਂ ਵਿਚ ਹੀ ਰਹਿਣ ਦਿੱਤੀ ਅਤੇ ਆਦਰ ਭਰੀ ਨਮਸਕਾਰ ਕਰਕੇ ਆਪਣੇ ਡੇਰੇ ਤੇ ਚਲੇ ਗਏ।

**ਰਾਣੀ ਝਾਂਸੀ ਦਰਸ਼ਨਾਂ ਨੂੰ ਆਈ—**

ਦੋ ਤਿੰਨ ਦਿਨ ਬਾਅਦ ਹੀ ਝਾਂਸੀ ਦੀ ਰਾਣੀ ਲਕਸ਼ਮੀ ਬਾਈ, ਸ੍ਰੀਮਤੀ ਗੰਗਾ ਬਾਈ ਅਤੇ ਆਪਣੇ ਤਿੰਨਾਂ ਕਰਮਚਾਰੀਆਂ ਸਮੇਤ ਸ੍ਰੀ ਸੁਆਮੀ ਜੀ ਦੇ ਦਰਸ਼ਨਾਂ ਨੂੰ ਆਈ ਅਤੇ ਆਉਣ ਵਾਲੀਆਂ ਦੋਵੇਂ ਦੇਵੀਆਂ ਅਤੇ ਤਿੰਨੇ ਸੱਜਣ ਆਦਰ ਪੂਰ-ਬਕ ਨਮਸਕਾਰ ਕਰਕੇ ਬੈਠ ਗਏ। ਪਰਿਚਯ ਪੁੱਛਣ ਤੇ ਰਾਣੀ ਨੇ ਅਥਰੂ ਭਰੇ ਨੈਣਾਂ ਨਾਲ ਓਜਸ੍ਵਿਨੀ ਭਾਸ਼ਾ ਵਿਚ ਦੱਸਿਆ—"ਮਹਾਰਾਜ! ਮੈਂ ਇਕ ਸੰਤਾਨਹੀਨ ਵਿਧਵਾ ਹਾਂ। ਏਸੇ ਗੱਲ ਨੂੰ ਬਹਾਨਾ ਬਣਾ ਕੇ ਅੰਗਰੇਜ਼ਾਂ ਨੇ ਮੇਰੇ ਝਾਂਸੀ ਦੇ ਰਾਜ 'ਤੇ ਜ਼ਬਰਦਸਤੀ ਕਬਜ਼ਾ ਕਰ ਲੈਣ ਦਾ ਐਲਾਨ ਕਰ ਦਿੱਤਾ ਹੈ। ਸੁਣਨ ਵਿੱਚ ਆਇਆ ਹੈ ਕਿ ਇੱਕ ਭਾਰੀ ਫੌਜ ਲੈ ਕੇ ਗੋਰੇ ਮੇਰੀ ਝਾਂਸੀ ਤੇ ਚੜ੍ਹਾਈ ਕਰਨ ਵਾਲੇ ਹਨ। ਪਰੰਤੂ ਮਹਾਰਾਜ ਜੀ! ਮੈਂ ਜੀਉਂਦੀ-ਜਿੰਦੇ ਆਪਣੀ ਸਹੁਰੇ ਕੁਲ ਦਾ ਰਾਜ-ਭਾਗ ਉਹਨਾਂ ਨੂੰ ਨਿਗਲਣ ਨਹੀਂ ਦਿਆਂਗੀ। ਸੁਦੇਸ਼ ਦੀ ਸੁਤੰਤ੍ਰਤਾ ਦੀ ਖ਼ਾਤਰ ਲੜਕੇ ਮਰ ਜਾਣਾ ਹੀ ਮੈਂ ਕਲਿਆਣਕਾਰੀ ਸਮਝਦੀ ਹਾਂ। ਮੇਰੇ ਲਈ ਇਹੋ ਲਾਭਵੰਦਾ ਮਾਰਗ ਹੈ। ਆਪ ਅਸ਼ੀਰਵਾਦ ਪ੍ਰਦਾਨ ਕਰੋ ਤਾਂ ਜੁ ਮੈਂ ਵੀਰਾਂਗਨਾਵਾਂ ਵਾਂਗਰ ਲੜਦੀ-ਲੜਦੀ ਖੁਸ਼ੀ-ਖੁਸ਼ੀ ਸੁਦੇਸ਼ ਤੇ ਕੁਰਬਾਨ ਹੋ ਜਾਵਾਂ।"

ਤਕਰੀਬਨ ਵੀਹਾਂ-ਕੁ ਸਾਲਾਂ ਦੀ ਇਸ ਵੀਰ ਰਮਣੀ ਦੇ ਮੂੰਹੋਂ ਅਜਿਹੇ ਉੱਚੇ ਤੇ ਸੁੱਚੇ ਮਾਨਸਿਕ ਭਾਵਾਂ ਨੂੰ ਸ੍ਰਵਣ ਕਰਕੇ ਸੁਆਮੀ ਜੀ ਦਾ ਹ੍ਰਿਦਯ ਕਮਲ ਖਿੜ ਗਿਆ ਅਤੇ ਗਦ-ਗਦ ਹੋਕੇ ਬੋਲੇ—"ਦੇਵੀ! ਇਹ ਸ਼ਰੀਰ ਤਾਂ ਖਿਣ ਭੰਗੁਰ ਹੈ। ਨਾਸ਼ਵਾਨ ਹੈ। ਹੁਣ ਹੈ ਤੇ ਹੁਣੇ ਹੀ ਸਮਾਪਤ ਹੋ ਸਕਦਾ ਹੈ। ਇਹ ਸਦੈਵ ਰਹਿਣ ਵਾਲਾ ਨਹੀਂ ਹੈ। ਧੰਨ ਹਨ ਉਹ ਇਸਤ੍ਰੀ-ਪੁਰਖ ਜਿਹੜੇ ਸੁਧਰਮ ਅਤੇ ਸੁਦੇਸ਼ ਦੇ ਵਾਸਤੇ ਇਹਦੀ ਭੇਟ ਚੜ੍ਹਾ ਦਿੰਦੇ ਹਨ। ਵਾਸਤਵ ਵਿੱਚ ਉਹ ਮਰਦੇ ਨਹੀਂ, ਸਗੋਂ ਅਮਰ ਹੋ ਜਾਂਦੇ ਹਨ।"

ਪ੍ਰਸਥਾਨ ਕਰਨ ਵੇਲੇ ਏਸ ਦੇਵੀ ਨੇ ਵੀ ਇੱਕ ਹਜ਼ਾਰ ਇੱਕ ਰੁਪਇਆ ਸੁਆਮੀ ਜੀ ਦੀ ਨਜ਼ਰ ਕੀਤਾ। ਸੁਆਮੀ ਜੀ ਨੇ ਸਮਝਾਇਆ ਕਿ "ਅਸਾਨੂੰ ਰੁਪਏ ਦੀ ਕੋਈ ਆਵਸ਼ਯਕਤਾ ਨਹੀਂ" ਪਰੰਤੂ ਰਾਣੀ ਵੀ ਨਹੀਂ ਮੰਨੀ ਅਤੇ ਨਮਸਕਾਰ ਕਰਕੇ ਚਲੀ ਗਈ।

**ਨਾਨਾ ਸਾਹਿਬ ਆਦਿ ਕ੍ਰਾਂਤੀ-ਦੂਤ ਦੁਬਾਰਾ ਆਏ**—ਰਾਣੀ ਝਾਂਸੀ ਤੋਂ ਅੱਠ-ਸੱਤ ਦਿਨ ਪਿੱਛੋਂ, ਨਾਨਾ ਸਾਹਿਬ, ਤਿੰਨ ਹੋਰ ਅਣ-ਡਿੱਠੇ ਸੱਜਣਾਂ ਸਹਿਤ ਫੇਰ ਸੁਆਮੀ

ਜੀ ਦੀ ਸੇਵਾ ਵਿੱਚ ਹਾਜ਼ਿਰ ਹੋਏ ਅਤੇ ਕਹਿਣ ਲੱਗੇ—"ਸੁਆਮੀ ਜੀ! ਅਸਾਡੇ ਵਿਸ਼ਵਾਸ-ਪਾਤ੍ਰ ਸਾਥੀ ਸਾਰੇ ਦੇਸ਼ ਵਿਚ ਖਿੰਡ ਜਾਣਗੇ ਅਤੇ ਛੇਤੀ ਹੀ ਨੀਯਤ ਤਾਰੀਖ਼ ਤੇ ਚੁਣੇ ਹੋਏ ਅਸਥਾਨਾਂ ਤੇ ਵਿਦ੍ਰੋਹ ਆਰੰਭ ਕਰ ਦੇਣਗੇ। ਅੱਜ ਕਲ ਸੰਗਠਨ ਦੇ ਕੰਮਾਂ ਵਿੱਚ ਅਸੀਂ ਪੂਰੀਤਰਹ ਲੱਗੇ ਹੋਏ ਹਾਂ। ਆਪ ਜੀ ਦਾ ਆਸ਼ੀਰ-ਵਾਦ ਪ੍ਰਾਪਤ ਕਰਨ ਲਈ ਹੀ ਦੁਬਾਰਾ ਆਪ ਦੇ ਸ਼੍ਰੀ ਚਰਨਾਂ ਵਿੱਚ ਹਾਜ਼ਰ ਹੋਏ ਹਾਂ ਅਸੀਂ ਲੋੜੀਂਦੇ ਸਮਾਚਾਰ ਉਚਿਤ ਸਮੇਂ ਤੱਕ ਯਥਾ ਸੰਭਵ ਆਪ ਜੀ ਨੂੰ ਪਹੁੰਚਾਉਂ ਰਿਹਾ ਕਰਾਂਗੇ।"

ਅਸੀਸਾਂ ਦੇਣ ਦੇ ਨਾਲ ਹੀ ਸੁਆਮੀ ਜੀ ਨੇ ਰਾਜਾ ਗੋਬਿੰਦ ਨਾਥ ਰਾਇ ਵਾ 1101 ਰੁਪਏ, ਰਾਣੀ ਝਾਂਸੀ ਵਾਲੇ 1001 ਰੁਪਏ ਅਤੇ ਜਨ-ਸਾਧਾਰਣ ਤੋਂ ਭੇਂ ਰੂਪ ਪ੍ਰਾਪਤ 533 ਰੁਪਏ, ਕੁਲ 2635 ਰੁਪਏ ਸੁਦੇਸ਼ ਰੱਖਿਆ ਲਈ ਨਾਨਾ ਸਾਹਿ ਦੇ ਹਵਾਲੇ ਕੀਤੇ ਅਤੇ ਨਾਲ ਹੀ ਕਹਿਆ—"ਆਮ ਲੋਕਾਂ ਦਾ ਨੇਤਾ ਬਣਨਾ ਅ ਅੱਗ ਲੈਕੇ ਖੇਡਣਾ—ਦੋਵੇਂ ਹੀ ਖਤਰਨਾਕ ਕੰਮ ਹਨ : ਨਗੂਣੀ ਜਿਹੀ ਭੁੱਲ ਨਾਲ, ਵੀ ਸਤਯਾਨਾਸ਼ ਹੋ ਸਕਦਾ ਹੈ। ਏਸ ਕਰਕੇ ਬੜੀ ਭਾਰੀ ਸਾਵਧਾਨੀ ਦੀ ਲੋੜ ਹੈ। ਮੇਰੇ ਪਾਸ ਜੋ ਵੀ ਰੁਪਇਆ ਆਵੇਗਾ, ਸੁਦੇਸ ਰੱਖਿਆ ਦੇ ਵਾਸਤੇ ਆਪ ਜੀ ਦੀ ਭੇਟ ਕਰਦਿਆਂ ਕਰਾਂਗਾ।"

**ਸੰਤਾਂ-ਸਾਧੂਆਂ ਵਿੱਚ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਚਾਰ**—ਰਾਣੀ ਝਾਂਸੀ, ਤੇ ਨਾਨਾ ਸਾਹਿਬ ਅਤੇ ਉਹਨਾਂ ਦੇ ਸਾਥੀਆਂ ਦੇ ਚਲੇ ਜਾਣ ਤੋਂ ਮਗਰੋਂ ਸੈਂਕੜੇ ਸਾਧੂ-ਸੰਨਿਆਸੀ ਸੁਆਮੀ ਜੀ ਦੇ ਡੇਰੇ—ਚੰਡੀ ਪਰਬਤ—ਤੇ ਆਉਣ ਤੇ ਸ਼ੰਕਾ-ਸਮਾਧਾਨ ਦੁਆਰਾ ਆਪਣੇ ਸੰਦੇਹ ਮਿਟਾਉਣ ਲੱਗੇ। ਸੁਆਮੀ ਜੀ ਨੇ ਉਹਨਾਂ ਨੂੰ ਉਪਦੇਸ਼ ਦਿੱਤਾ ਕਿ-"ਆਪ ਲੋਕ ਆਪਣੇ-ਆਪਣੇ ਸੰਪ੍ਰਦਾਇ ਦੇ ਅੰਦਰ ਰਹਿੰਦੇ ਹੋਏ ਜਨ-ਸਾਧਾਰਣ ਨੂੰ ਸੁਧਰਮ ਅਤੇ ਸੁਦੇਸ਼ ਰੱਖਿਆ ਲਈ ਤਿਆਰ ਕਰੋ। ਅਹਿੰਦੂ ਨਰ-ਨਾਰੀਆਂ ਅਤੇ ਵਿਦੇਸ਼ੀ ਈਸਾਈ ਪਾਦਰੀਆਂ ਦੀ ਧੋਖੇਬਾਜ਼ੀ ਅਤੇ ਮੁਸਲਮਾਨ ਮੌਲਵੀਆਂ ਦੇ ਹੱਥ ਕੰਡਿਆਂ ਦੇ ਪ੍ਰਭਾਵ ਤੋਂ ਧਰਮ ਅਤੇ ਜਾਤੀ ਨੂੰ ਬਚਾਓ। ਲੋਕਾਂ ਨੂੰ ਸਮਝਾਓ ਕਿ ਧਰਮ ਰਖਿਆ ਅਤੇ ਜਾਤਿ ਦੇ ਕਲਿਆਣ ਲਈ ਜੀਵਨ ਦੇ ਦੇਣਾ ਵੱਡੇ ਪੁੰਨ ਦਾ ਕੰਮ ਹੈ। ਥਾਂ-ਪਰ ਥਾਂ-ਧਰਮ-ਪ੍ਰਚਾਰ ਲਈ ਦ੍ਰਿੜ੍ਹ ਕੇਂਦਰ ਸਥਾਪਿਤ ਕਰੋ ਅਤੇ ਉਹਨਾਂ ਦੇ ਅਧੀਨ ਹੀ ਸੰਗਠਿਤ ਹੋ ਜਾਓ। ਸੁਦੇਸ਼ ਅਸਾਡੀ ਮਾਤਾ ਤੇ ਸੁਧਰਮ ਅਸਾਡਾ ਪਿਤਾ ਹੈ,

ਅਤੇ ਆਪਣੀ ਮਨ-ਮਰਜ਼ੀ ਨਾਲ ਜਿਹੜੇ ਸਾਧੂ ਸੱਜਣ ਏਸ ਬ੍ਰਤ ਨੂੰ ਧਾਰਣ ਕਰਨ, ਉਹਨਾਂ ਦੀ ਸੂਚੀ ਬਣਾਉਂਦੇ ਜਾਉ।"

ਸਾਧੂ ਬੋਲੇ—"ਭਗਵਨ! ਆਪ ਜੀ ਤੋਂ ਪ੍ਰੇਰਣਾ ਪ੍ਰਾਪਤ ਕਰਦੇ ਸਾਰ ਹੀ ਅਸੀਂ ਢਾਈ ਸੌ ਸਾਧੂਆਂ ਦੀ ਫਹਿਰਿਸਤ ਤਿਆਰ ਕਰ ਰੱਖੀ ਹੈ। ਆਪਦੇ ਆਦੇਸ਼ਾਂ ਅਨੁਸਾਰ ਉਹ ਸਾਰੇ ਮਹਾਤਮਾਂ ਸੁਧਰਮ ਅਤੇ ਸੁਦੇਸ਼ ਰੱਖਿਆ ਲਈ ਤਿਆਰ ਰਹਿਣਗੇ।" ਸ੍ਵਾਮੀ ਜੀ ਅਨੰਦ ਮਗਨ ਹੋਕੇ ਕਹਿਣ ਲੱਗੇ—"ਮਹਾਤਮਾ ਸੱਜਣੋ! ਆਪਦੇ ਇਸ ਪੁੰਨ ਕਾਰਜ ਨਾਲ ਮੇਰਾ ਹ੍ਰਿਦਯ ਗਦ-ਗਦ ਪ੍ਰਸੰਨ ਹੋ ਗਿਆ ਹੈ, ਇਸ ਲਈ ਪੂਰਬ, ਪੱਛਮ, ਉੱਤਰ, ਦੱਖਣ, ਦੇਸ਼ ਭਰ ਵਿੱਚ ਜਿਤਨੀਆਂ ਛਾਉਣੀਆਂ ਹਨ, ਉਹਨਾਂ ਵਿੱਚ ਸੁਵਿਧਾ ਪੂਰਬਕ ਫੈਲ ਜਾਉ ਅਤੇ 'ਕੌਲ-ਫੁੱਲ' ਦੇ ਤਰੀਕੇ ਨਾਲ ਫ਼ੌਜੀਆਂ ਵਿੱਚ ਅਤੇ 'ਚਪਾਤੀ' ਵੰਡਣ ਦੀ ਪ੍ਰਾਚੀਨ ਪੱਧਤੀ ਰਾਹੀਂ ਜਨ-ਸਾਧਾਰਣ ਵਿੱਚ ਸੁਦੇਸ਼ ਅਤੇ ਸੁਧਰਮ ਲਈ ਜਾਗ੍ਰਿਤੀ ਉਤਪੰਨ ਕਰ ਦਿਉ, ਇਸ ਵੇਲੇ ਇਹੋ ਧਰਮਧਰਮ ਹੈ।" ਸ੍ਵਾਮੀ ਜੀ ਨੇ ਇਹ ਵੀ ਸੰਕੇਤ ਕਰ ਦਿਤਾ ਕਿ—"ਉੱਤਰ ਭਾਰਤ ਵਿਚ 'ਮੇਰਠ' ਵੱਲ, ਪੂਰਬ ਭਾਰਤ ਵਿਚ 'ਬੈਰਿਕਪੁਰ' ਵੱਲ ਅਤੇ ਦੱਖਣ ਭਾਰਤ ਵਿੱਚ 'ਭੇਲੋਰ' ਦੀ ਦਿਸ਼ਾ ਵਿੱਚ ਜ਼ਰੂਰ ਜਾਣਾ ਚਾਹੀਦਾ ਏ। ਇਹ ਅਵੱਸ਼ਯ ਯਾਦ ਰੱਖੋ ਕਿ ਦਿੱਲੀ ਦੇ ਯੋਗਮਾਯਾ ਮੰਦਿਰ ਦੇ ਮਹੰਤ ਤ੍ਰਿਸ਼ੂਲ ਬਾਬਾ ਨਾਲ ਸੰਪਰਕ ਬਣਾਈ ਰੱਖਣਾ ਹੈ। ਉਥੋਂ ਆਪਨੂੰ ਕ੍ਰਾਂਤਿ ਦੇ ਸੰਬੰਧ ਵਿਚ ਵਿਸ਼੍ਵਾਸ ਯੋਗ ਲੋੜੀਂਦੇ ਸਮਾਚਾਰ ਸਦਾ ਮਿਲਦੇ ਰਿਹਾ ਕਰਨਗੇ ਅਤੇ ਉਹਨਾਂ ਦੇ ਦ੍ਵਾਰਾ ਹੀ ਅਸਾਨੂੰ ਆਪ ਜੀ ਦੀਆਂ ਸਾਰੀਆਂ ਗਤਿ-ਵਿਧੀਆਂ ਦੀ ਖ਼ਬਰ ਪਹੁੰਚਦੀ ਰਿਹਾ ਕਰੇਗੀ।" ਸਾਧੂਆਂ ਨੇ ਤਥਾਸਤੁ ਕਹਿਆ ਤੇ ਆਪੋ-ਆਪਣੇ ਅਸਥਾਨਾਂ ਵਲ ਪ੍ਰਸਥਾਨ ਕਰ ਗਏ।

**ਵਿਪਲਵ ਦਾ ਅੰਤਿਮ ਚਰਣ—**

ਸ੍ਵਾਮੀ ਦਯਾਨੰਦ ਸਰਸ੍ਵਤੀ, ਸ੍ਵਤੰਤ੍ਰਤਾ ਸੰਗ੍ਰਾਮ ਦੀ ਚਾਲ-ਢਾਲ ਨੂੰ ਦੇਖਦੇ, ਸਮੇਂ-ਸਮੇਂ ਤੇ ਸਭ ਨੂੰ ਉਚਿਤ ਸਲਾਹ-ਮਸ਼ਵਰਾ ਦਿੰਦੇ, ਸਾਰੇ ਦੇਸ਼ ਦੀ ਪੈਦਲ ਯਾਤ੍ਰਾ ਕਰਦੇ, ਧਨੁਸ਼ਕੋਟੀ ਤੋਂ ਕੰਨਿਆ ਕੁਮਾਰੀ ਤੱਕ ਜਾ ਪਹੁੰਚੇ ਅਤੇ ਵਿਸ਼ਾਲ ਮੰਦਿਰ ਵਿਚ ਠਹਿਰੇ। ਇਸ ਰਮਣੀਕ ਸਥਾਨ ਤੇ ਪੂਰਬ ਦੀ ਖਾੜੀ-ਬੰਗਾਲ, ਪੱਛਮ ਦਾ ਅਰਬ ਸਾਗਰ ਅਤੇ ਦੱਖਣ ਦਾ ਹਿੰਦ ਮਹਾਸਾਗਰ—ਤਿੰਨੇ—ਮਿਲਦੇ ਹਨ। ਬਹੁਤ ਦਿਨਾਂ ਤੋਂ ਸ੍ਵਾਮੀ ਜੀ ਨੂੰ ਯੋਗ ਮਾਯਾ ਦੇ ਮਹੰਤ ਸ਼੍ਰੀ ਤ੍ਰਿਸ਼ੂਲ ਬਾਬਾ

ਵਲੋਂ ਵਿਪਲਵ ਸੰਬੰਧੀ ਕੋਈ ਵਿਸ਼੍ਵਾਸਯੋਗਯ ਸਮਾਚਾਰ ਨਹੀਂ ਮਿਲ ਰਿਹਾ ਸੀ। ਭਾਵੇਂ ਆਪ ਜੀ ਨੂੰ ਇਹ ਪਤਾ ਲੱਗ ਚੁੱਕਾ ਸੀ ਕਿ ਪੂਰਾ ਸੰਗਠਨ ਨ ਹੋ ਸਕਣ ਅਤੇ ਅਚਾਨਕ ਤੇ ਝਟ-ਪਟ ਯੁੱਧ ਸੁਰੂ ਹੋ ਜਾਣ ਦੇ ਕਾਰਣ ਜਿਹੜਾ ਕਿ

---

**ਖੜਗਧਾਰੀ ਘੋੜ-ਸਵਾਰ ਸ੍ਵਾਮੀ ਦਯਾਨੰਦ—**

1. ਸ੍ਵਾਮੀ ਦਯਾਨੰਦ ਸਰਸ੍ਵਤੀ 1857 ਦੇ ਸ੍ਵਤੰਤ੍ਰਤਾ ਯੁੱਧ ਦੇ ਨੇਤਾ ਹੀ ਨਹੀਂ ਸਨ, ਸਗੋਂ ਯੋਧਾ ਵੀ ਸਨ। ਸ੍ਰੀ ਸ੍ਵਾਮੀ ਜੀ ਉਹਨੀਂ ਦਿਨੀਂ ਇੱਕ ਆਪਣੇ ਵਰਗੇ ਬਲਵਾਨ ਬ੍ਰਹਮਚਾਰੀ ਦੇ ਨਾਲ ਚਿੱਟੇ ਘੋੜੇ ਤੇ ਸਵਾਰ ਰਹਿੰਦੇ ਸਨ। ਆਪ ਦੇ ਹੱਥ ਵਿਚ ਤਲਵਾਰ ਰਹਿੰਦੀ ਸੀ। ਇਹ ਗੱਲਾਂ ਸਾਨੂੰ ਸਰਵ ਖੇਪ ਪੰਚਾਇਤ ਦੇ ਪ੍ਰਧਾਨ ਦੇ ਭਰਾ ਕੋਲੋਂ ਪਤਾ ਲੱਗੀਆਂ ਸਨ। ਘੋੜ ਸਵਾਰ ਸ੍ਵਾਮੀ ਜੀ ਨੇ ਦਸਿਆ ਸੀ ਕਿ—"ਪਿੱਛੇ ਗੋਰੇ ਫ਼ੌਜੀ ਆ ਰਹੇ ਹਨ, ਕਿਧਰੇ ਲੁਕ ਜਾਉ, ਨਹੀਂ ਤੇ ਮਾਰ ਦਿੱਤੇ ਜਾਉਗੇ।"

2. "ਮੁੜ ਮਿਲਣ ਤੇ ਉਸ ਮਨੁੱਖ ਨੇ ਗ਼ਦਰ ਦੀ ਗੱਲ ਪੁੱਛੀ, ਪਰ ਰਿਸ਼ੀ ਨੇ ਦਸਿਆ ਸੀ ਕਿ 'ਅਸੀਂ ਸਭ ਗੱਲਾਂ ਦੱਸ ਨਹੀਂ ਸਕਦੇ, ਨਹੀਂ ਤਾਂ ਫਾਂਸੀ ਦੇ ਤਖਤੇ ਤੇ ਲਟਕਾ ਦਿੱਤੇ ਜਾਵਾਂਗੇ।" ('ਸਾਰਵਦੇਸ਼ਿਕ' 31-1-71 ਵਿਚ ਸ੍ਵਾਮੀ ਦਰਸ਼ਨਾਨੰਦ ਏਲਮ ਨਿਵਾਸੀ)

3. "......ਕੁਝ ਦੂਰ ਪਹੁੰਚਣ ਤੇ ਚਿੱਟੇ ਕੱਪੜਿਆਂ ਵਿਚ ਦੋ ਮਨੁੱਖ ਜਿਹਨਾਂ ਦੇ ਵਿਸ਼ਾਲ ਸ਼ਰੀਰ ਸਨ ਅਤੇ ਉਹਨਾਂ ਦੋਹਾਂ ਵਿਚੋਂ ਇੱਕ ਦਾ ਮੂੰਹ ਗੋਲ ਸੀ ਅਤੇ ਦੇਹ ਬਲਿਸ਼ਟ ਸੀ, ਚਿੱਟੇ ਘੋੜਿਆਂ ਤੇ ਸਵਾਰ ਮਿਲੇ। ਕਹਿਣ ਲੱਗੇ—"ਤੁਸੀਂ ਸਮਾਂ ਪਾ ਕੇ, ਗੱਡੀਆਂ ਛੱਡ ਕੇ ਭੱਜ ਜਾਉ। ਅੱਗੇ ਬਚਣ ਦੀ ਆਸ਼ਾ ਨਹੀਂ ਹੈ।"

4. ਇੱਕ ਕਹਾਣੀ ਭਲੋਠ ਜ਼ਿਲਾ ਰੋਹਤਕ ਦੇ ਚੌਧਰੀ ਸ਼ੇਰ ਸਿੰਘ ਦੇ ਦਾਦਾ ਨਾਨੇ ਰਾਮ ਨਾਲ ਸੰਬੰਧ ਰੱਖਦੀ ਹੈ, ਜਿਹੜੇ ਕਿ ਆਰਯ ਸਮਾਜ ਭਲੋਠ ਦੇ ਪ੍ਰਧਾਨ ਚੌਧਰੀ ਸ਼ੇਰ ਸਿੰਘ ਨੇ ਸੁਣਾਈ ਸੀ। ਪੰਡਿਤ ਬਸਤੀ ਰਾਮ ਨੇ ਮਹਾਂਰਿਸ਼ੀ ਦਯਾਨੰਦ ਨੂੰ ਕਈ ਵਾਰੀ ਵੇਖਿਆ ਸੀ। ਉਹਨਾਂ ਦਾ ਕਹਿਣਾ ਸੀ ਕਿ—"ਦੋ ਘੋੜ-ਚੜ੍ਹਿਆਂ ਵਿਚੋਂ ਗੋਲ ਚਿਹਰੇ ਵਾਲੇ ਮਹਰਸੀ ਦਯਾਨੰਦ ਹੀ ਸਨ।"

(1857 ਔਰ ਸ੍ਵਾਮੀ ਦਯਾਨੰਦ ਪੰਨਾ 15-16)

ਬਰਹਾਮਪੁਰ, ਬੈਰਿਕਪੁਰ ਅਤੇ ਮੇਰਠ ਆਦਿ ਸਥਾਨਾਂ ਤੇ ਫੈਲ ਗਿਆ ਸੀ, ਇਹਦੇ ਵਿੱਚ ਦੇਸ਼ ਭਗਤਾਂ ਦੀ ਹਾਰ ਹੋ ਗਈ ਹੈ। ਯੁੱਧ ਬੰਦੀ ਹੋ ਜਾਣ ਦੇ ਕਾਰਣ ਪੰਜਾਹ-ਸੱਠ ਹਜ਼ਾਰ ਵਿਦ੍ਰੋਹੀ ਨੇਪਾਲ ਦੀ ਸੀਮਾਂ ਤੇ ਆਪਣੇ ਪ੍ਰਾਣ ਬਚਾਉਣ ਲਈ ਇਕੱਠੇ ਹੋ ਗਏ ਸਨ; ਮਗਰ ਨੇਪਾਲ ਰਾਜ ਸ੍ਰੀ ਜੰਗ ਬਹਾਦੁਰ ਰਾਣਾ ਨੇ ਕਰੜੀ ਭਾਸ਼ਾ ਦੀ ਵਰਤੋਂ ਕਰਦੇ ਹੋਏ ਉਹਨਾਂ ਦੇਸ਼ ਭਗਤਾਂ ਨੂੰ ਆਸਰਾ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

**ਨਾਨਾ ਸਾਹਿਬ ਕੰਨਿਆ ਕੁਮਾਰੀ ਵਿੱਚ—**

ਇੱਕ ਦਿਨ ਸ੍ਵਾਮੀ ਦਯਾਨੰਦ ਸਰਸ੍ਵਤੀ ਭਾਰਤ ਮਹਾਸਾਗਰ ਵੱਲ ਮੁੱਖ ਕਰੀ, ਅੱਖਾਂ ਮੀਟੀ, ਧਿਆਨ ਮਗਨ ਹੋ ਕੇ ਭਾਰਤ ਦੇ ਧਰਮ ਅਤੇ ਸ੍ਵਤੰਤ੍ਰਤਾ ਦੀ ਸਮੱਸਿਆ ਤੇ ਚਿੰਤਨ ਕਰ ਰਹੇ ਸਨ ਕਿ ਅਚਾਨਕ ਪਿਛਲੇ ਪਾਸਿਉਂ ਕਿਸੇ ਦੀ ਆਵਾਜ਼ ਆਈ—"ਅਸੀਂ ਯੋਗ ਮਾਯਾ ਮੰਦਿਰ ਤੋਂ ਆਏ ਹਾਂ।" ਸ੍ਵਾਮੀ ਜੀ ਨੇ ਪਿਛੇ ਵੱਲ ਮੂੰਹ ਫੇਰ ਕੇ ਡਿੱਠਾ ਤਾਂ ਘੋਟਮ-ਘੋਟ ਮੁੰਡਿਤ, ਭਗਵੇ ਭੇਸ ਵਾਲੇ ਤਿੰਨ ਮਹਾਤਮਾ, ਹੱਥਾਂ ਵਿਚ ਕਮੰਡਲ ਪਕੜੀ ਸਾਹਮਣੇ ਖਲੋਤੇ ਹਨ। ਇਹਨਾਂ ਵਿਚੋਂ ਇੱਕ ਤਾਂ ਛਤ੍ਰਪਤੀ ਸ਼ਿਵਾ ਜੀ ਦੇ ਸਿਤਾਰਾ ਸਿੰਘਾਸਨ ਦੇ ਵਾਰਿਸ ਨਾਨਾ ਸਾਹਿਬ ਸਨ। ਬਾਕੀ ਦੋਵੇਂ ਸਨਿਆਸੀ ਅਣਡਿੱਠੇ ਨਜਰ ਆਏ। ਆਪਸ ਵਿਚ ਸੁੱਖ-ਸਾਂਦ ਪੁਛਣ ਦੱਸਣ ਅਤੇ ਸ਼੍ਰੇਸ਼ਟਾਚਾਰ ਦੇ ਉਪਰਾਂਤ ਸ੍ਵਾਮੀ ਜੀ ਨੇ ਵੇਖਿਆ ਕਿ ਤਿੰਨੇ ਆਉਣ ਵਾਲੇ ਸੰਨਿਆਸੀ ਨਿਰੰਤਰ ਅਥਰੂ ਤਾਂ ਕੇਰੀ ਜਾ ਰਹੇ ਹਨ, ਪਰੰਤੂ ਮੂੰਹੋਂ ਕੁਝ ਵੀ ਨਹੀਂ ਬੋਲਦੇ। ਇਹ ਵੇਖ ਕੇ ਸ੍ਵਾਮੀ ਜੀ ਬੋਲੇ—"ਮਹਾਤਮਾ ਸੱਜਣੋ! ਵਿਪਲਵ ਦੀ ਵਿਫਲਤਾ ਅਤੇ ਨੇਪਾਲ ਵਿਚ ਜਨਤਾ ਦੇ ਪ੍ਰਵੇਸ਼ ਤੱਕ ਸਾਰੇ ਹਾਲਾਤ ਮੈਨੂੰ ਮਾਲੂਮ ਹਨ। ਇਹਦੇ ਵਿਚ ਹਤਾਸ਼ ਹੋਣ ਦੀ ਕੋਈ ਲੋੜ ਨਹੀਂ। **ਸ੍ਵਤੰਤ੍ਰਤਾ ਪ੍ਰਾਪਤੀ ਲਈ ਲੜੇ ਜਾਣ ਵਾਲੇ ਯੁੱਧ ਵਿੱਚ ਜੈ ਅਥਵਾ ਪਰਾਜੈ ਦੋਵੇ ਹੀ ਲਾਭਵੰਦ ਹਨ। ਆਪ ਲੋਕਾਂ ਨੂੰ**

---

**ਸਵਾਮੀ ਜੀ ਦੀ ਭਵਿੱਖ ਬਾਣੀ ਠੀਕ ਸਿੱਧ ਹੋਈ**—ਮੌਲਵੀ ਅਜ਼ੀਮੁੱਲਾ ਖਾਨ ਦੇ ਪ੍ਰਸ਼ਨ ਦੇ ਉੱਤਰ ਵਿਚ ਸ੍ਵਾਮੀ ਜੀ ਨੇ ਕਿਹਾ ਸੀ—"ਅੰਗ੍ਰੇਜ਼-ਨੇਪਾਲ ਯੁੱਧ ਵਿੱਚ ਭਾਰਤ ਨੇ ਨੇਪਾਲ ਦੀ ਕੋਈ ਸਹਾਇਤਾ ਨਹੀਂ ਕੀਤੀ ਸੀ। ਸਾਡੇ ਉਸ ਸਲੂਕ ਨੂੰ ਉਹ (ਨੇਪਾਲੀ-ਗੋਰਖੇ) ਇਤਨੀ ਛੇਤੀ ਭੁਲ ਨਹੀਂ ਸਕਣਗੇ। ਇਹ ਕਥਨ ਅੱਖਰ-ਅੱਖਰ ਠੀਕ ਸਿਧ ਹੋਇਆ। (ਵੇਖੋ ਪੰਨਾ 39)

**ਭਵਿੱਖਤ ਲਈ ਸੁਤੰਤ੍ਰਤਾ ਦੀ ਪੌੜੀ ਚੜ੍ਹਨ ਲਈ ਤਿਆਗ, ਤਪਸਿਆ, ਉੱਦਮ, ਸੂਰਬੀਰਤਾ ਅਤੇ ਨਿਡਰਤਾ ਦਾ ਉਪਦੇਸ਼ ਤੇ ਸੁਤੰਤ੍ਰ ਭਾਰਤ ਦੀ ਰੱਖਿਆ ਲਈ ਪ੍ਰੇਰਣਾ ਦਿੰਦੇ ਰਹੋ।** ਇਹਦੇ ਪਿੱਛੋਂ ਨਾਨਾ ਸਾਹਿਬ ਨੇ ਆਪਣੇ ਦੋਹਾਂ ਸਾਥੀਆਂ ਦਾ ਪਰਿਚਯ ਦਿੰਦੇ ਹੋਏ ਕਿਹਾ—"ਸੁਆਮੀ ਜੀ ! ਇਹ ਹਨ ਤਾਂਤੀਆ ਟੋਪੇ ਅਤੇ ਇਹ ਦੂਸਰੇ ਹਨ ਮੇਰੇ ਸਾਥੀ ਦੁਰਜੈ ਰਾਵ ਜੀ। ਅਸੀਂ ਏਸੇ ਗੁਪਤ ਭੇਸ ਵਿਚ ਯੋਗਮਾਯਾ ਮੰਦਿਰ ਦੇ ਮਹੰਤ ਤ੍ਰਿਸ਼ੂਲ ਬਾਬਾ ਦੇ ਆਦੇਸ਼ ਦੇ ਅਨੁਸਾਰ ਆਪ ਜੀ ਨੂੰ ਲੱਭਦੇ-ਲੱਭਦੇ ਏਥੇ ਆ ਪੁੱਜੇ ਹਾਂ। ਅੰਗ੍ਰੇਜ਼ਾਂ ਦੇ ਭੇਦੀਏ ਸਾਡੇ ਪਿੱਛੇ ਲੱਗੇ ਹੋਏ ਹਨ। ਰੱਬ ਜਾਣੇ ਅਸੀਂ ਕਦੋਂ ਧਰ ਲਏ ਜਾਈਏ। ਆਪ ਸਾਨੂੰ ਆਸ਼ੀਰਵਾਦ ਦਿਉ ਕਿ ਅਸੀਂ ਖੁਸ਼ੀ ਨਾਲ ਮੌਤ ਨੂੰ ਕਬੂਲ ਕਰੀਏ ਅਤੇ ਫੇਰ ਜਨਮ ਧਾਰਣ ਕਰਕੇ ਪਰਾਧੀਨ ਭਾਰਤ

---

1. **ਸਵਾਮੀ ਜੀ ਦੀ ਭਵਿੱਖ ਬਾਣੀ**—ਹਰਿਦੁਆਰ ਦੇ ਕੁੰਭ ਤੇ ਮੌਲਵੀ ਅਜ਼ੀ-ਮੁੱਲਾ ਖਾਂ ਦੇ ਪ੍ਰਸ਼ਨ ਦੇ ਉੱਤਰ ਵਿੱਚ ਸੁਆਮੀ ਜੀ ਨੇ ਕਿਹਾ ਸੀ —"**ਧਰਮ ਦੇ ਆਸਰੇ ਤੇ ਜਦ ਤੱਕ ਇਹ ਅੰਦੋਲਨ ਰਹੇਗਾ, ਤਦ ਤੱਕ ਇਹਦਾ ਭਵਿੱਖਤ ਉੱਜਲ ਰਹੇਗਾ : ਜਦ ਤੱਕ ਇਸਤ੍ਰੀਆਂ ਤੇ ਬੱਚਿਆਂ ਤੇ ਹਮਲਾ ਨਹੀਂ ਹੋਵੇਗਾ, ਤਦ ਤੱਕ ਇਹਨੂੰ ਸਫਲਤਾ ਮਿਲਦੀ ਰਹੇਗੀ**—"ਕਾਨ੍ਹਪੁਰ ਵਿਚ ਮੇਮਾਂ ਤੇ ਗੋਰੇ ਬੱਚਿਆਂ ਦਾ ਕਤਲ ਕੀਤਾ ਗਿਆ ਅਤੇ ਫਲ ਇਹ ਹੋਇਆ ਕਿ ਇਹ ਭਾਰੀ ਕ੍ਰਾਂਤੀ ਵਿਫਲ ਹੋ ਗਈ ਅਤੇ ਜਨ ਜਾਗਰਣ ਵਿਅਰਥ ਚਲਾ ਗਿਆ। (ਵੇਖੋ ਪੰਨਾ 40)

2. **ਨਵੀਆਂ ਘਟਨਾਂ ਸੰਬੰਧੀ ਨੋਟ**—ਜਦ ਸੁਤੰਤ੍ਰਤਾ ਵੀਰ ਵਿਨਾਇਕ ਦਾਮੋਦਰ ਸਾਵਰਕਾਰ ਅੰਡੇਮਾਨ ਦੀ ਜੇਲ ਵਿੱਚ ਦੋ ਉਮਰ ਕੈਦਾਂ (ਪੰਜਾਹ ਵਰ੍ਹੇ) ਦੀ ਸਜ਼ਾ ਭੁਗਤ ਰਹੇ ਸਨ, ਤਾਂ ਇੱਕ ਦਿਨ ਜੇਲ੍ਹ ਸੁਪਰਿੰਟੈਂਡੈਂਟ 'ਬਾਰੀ' ਕੁਝ ਗੋਰੇ ਤੇ ਮੇਮਾਂ ਨੂੰ ਸਾਵਰਕਰ ਜੀ ਕੋਲ ਲੈ ਆਇਆ, ਬਾਰੀ ਬੋਲਿਆ—"ਆਪ ਨੇ 1857 ਦੇ ਇਸ ਦੁਸ਼ਟ ਗ਼ਦਰ ਦਾ ਇਤਿਹਾਸ ਲਿਖਿਆ ਹੈ—ਅਜਿਹੇ ਦੁਸ਼ਟ ਲੋਕਾਂ ਕੋਲੋਂ ਆਪ ਦੇ ਮਨ ਵਿਚ ਘ੍ਰਿਣਾ ਕਿਉਂ ਨਹੀਂ ਹੋਈ ?—ਮੇਰੇ ਪਿਤਾ ਉਸ ਬਲਵੇ ਵਿਚ ਮੌਜੂਦ ਸਨ। ਉਹ ਕਹਿੰਦੇ ਸਨ—"ਉਸ ਅਧਮ ਨਾਨਾ ਸਾਹਿਬ ਨੇ ਖੁਦ ਮੇਮਾਂ ਦੀ ਬੜੀ ਬੁਰੀ ਹਾਲਤ ਕੀਤੀ ਸੀ। ਮੇਮਾਂ ਦੇ ਮੂੰਹ ਵਿਚ......ਅਜਿਹਾ ਸੀ ਉਹ ਨਰ ਰਾਖਸ਼। ਸਾਵਰਕਰ ਜੀ

(ਫੁਟ ਨੋਟ ਬਾਕੀ ਦੇਖੋ ਸਫ਼ਾ 41 ਤੇ)

ਦੀ ਦਾਸਤਾ ਦੀਆਂ ਪੱਕੀਆਂ ਬੇੜੀਆਂ ਨੂੰ ਤੋੜਨ ਤੇ ਇਹਨੂੰ ਆਜ਼ਾਦ ਕਰਾਉਣ ਲਈ ਇਸ ਸੰਸਾਰ ਵਿਚ ਮੁੜ ਛੇਤੀ ਆ ਸਕੀਏ ।"

**ਕਾਨ੍ਹਪੁਰ ਦੀ ਦੁਰਘਟਨਾ**—ਨਾਨਾ ਸਾਹਿਬ ਨੇ ਸੁਆਮੀ ਜੀ ਨੂੰ ਦਸਿਆ ਕਿ "ਕਾਨ੍ਹਪੁਰ ਵਿਚ ਇਕ ਹਜ਼ਾਰ ਗੋਰੇ ਇਸਤ੍ਰੀ-ਪੁਰਖ ਮੁਸੀਬਤ ਵਿਚ ਸਨ । ਮੈਂ (ਨਾਨਾ

(40 ਨੰਬਰ ਪੇਜ ਦਾ ਬਾਕੀ ਫੁਟ ਨੋਟ)

ਨੇ ਪੁੱਛਿਆ—"ਕੀਹ ਆਪ ਦੇ ਪਿਤਾ ਜੀ ਨੇ ਇਹ ਕ੍ਰਿਤਜ ਆਪ ਵੇਖਿਆ ਸੀ ?" ਬਾਰੀ ਨੇ ਕਿਹਾ—"ਲਖਨਊ ਵਿੱਚ, ਜਿਸ ਕਰਨਲ ਨੇ ਇਹ ਕਰਤੂਤ ਡਿੱਠੀ ਸੀ, ਉਹਨੇ ਮੇਰੇ ਪਿਤਾ ਜੀ ਨੂੰ ਦੱਸਿਆ ਸੀ ।" ਸਾਵਰਕਰ ਜੀ ਨੇ ਉੱਤਰ ਦਿੱਤਾ—"ਤਾਂ ਉਹ ਝੂਠਾ ਹੈ। ਕਾਰਣ, ਨਾਨਾ ਸਾਹਿਬ ਲਖਨਊ ਵਿਚ ਸਨ ਹੀ ਨਹੀਂ । ਜਦ ਅੰਗ੍ਰੇਜ਼ ਇਸਤ੍ਰੀ ਬੱਚਿਆਂ ਨੂੰ ਜੇਲ੍ਹ ਖਾਨੇ ਵਿਚ ਬੰਦ ਕਰ ਦਿਤਾ ਗਿਆ ਸੀ, ਤਦ ਨਾਨਾ ਸਨ ਕਾਨ੍ਹਪੁਰ ਵਿਚ ।" (ਸਾਵਰਕਰ ਜੀ ਦਾ 'ਆਜਨਮ ਕਾਰਾਵਾਸ' ਪੰਨਾ 106)

**ਮੇਮਾਂ ਤੇ ਬੱਚਿਆਂ ਨੂੰ ਕਿਸਨੇ, ਕਿਉਂ ਮਾਰਿਆ**"...ਪਰੰਤੂ ਜਦ ਅੰਗ੍ਰੇਜ਼ੀ ਸੈਨਾ ਕਾਨ੍ਹਪੁਰ ਆਈ, ਤਦ ਇਲਾਹਾਬਾਦ ਦੇ ਇਰਦ-ਗਿਰਦ ਦੇ **ਸਾਰੇ ਪਿੰਡ ਫੂਕ ਦਿੱਤੇ ਗਏ । ਉਹਨਾਂ ਵਿਚ ਬਲਵੇ ਦੇ ਅੰਦਰ ਭਾਗ ਲੈਣ ਵਾਲੇ ਵੀਰਾਂ ਦੇ ਟੱਬਰਾਂ ਦੀ ਹੋਲੀ ਜਲਾਈ ਗਈ । ਸੈਂਕੜੇ ਸੜ ਕੇ ਸੁਆਹ ਹੋ ਗਏ ।** ਇਹਨਾਂ ਖਬਰਾਂ ਦੇ ਕਾਰਣ ਜਿਹੜੇ ਕ੍ਰਾਂਤਿਕਾਰੀ ਸੇਨਾਨੀ ਕਾਨ੍ਹਪੁਰ ਵਿਚ ਸਨ ਉਹਨਾਂ ਦਾ ਕ੍ਰੋਧ ਭੜਕ ਉਠਿਆ। ਜੇਲ੍ਹ ਵਿਚ ਜਿਹੜੇ ਗੋਰੇ ਕੈਦੀ ਸਨ । ਉਹਨਾਂ ਨੇ ਲੁਕ-ਛੁਪ ਕੇ ਅੰਗ੍ਰੇਜ਼ੀ ਫੌਜਾਂ ਨੂੰ ਪਤ੍ਰ ਭੇਜੇ ਸਨ, ਜਿਹਨਾਂ ਵਿਚ ਕ੍ਰਾਂਤੀਕਾਰੀਆਂ ਦੀਆਂ ਖਬਰਾਂ ਸਨ । ਪਤ੍ਰਵਾਹਕ ਫੜ ਲਏ ਗਏ ਅਤੇ ਕ੍ਰੋਧ ਵਿਚ ਆਏ ਕ੍ਰਾਂਤੀਕਾਰੀਆਂ ਨੇ ਮੇਮਾਂ ਤੇ ਬੱਚਿਆਂ ਨੂੰ ਕਤਲ ਕਰ ਦਿੱਤਾ ।

**ਨੀਲ ਦੀ ਸ਼ੈਤਾਨੀ**—"...ਆਤੰਕ ਪੈਦਾ ਕਰਨ ਲਈ ਇੱਕ ਇੱਕ ਮੇਮ ਦੇ ਕਤਲ ਦੇ ਬਦਲੇ ਦਸ-ਦਸ ਹਿੰਦੂ ਇਸਤ੍ਰੀਆਂ ਗੋਰੇ ਸਿਪਾਹੀਆਂ...ਦੀ ਅੱਗ ਵਿਚ ਬਲੀ ਬਣਾਈਆਂ ਗਈਆਂ । ਇਹਨਾਂ ਗੋਰਿਆਂ ਦੇ ਬੁੱਤ ਇੰਗਲੈਂਡ ਵਿਚ ਲਗਾਏ ਗਏ ਅਤੇ ਨੀਲ ਨੇ ਮੰਨਿਆਂ ਕਿ—"ਅੰਗ੍ਰੇਜ਼ਾਂ ਦੇ ਕਲਿਆਣ ਲਈ ਇਹ ਨਿਰਦਯਤਾ ਮੇਰਾ ਕਰਤੱਵ ਸੀ ।"

ਸਾਹਿਬ) ਉਹਨਾਂ ਨੂੰ ਵਿਸ਼ਵਾਸ ਦੇ ਰੱਖਿਆ ਸੀ ਕਿ ਉਹ ਆਪਣੀ ਇੱਛਾ ਅਨੁਸਾਰ ਇਲਾਹਾਬਾਦ ਜਾ ਸਕਦੇ ਹਨ। ਏਸ ਸਮੂਹ ਵਿਚ ਸੈਂਕੜੇ ਗੋਰੇ ਸਿਪਾਹੀ ਅਜਿਹੇ ਵੀ ਸਨ, ਜਿਹਨਾਂ ਨੇ ਪਿਛਲੇ ਹੀ ਹਫਤੇ ਕਾਂਸ਼ੀ ਅਤੇ ਪ੍ਰਯਾਗ ਵਿਚ ਦੇਸੀ ਸਿਪਾਹੀਆਂ ਦੇ ਇਸਤ੍ਰੀ-ਬੱਚਿਆਂ ਤੇ ਅਮਾਨਵੀ ਅਤਿਆਚਾਰ ਕੀਤੇ ਸਨ। ਨੀਲ ਸਾਹਿਬ ਦੇ ਦਾਨਵੀ ਦੁਰ-ਵਿਹਾਰ ਦੀ ਯਾਦ ਨੇ ਵੀ ਦੇਸੀ ਸਿਪਾਹੀਆਂ ਨੂੰ ਭੜਕਾ ਦਿਤਾ ਸੀ। ਜਿਹੜੇ ਲੋਕ ਬਚ ਗਏ ਸਨ ਉਹਨਾਂ ਨੂੰ ਵੀ ਕੈਦੀ ਬਣਵਾ ਦਿੱਤਾ ਗਿਆ ਸੀ। ਵਿਦ੍ਰੋਹੀ ਪ੍ਰਜਾ ਤੇ ਦੇਸ਼ ਭਗਤ ਵਿਪਲਵੀ ਵੀਰਾਂ ਤੇ ਜਿੱਤ ਪ੍ਰਾਪਤ ਕਰਕੇ ਜਦ ਵਿਜਈ ਗੋਰੇ ਸਿਪਾਹੀ ਕਾਨ੍ਹਪੁਰ ਦੇ ਕੋਲ ਪਹੁੰਚ ਗਏ ਤਦ ਵਿਦ੍ਰੋਹੀ ਮੂਲਖਈਏ ਨੇ ਦੋ ਸੌ ਤੋਂ ਵਧੇਰੇ ਕੈਦੀ ਮੇਮਾਂ ਤੇ ਬੱਚਿਆਂ ਦਾ ਵਧ ਕਰਕੇ ਲਾਗੇ ਦੇ ਖੂਹਾਂ ਵਿਚ ਉਹਨਾਂ ਦੀਆਂ ਲਾਸ਼ਾਂ ਨੂੰ ਸੁੱਟ ਦਿਤਾ ਸੀ। ਜਨਤਾ ਦੁਆਰਾ ਇਸ ਪ੍ਰਕਾਰ ਦੇ ਹੱਤਿਆ ਕਾਂਡ ਨਾਲ ਭਾਵੇਂ ਮੇਰਾ ਸਿੱਧਾ ਸੰਬੰਧ ਬਿਲਕੁਲ ਨਹੀਂ ਸੀ, ਤਾਂ ਵੀ ਵਿਦ੍ਰੋਹੀਆਂ ਨਾਲ ਸੰਬੰਧ ਹੋਣ ਦੇ ਕਾਰਣ ਮੈਂ ਜ਼ਿਮੇਦਾਰੀ ਤੋਂ ਮੁਕਰ ਨਹੀਂ ਸਕਦਾ। ਏਸ ਮਹਾਂ-ਪਾਪ ਦੇ ਪਛਤਾਵੇ ਲਈ ਮੈਂ ਆਪਣੀ ਦੇਹ ਨੂੰ ਬਲਦੇ ਅਗਨੀ ਕੁੰਡ ਵਿਚ ਹੋਮ ਦੇਣ ਦਾ ਸੰਕਲਪ ਕਰੀ ਬੈਠਾ ਹਾਂ।"[1] (ਸਾਰਵਦੇਸ਼ਿਕ9-11-1970)

**ਨਵੀਆਂ ਖੋਜਾਂ**—ਥੋੜੇ ਦਿਨ ਪਹਿਲੇ ਤੱਕ ਸਾਨੂੰ ਕੇਵਲ ਇਤਨਾ ਹੀ ਪਤਾ ਸੀ ਕਿ ਮੂਲ ਜੀ ਤੋਂ ਬ੍ਰਹਮਚਾਰੀ 'ਸ਼ੁੱਧ ਚੈਤਨਯ' ਬਣਨ ਤੋਂ ਪਿੱਛੋਂ ਚਵ੍ਹੀ ਵਰਿਆਂ ਦੀ ਉਮਰ ਵਿਚ ਨਰਮਦਾ-ਤਟ-ਵਾਸੀ ਸ੍ਵਾਮੀ ਪੂਰਣਾਨੰਦ ਕੋਲੋਂ ਸੰਨਿਆਸ ਦੀ ਦੀਖਿਆ ਲੈ ਕੇ ਸ੍ਵਾਮੀ ਦਯਾਨੰਦ ਸਰਸ੍ਵਤੀ ਬਣੇ ਅਤੇ ਦੇਸ਼ ਭ੍ਰਮਣ, ਪਰਬਤਾਂ ਤੇ ਚੜ੍ਹਨ, ਤਪ ਸਾਧਨ ਅਤੇ ਸਿਧ ਯੋਗੀਆਂ ਦੀ ਤਲਾਸ਼ ਦਾ ਕੰਮ ਕਰਦੇ ਰਹੇ ਅਤੇ ਫੇਰ ਤਿੰਨ ਬਰਸ ਨਰਮਦਾ ਤਟ ਤੇ ਘੁੰਮਦੇ ਰਹੇ। ਪਰ ਇਹਨਾਂ ਦਿਨਾਂ ਵਿਚ ਉਹ ਕੀ ਕਰਦੇ ਰਹੇ ਇਹਦੇ ਸੰਬੰਧ ਵਿਚ ਪ੍ਰਕਾਸ਼ ਵਿਚ ਆਈਆਂ ਨਵੀਆਂ ਘਟਨਾ ਪੰਨੇ 20 ਤੋਂ 42 ਤੱਕ ਤੇ ਲਿਖੀਆਂ ਗਈਆਂ ਹਨ।

**ਸ੍ਵਾਮੀ ਦਯਾਨੰਦ ਜੀ ਦੰਡੀ ਵਿਰਜਾਨੰਦ ਜੀ ਦੀ ਕੁਟੀਆ ਵਿੱਚ**—ਸ਼੍ਰੀ ਸ੍ਵਾਮੀ ਦਯਾਨੰਦ ਸਰਸ੍ਵਤੀ 1855 ਈ: ਦੇ ਹਰਿਦ੍ਵਾਰ ਦੇ ਕੁੰਭ ਦੇ ਮੇਲੇ ਦੇ ਦਿਨਾਂ ਵਿੱਚ ਕਨਖਲ

(ਹਰਿਦ੍ਵਾਰ) ਵਾਸੀ ਸ਼੍ਰੀ ਸ੍ਵਾਮੀ ਪੂਰਣਾਨੰਦ*(ਪੂਰਣ ਆਸ਼੍ਰਮ) ਕੋਲੋਂ ਦੰਡੀ ਸ੍ਵਾਮੀਵਿਰਜਾ-ਨੰਦ ਜੀ ਦੀ ਮਥੁਰਾ ਸਥਿਤ ਪਾਠਸ਼ਾਲਾ ਦੀ ਮਸ਼ਹੂਰੀ ਸੁਣ ਹੀ ਚੁੱਕੇ ਸਨ। ਪਰ ਛੇਤੀ ਹੀ ਹੋਣ ਵਾਲੀ ਦੇਸ਼ ਵਿਆਪੀ ਰਾਜ-ਕ੍ਰਾਂਤੀ ਦੇ ਆਯੋਜਨਾਂ ਵਿਚ ਅਮਲੀ ਹਿੱਸਾ ਲੈਣ ਦੀ ਤੀਬ੍ਰ ਅਭਿਲਾਖਾ ਦੇ ਕਾਰਣ ਹੀ ਪਹਿਲੋਂ ਮਥੁਰਾ ਨਹੀਂ ਜਾ ਸਕੇ ਸਨ। ਹੁਣ ਜਦ ਕਿ ਕ੍ਰਾਂਤਿ ਦੀ ਜ੍ਵਾਲਾ ਗੋਰੀਆਂ ਫੌਜਾਂ ਦੇ ਅਤਿਆਚਾਰਾਂ ਦੇ ਕਾਰਣ ਬੁਝਾਈ ਜਾ ਚੁੱਕੀ ਸੀ, ਕ੍ਰਾਂਤਿਕਾਰੀ ਵੀ ਹਰ ਪ੍ਰਕਾਰ ਦੇ ਅਕਹਿ ਤੇ ਅਸਹਿ ਤਸੀਹੇ ਭੁਗਤ ਕੇ, ਹਜ਼ਾਰਾਂ ਦੀ ਸੰਖਿਆ ਵਿੱਚ ਗੋਲੀਆਂ ਨਾਲ ਭੁੰਨੇ ਜਾਂ ਸੜਕਾਂ ਦੇ ਰੁੱਖਾਂ ਦੇ ਟਾਹਣਾਂ ਨਾਲ ਰੱਸੇ ਬੰਨ੍ਹਕੇ ਫਾਂਸੀਆਂ ਤੇ ਲਟਕਾਏ ਜਾ ਚੁੱਕੇ ਸਨ; ਰਹਿੰਦੇ-ਖੂੰਹਦੇ ਜੰਗਲਾਂ, ਪਹਾੜਾਂ ਤੇ ਔਝੜ-ਉਜਾੜਾਂ ਵਿਚ ਹਿੰਸਕ ਪਸ਼ੂਆਂ ਤੇ ਜੰਗਲੀ ਜਾਨਵਰਾਂ ਦੀ ਖ਼ੁਰਾਕ ਬਣ ਚੁੱਕੇ ਸਨ; ਜਾਂ ਭੁੱਖ-ਪਿਆਸ ਦੇ ਸ਼ਿਕਾਰ ਬਣ ਚੁੱਕੇ ਸਨ ਅਥਵਾ ਹੋਰ ਕਿਸੇ ਜ਼ਰੀਏ ਆਪਣੀਆਂ ਵੱਡ-ਮੁੱਲੀਆਂ ਜਾਨਾਂ ਦੇਸ ਅਤੇ ਧਰਮ ਦੀ ਖ਼ਾਤਿਰ ਕੁਰਬਾਨ ਕਰ ਚੁੱਕੇ ਸਨ, ਇਹਨਾਂ ਦੇ ਬਾਲ-ਬੱਚੇ ਅਤੇ ਟੱਬਰ-ਕਬੀਲੇ ਅੰਗ੍ਰੇਜ਼ਾਂ ਦ੍ਵਾਰਾ ਭੜਕਾਈ ਹੋਈ ਦ੍ਵੇਸ਼ ਅਗਨੀ ਦੇ ਭਾਂਬੜਾਂ ਵਿਚ ਸੜ-ਸਵਾਹ ਹੋ ਰਹੇ ਸਨ; ਚਵ੍ਹੀਂਪਾਸੀਂ ਆਤੰਕ, ਭੈ, ਨਿਰਾਸ਼ਾ, ਨਮੋਸ਼ੀ ਅਤੇ ਨਾਉਮੈਦੀ ਦੀਆਂ ਘਨਘੋਰ-ਘਟਾਂ ਦੇ ਘਣੇ ਬੱਦਲ ਛਾ ਰਹੇ ਸਨ; ਉਸ ਮਾਯੂਸੀ ਅਤੇ ਨਾਉਮੈਦੀ ਦੇ ਗਲ-ਘੁਟਵੇਂ ਵਾਤਾਵਰਣ ਵਿੱਚ ਸ੍ਵਾਮੀ ਦਯਾਨੰਦ ਜੀ ਨੂੰ ਮੁੜ ਉੱਚੀ ਸਿਖਿਆ-ਦੀਖਿਆ ਦੇ ਪ੍ਰਾਪਤ ਕਰਨ ਦੀ ਚਿਰੋਕੀ ਦੱਬੀ ਹੋਈ ਇੱਛਿਆ ਨਵੇਂ ਸਿਰਿਉਂ ਜਾਗ੍ਰਿਤ ਹੋ ਗਈ। **ਕ੍ਰਾਂਤੀਕਾਰੀਆਂ ਦੇ ਪ੍ਰੇਰਣਾ**

---

*ਸ਼੍ਰੀਮਤੀ ਪਰੋਪਕਾਰਿਣੀ ਸਭਾ ਦੇ ਮੰਤ੍ਰੀ ਮਥੁਰਾ ਨਿਵਾਸੀ ਸ੍ਵਰਗੀਯ ਪੰਡਿਤ ਮੋਹਨ ਲਾਲ ਵਿਸ਼ਨੂੰ ਪੰਡਿਆ ਨੇ ਦੇਵੇਂਦ੍ਰ ਬਾਬੂ ਨੂੰ ਜ਼ਬਾਨੀ ਦੱਸਿਆ ਸੀ ਕਿ—"ਮੈਂ ਪਹਿਲੇ ਪੜ੍ਹਨ ਲਈ ਹਰਦ੍ਵਾਰ ਵਿਚ ਪੂਰਣਾਸ਼੍ਰਮ ਸ੍ਵਾਮੀ ਦੇ ਕੋਲ ਗਿਆ ਸਾਂ, ਪਰੰਤੂ ਉਹ ਉਸ ਸਮੇਂ ਬਹੁਤ ਬੁੱਢੇ ਹੋ ਗਏ ਸਨ ਅਤੇ ਉਹਨਾਂ ਨੇ ਮੌਨ ਬ੍ਰਤ ਧਾਰਣ ਕਰ ਰੱਖਿਆ ਸੀ, ਏਸ ਕਰਕੇ ਉਹ ਮੈਨੂੰ ਪੜ੍ਹਾਉਣ ਤੇ ਰਜ਼ਾਮੰਦ ਨਹੀਂ ਹੋਏ ਸਨ। ਜਦ ਮੈਂ ਬਹੁਤ ਆਗ੍ਰਹਿ ਕੀਤਾ ਤਾਂ ਉਹਨਾਂ ਨੇ ਇਕ ਕਾਗਜ਼ ਤੇ ਲਿਖ ਦਿੱਤਾ ਕਿ 'ਜੇ ਤੁਸੀਂ ਮਥੁਰਾ ਵਿਚ ਜਾ ਕੇ ਸ੍ਵਾਮੀ ਵਿਰਜਾਨੰਦ ਕੋਲੋਂ ਪੜ੍ਹੋ ਤਾਂ ਤੁਹਾਡਾ ਮਨੋਰਥ ਸਿੱਧ ਹੋ ਜਾਇਗਾ।

**ਸ੍ਰੋਤ** ਅਤੇ-ਕ੍ਰਾਂਤੀ ਦੀ ਅੱਗ ਦੇ ਪ੍ਰਚੰਡ ਭਾਂਬੜਾਂ ਨੂੰ ਵਧੇਰੇ ਭੜਕਾਉਣ ਵਾਲੇ ਦੰਡੀ ਸ੍ਵਾਮੀ ਵਿਰਜਾਨੰਦ ਜੀ ਵੀ ਵਿਪਲਵ ਦੀ ਪੂਰੀ ਵਿਫਲਤਾ ਦਾ ਅਨੁਭਵ ਕਰਕੇ ਇੱਕ ਵਾਰੀ ਮੁੜ ਪੜ੍ਹਨ-ਪੜ੍ਹਾਉਣ ਵਿਚ ਰੁੱਝ ਗਏ ।

ਓਧਰ ਉੱਚੀ ਸਿਖਿਆ ਦੇ ਚਾਹਵਾਨ ਸ੍ਵਾਮੀ ਦਯਾਨੰਦ ਸਰਸ੍ਵਤੀ ਜੀ ਮਥੁਰਾ ਵੱਲ ਤੁਰ ਪਏ । ਰਾਹ ਵਿੱਚ ਆਪ ਹਾਥਰਸ ਠਹਿਰੇ । ਉਹਨਾਂ ਨੂੰ ਪਤਾ ਲੱਗਾ ਕਿ 'ਮੁਰਸਾਨ' ਵਿਚ ਸ੍ਵਾਮੀ ਵਿਰਜਾਨੰਦ ਦਾ ਕਿਸੇ ਪੰਡਿਤ ਨਾਲ ਸ਼ਾਸਤ੍ਰਾਰਥ ਹੋਣ ਵਾਲਾ ਹੈ । ਆਪ ਉਸ ਵਿਰੋਧੀ-ਵਿਦ੍ਵਾਨ ਕੋਲ ਗਏ ਅਤੇ ਬੇਨਤੀ ਕੀਤੀ ਕਿ "ਮੈਨੂੰ ਸ੍ਵਾਮੀ ਵਿਰਜਾਨੰਦ ਕੋਲ ਲੈ ਚੱਲੋ ਤਾਂ ਜੁ ਮੈਂ ਵੇਖ ਸਕਾਂ ਕਿ ਉਹ ਕਿੱਡੇ-ਕੁ ਵਿਦ੍ਵਾਨ ਹਨ । ਪਰ ਉਸ ਹਾਰੇ ਹੋਏ ਵਿਦ੍ਵਾਨ ਨੇ ਵੀ ਸ੍ਵਾਮੀ ਵਿਰਜਾਨੰਦ ਦੀ ਪ੍ਰਸ਼ੰਸਾ ਕਰਦੇ ਹੋਏ ਸ੍ਵਾਮੀ ਦਯਾਨੰਦ ਨੂੰ ਦੱਸਿਆ ਕਿ ਉਹ ਇੱਕ ਆਸਾਧਾਰਣ ਵਿਦ੍ਵਾਨ ਹਨ । ਉਹਨਾਂ ਦਾ ਅਸ਼ਟਾਧਿਆਈ ਅਤੇ ਮਹਾਭਾਸ਼੍ਯ ਤੇ ਪੂਰਾ ਅਧਿਕਾਰ ਹੈ; ਪਰ ਹੁਣ ਤਾਂ ਉਹ ਮਥੁਰਾ ਚਲੇ ਗਏ ਹਨ । ਇਹ ਸੁਣਕੇ ਸ੍ਵਾਮੀ ਦਯਾਨੰਦ ਜੀ ਨੇ ਮਥੁਰਾ ਜਾ ਕੇ ਹੀ ਦਰਸ਼ਨ ਕਰਨ ਦਾ ਪੱਕਾ ਇਰਾਦਾ ਕਰ ਲਿਆ । ਆਪ ਸਿੱਧੇ ਵਿਸ਼੍ਰਾਂਤ (ਵਿਸ਼੍ਰਾਮ) ਘਾਟ ਦੇ ਲਾਗੇ ਸ੍ਵਾਮੀ ਵਿਰਜਾਨੰਦ ਦੀ ਪਾਠਸ਼ਾਲਾ ਤੇ ਪਹੁੰਚੇ ਅਤੇ ਕੁਟੀਆ ਦਾ ਬੂਹਾ ਜਾ ਖੜਕਾਇਆ । ਅੰਦਰੋਂ ਜਵਾਬ ਆਇਆ--"ਕੌਣ ਹੈ ?" ਸ੍ਵਾਮੀ ਦਯਾਨੰਦ ਜੀ ਨੇ ਬੇਨਤੀ ਕੀਤੀ—"ਮਹਾਰਾਜ ! ਮੇਰੀ ਇਹੋ ਜਿਗਿਆਸਾ ਹੈ ਕਿ ਮੈਂ ਕੌਣ ਹਾਂ ? ਇਹੋ ਜਾਨਣ ਲਈ ਤਾਂ ਆਪਦੇ ਸ਼੍ਰੀ ਚਰਣਾਂ ਵਿਚ ਆਇਆ ਹਾਂ ।" ਏਸ ਦਾਰਸ਼-ਨਿਕ ਉੱਤਰ ਤੇ ਭਾਰੀ ਜਿਗਿਆਸਾ ਅਤੇ ਗਿਆਨ ਪਿਪਾਸਾ ਨੂੰ ਸੁਣ ਕੇ ਸ੍ਵਾਮੀ ਵਿਰਜਾਨੰਦ, ਨੂੰ ਜਿਵੇਂ ਕੋਈ ਗਵਾਚਾ ਹੋਇਆ ਵੱਡ-ਮੁੱਲਾ ਪਦਾਰਥ ਅਚਣਚੇਤ ਮਿਲ ਗਿਆ ਹੋਵੇ, ਮਹਾਨ ਹਰਖ ਤੇ ਪ੍ਰਸੰਨਤਾ ਹੋਈ; ਝੱਟ ਬੂਹਾ ਖੁਲ੍ਹਵਾ ਕੇ ਸ੍ਵਾਮੀ ਦਯਾਨੰਦ ਨੂੰ ਅੰਦਰ ਬੁਲਾ ਲਿਆ । ਨਮਸਕਾਰ ਅਤੇ ਜਵਾਬੀ ਅਸ਼ੀਰਵਾਦ ਤੋਂ ਪਿੱਛੋਂ ਸਭ ਤੋਂ ਪਹਿਲਾ ਪ੍ਰਸ਼ਨ ਸ੍ਵਾਮੀ ਵਿਰਜਾਨੰਦ ਦਾ ਇਹ ਸੀ ਕਿ —"ਅਜੇ ਤੱਕ ਕੀ ਪੜ੍ਹੇ ਹੋ ?

**ਅਨਾਰਸ਼ ਗ੍ਰੰਥਾਂ ਦਾ ਸ਼ਤ੍ਰੂ ਸ੍ਵਾਮੀ ਵਿਰਜਾਨੰਦ**—ਜਦ ਸ੍ਵਾਮੀ ਦਯਾਨੰਦ ਤੋਂ ਲਘੁਕੌਮੁਦੀ, ਮਧ੍ਯ ਕੌਮੁਦੀ, ਸਿੱਧਾਂਤ ਕੌਮੁਦੀ, ਸ਼ੇਖਰ ਤੇ ਮਨੋਰਮਾ ਆਦਿ ਮਨੁੱਖ ਕ੍ਰਿਤ ਗ੍ਰੰਥਾਂ ਦਾ ਨਾਉਂ ਸੁਣਿਆ ਤਾਂ ਸ੍ਵਾਮੀ ਵਿਰਜਾਨੰਦ ਜੀ ਨੇ ਇਕ-ਦਮ ਗੰਭੀਰ

ਹੋ ਕੇ ਆਖਿਆ—"ਪਿਆਰੇ ! ਅੱਜ ਤਕ ਮਨੁੱਖ ਕ੍ਰਿਤ ਗ੍ਰੰਥਾਂ ਰਾਹੀਂ ਜੋ ਕੁਝ ਵੀ ਪੜ੍ਹਿਆ ਹੈ ਈ, ਉਹਨੂੰ ਭੁੱਲ ਜਾ, ਅਤੇ ਜੋ ਕੋਈ ਅਜਿਹਾ ਅਨਾਰਸ਼ ਗ੍ਰੰਥ-ਪੋਥੀ-ਪਤ੍ਰਾ ਤੇਰੇ ਕੋਲ ਮੌਜੂਦ ਹੋਵੇ ਤਾਂ ਉਹਨਾਂ ਸਾਰਿਆਂ ਨੂੰ ਜਮਨਾ ਦੀ ਭੇਟ ਕਰ ਦੇ। ਮੇਰਾ ਇੱਕ ਹੋਰ ਵੀ ਨਿਯਮ ਹੈ, ਉਹ ਵੀ ਸੁਣ ਲੈ। ਉਹ ਇਹ ਕਿ ਆਪ ਸਨਿਆਸੀ ਹੋ। ਪਹਿਲੇ ਆਪਣੇ ਭੋਜਨ ਤੇ ਰਿਹਾਇਸ਼ ਆਦਿ ਦਾ ਪੱਕਾ ਪ੍ਰਬੰਧ ਕਰ ਲਉ, ਫੇਰ ਬੇਫ਼ਿਕਰ ਅਤੇ ਨਿਸ਼ਚਿੰਤ ਹੋ ਕੇ ਪੂਰੀ ਲਗਨ ਨਾਲ ਪੜ੍ਹੋ। ਨਹੀਂ ਤੇ ਮੇਰਾ ਪੜ੍ਹਾਉਣਾ ਅਤੇ ਆਪ ਦਾ ਮੇਰੇ ਪਾਸੋਂ ਪੜ੍ਹਨਾ ਸੰਭਵ ਨਹੀਂ ਹੋ ਸਕੇਗਾ।"

ਸ੍ਵਾਮੀ ਦਯਾਨੰਦ ਨੇ ਆਦੇਸ਼ ਨੂੰ ਮੰਨਕੇ ਪਹਿਲਾ ਕੰਮ ਤਾਂ ਕੌਮੁਦੀ, ਸ਼ੇਖਰ ਆਦਿ ਅਨਾਰਸ਼ ਗ੍ਰੰਥਾਂ ਨੂੰ ਜਮਨਾ ਵਿਚ ਰੋੜ੍ਹਨ ਦਾ ਕੀਤਾ। ਫੇਰ ਲਛਮੀ ਨਾਰਾਇਣ ਦੇ ਮੰਦਿਰ ਵਿੱਚ ਇਹ ਨਿੱਕੀ-ਜਿਹੀ ਕੋਠੜੀ ਦਾ, ਰਹਿਣ ਲਈ ਪ੍ਰਬੰਧ ਕੀਤਾ। ਤਦੁਪਰਾਂਤ ਆਪਦੀ ਮੁਲਾਕਾਤ ਮਥੁਰਾ ਨਿਵਾਸੀ ਇਕ ਉਦੀਚ ਬ੍ਰਾਹਮਣ ਸ਼੍ਰੀ ਅਮਰ ਲਾਲ ਜੋਸ਼ੀ ਨਾਲ ਹੋਈ। ਇੱਹ ਸੱਜਣ ਇਕ ਮਾਲਦਾਰ ਪੰਡਿਤ ਸਨ ਅਤੇ ਪ੍ਰਤਿਦਿਨ ਇਕ ਸੌ ਬ੍ਰਾਹਮਣਾਂ ਨੂੰ ਭੋਜਨ ਛਕਾਉਂਦੇ ਹੁੰਦੇ ਸਨ। ਆਪ ਨੇ ਸ੍ਵਾਮੀ ਦਯਾਨੰਦ ਦਾ ਭੋਜਨ ਸੰਬੰਧੀ ਪ੍ਰਸਤਾਵ ਖੁਸ਼ੀ ਨਾਲ ਮੰਜ਼ੂਰ ਕਰ ਲਿਆ ਅਤੇ ਛੇਤੀ ਹੀ ਆਪਦਾ ਸ੍ਵਾਮੀ ਦਯਾਨੰਦ ਨਾਲ ਇਤਨਾ ਪ੍ਰੇਮ ਹੋ ਗਿਆ ਕਿ ਉਹ ਪਹਿਲੇ ਸ੍ਵਾਮੀ ਜੀ ਨੂੰ ਭੋਜਨ ਕਰਾਕੇ ਪਿਛੋਂ ਆਪ ਅੰਨ ਗ੍ਰਹਿਣ ਕਰਨ ਲਗ ਪਿਆ। ਸ਼੍ਰੀ ਗੋਵਰਧਨ ਨਾਮੀ ਇਕ ਸਰਾਫ਼ ਨੇ ਸ੍ਵਾਮੀ ਜੀ ਨੂੰ ਚਾਰ ਆਨੇ ਮਹੀਨਾ ਤੇਲ ਲਈ ਦੇਣਾ ਸ੍ਵੀਕਾਰ ਕਰ ਲਿਆ ਅਤੇ ਸ਼੍ਰੀ ਹਰਦੇਵ ਪੱਥਰਵਾਲੇ ਨੇ ਦੋ ਰੁਪਏ ਮਹੀਨਾ ਦੁੱਧ ਲਈ। ਏਸ ਪ੍ਰਕਾਰ ਚਿੰਤਾ ਰਹਿਤ ਹੋ ਕੇ ਸ੍ਵਾਮੀ ਦਯਾਨੰਦ ਜੀ ਸ੍ਵਾਮੀ ਵਿਰਜਾਨੰਦ ਕੋਲ ਨਿਯਮ ਪੂਰਵਕ ਤੇ ਦੱਤ-ਚਿੱਤ ਹੋ ਕੇ ਵਿਦਯਾ-ਪ੍ਰਾਪਤੀ ਵਿਚ ਜੁੱਟ ਗਏ। ਨਵੇਂ ਆਚਾਰਜ ਦੇ ਪਾਸ ਨਵੀਨ ਪੱਧਤੀ ਨਾਲ ਪਠਨ-ਪਾਠਨ ਆਰੰਭ ਹੋ ਗਿਆ। ਸ੍ਵਾਮੀ ਵਿਰਜਾ-ਨੰਦ ਦਾ ਪੜ੍ਹਾਉਣ ਦਾ ਤਰੀਕਾ ਬੜਾ ਅਜੀਬ ਤੇ ਅਨੋਖਾ ਸੀ। ਇਹਦਾ ਸਦਕਾ ਵਿਦਿਆਰਥੀ ਥੋੜ੍ਹੇ ਸਮੇਂ ਵਿਚ ਬਹੁਤ ਕੁਝ ਪੜ੍ਹ ਲੈਂਦੇ ਸਨ। ਅਸ਼ਟਾਧਿਆਈ ਦੀ ਸਮਾਪਤੀ ਤੇ ਸ੍ਵਾਮੀ ਦਯਾਨੰਦ ਮਹਾਭਾਸ਼ਯ ਪੜ੍ਹਨ ਲੱਗੇ। ਵਿਆਕਰਣ ਸ਼ਾਸਤ੍ਰ ਵਿਚ ਅਸ਼ਟਾਧਿਆਈ ਦੇ ਸੂਤ੍ਰਾਂ ਨੂੰ ਖੋਲ੍ਹਣ ਵਿਚ ਮਹਾਭਾਸ਼ਯ ਇੱਕ ਅਦਭੁਤ ਤੇ ਅਦੁਤੀ ਗ੍ਰੰਥ ਹੈ। ਸ੍ਵਾਮੀ ਵਿਰਜਾਨੰਦ ਨੂੰ ਵਿਸ਼੍ਵਾਸ ਹੋ ਗਿਆ ਸੀ ਕਿ ਦਯਾਨੰਦ ਵਰਗਾ

ਵਿਦਿਆਰਥੀ ਉਹਦੇ ਤੋਂ ਪਹਿਲਾਂ ਕੋਈ ਨਹੀਂ ਲੱਭਾ ਸੀ, ਉਸੇ ਤਰ੍ਹਾਂ ਸ੍ਵਾਮੀ ਦਯਾ-ਨੰਦ ਦੀ ਧਾਰਣਾ ਬਣ ਗਈ ਸੀ ਕਿ ਸ੍ਵਾਮੀ ਵਿਰਜਾਨੰਦ ਵਰਗਾ ਕੋਈ ਗੁਰੂ ਉਹਨਾਂ ਨੂੰ ਪਹਿਲੋਂ ਨਹੀਂ ਮਿਲ ਸਕਿਆ ਸੀ ।

**ਸ੍ਵਾਮੀ ਦਯਾਨੰਦ ਦੀ ਗੁਰੂ-ਸੇਵਾ**—ਬਰਖ਼ੁਰਦਾਰ ਵਿਦਿਆਰਥੀ ਸ੍ਵਾਮੀ ਦਯਾਨੰਦ ਆਪਣੇ ਗੁਰੂ ਜੀ ਦੀ ਹਰ ਪ੍ਰਕਾਰ ਦੀ ਸੇਵਾ ਕਰਦੇ ਰਹਿਣਾ ਆਪਣਾ ਕਰਤਵਯ ਸਮਝਦੇ ਹੁੰਦੇ ਸਨ—ਨਿਤਯ ਪ੍ਰਤਿ ਜਮੁਨਾ ਤੋਂ ਗੁਰੂ ਜੀ ਦੇ ਅਸ਼ਨਾਨ ਲਈ ਕਈ-ਕਈ ਘੜੇ ਪਾਣੀ ਢੋਣਾ, ਪਾਠਸ਼ਾਲਾ ਨੂੰ ਝਾੜਨਾ-ਬੁਹਾਰਨਾ, ਵਿਸ਼ੇਸ ਰੂਪ ਵਿਚ ਗੁਰੂ-ਦੇਵ ਦੇ ਆਸਣ ਵਾਲੀ ਥਾਂ ਨੂੰ ਸਾਫ਼-ਸੁਥਰਾ ਰੱਖਣਾ ਆਪਦੇ ਨਿਤਯ ਦੇ ਕੰਮ ਸਨ । ਇੱਕ ਦਿਨ ਸ੍ਵਾਮੀ ਵਿਰਜਾਨੰਦ ਦੇ ਆਸਣ ਵਾਲੀ ਥਾਂ ਤੇ ਸ੍ਵਾਮੀ ਦਯਾਨੰਦ ਨੇ ਝਾੜੂ ਤਾਂ ਲਗਾ ਦਿਤਾ, ਪਰ ਕੂੜਾ ਥਿਲੇ ਲਾਉਣਾ ਭੁੱਲ ਗਏ । ਟਹਿਲਦੇ-ਟਹਿਲਦੇ ਸ੍ਵਾਮੀ ਵਿਰਜਾਨੰਦ ਦਾ ਪੈਰ ਕੂੜੇ ਤੇ ਜਾ ਪਿਆ ਤਾਂ ਉਹ ਇੱਕ ਦਮ ਭੜਕ ਉੱਠੇ ਅਤੇ ਦੰਡ ਵਜੋਂ ਆਪ ਨੂੰ ਪਾਠਸ਼ਾਲਾ ਵਿਚੋਂ ਕੱਢ ਦਿੱਤਾ । ਸ੍ਵਾਮੀ ਦਯਾਨੰਦ ਨੂੰ ਆਪਣੀ ਭੁੱਲ ਤੇ ਬੜਾ ਪਸ਼ਚਾਤਾਪ ਹੋਇਆ ਅਤੇ ਪਾਠਸ਼ਾਲਾ 'ਚੋਂ ਕੱਢੇ ਜਾਣ ਦਾ ਵੱਡਾ ਦੁਖ ਵੀ । ਕੁਝ ਚਿਰ ਪਿੱਛੋਂ ਸ਼੍ਰੀ ਨੰਦਨ ਚੌਬੇ ਅਤੇ ਸ਼੍ਰੀ ਨੈਨ ਸੁਖ ਜੜੀਏ ਦੀ ਸਿਫਾਰਸ਼ ਨਾਲ ਮੁੜ ਦਾਖ਼ਲਾ ਮਿਲ ਸਕਿਆ ।

ਇੱਕ ਦਿਨ ਦੰਡੀ ਜੀ ਨੇ ਨਾਰਾਜ਼ ਹੋ ਕੇ ਸ੍ਵਾਮੀ ਦਯਾਨੰਦ ਨੂੰ ਲਾਠੀ ਕੱਢ ਮਾਰੀ, ਜਿਸ ਕਰਕੇ ਦੰਡੀ ਜੀ ਦਾ ਹੱਥ ਦੁਖਣ ਲੱਗ ਗਿਆ । ਇਹ ਵੇਖਕੇ ਸ੍ਵਾਮੀ ਦਯਾਨੰਦ ਨੇ ਹੱਥ ਜੋੜਕੇ ਬੇਨਤੀ ਕੀਤੀ—"ਗੁਰੂਦੇਵ ! ਮੇਰਾ ਸ਼ਰੀਰ ਤਾਂ ਲੋਹੇ ਦੀ ਲੱਠ ਹੈ ਅਤੇ ਆਪ ਦੇ ਹੱਥ ਕੋਮਲ ਹਨ, ਇਸ ਕਰਕੇ ਮੈਨੂੰ ਮਾਰਨ ਨਾਲ ਆਪ ਨੂੰ ਸ਼ਾਰੀਰਿਕ ਕਸ਼ਟ ਹੁੰਦਾ ਹੈ, ਮੇਰੀ ਬੇਨਤੀ ਹੈ ਕਿ ਮੈਨੂੰ ਮਾਰਨ ਦੀ ਖੇਚਲ ਨਾ ਕਰਿਆ ਕਰੋ ।" ਇਸ ਲਾਠੀ ਦੀ ਸੱਟ ਦਾ ਨਿਸ਼ਾਨ ਪੱਕਾ ਹੋ ਗਿਆ ਅਤੇ ਸ੍ਵਾਮੀ ਦਯਾਨੰਦ ਇਹਨੂੰ ਵੇਖ ਅਤੇ ਸ਼੍ਰੱਧਾਲੂਆਂ ਨੂੰ ਵਿਖਾ ਕੇ ਆਪਣੇ ਗੁਰੂ ਜੀ ਦੇ ਉਪਕਾਰਾਂ ਨੂੰ ਸਦਾ ਯਾਦ ਕਰਦੇ ਹੁੰਦੇ ਸਨ ।

**ਘੋਰ ਤਪਸ੍ਵੀ**—ਇੱਕ ਦਿਨ ਜਮੁਨਾ ਦੇ ਬਰੇਤੇ ਵਿਚ ਸ੍ਵਾਮੀ ਦਯਾਨੰਦ ਜੀ ਧਿਆਨ ਵਿਚ ਮਗਨ ਬੈਠੇ ਸਨ ਕਿ ਕਿਸੇ ਦੇਵੀ ਨੇ ਨਦੀ ਵਿਚ ਅਸ਼ਨਾਨ ਕਰਨ ਤੋਂ ਪਿੱਛੋਂ ਸ਼੍ਰੱਧਾ ਪੂਰਵਕ ਸ੍ਵਾਮੀ ਜੀ ਦੇ ਚਰਣਾਂ ਤੇ ਸਿਰ ਰੱਖ ਕੇ ਪ੍ਰਣਾਮ ਕੀਤਾ । ਸ੍ਵਾਮੀ

ਜੀ ਇਕ ਦਮ ਚੌਂਕ ਉੱਠੇ ਅਤੇ 'ਮਾਤਾ-ਮਾਤਾ' ਕਹਿੰਦੇ ਖੜੇ ਹੋ ਗਏ । ਇਸ ਅਣ-ਚਾਹੇ ਤੇ ਅਣਜਾਣੇ ਇਸਤ੍ਰੀ ਸਪਰਸ਼ ਦੇ 'ਪਾਪ' ਦਾ ਪ੍ਰਾਯਸ਼ਿਚੱਤ ਕਰਨ ਲਈ ਆਪ ਗੋਵਰਧਨ ਪਰਬਤ ਵੱਲ ਗਏ ਅਤੇ ਇੱਕ ਨਿਰਜਨ ਸਥਾਨ ਤੇ ਤਿੰਨ ਦਿਨ ਧਿਆਨ ਵਿਚ ਮਗਨ ਰਹਿ ਕੇ ਭੁੱਖੇ-ਪਿਆਸੇ ਗੁਜ਼ਾਰ ਦਿੱਤੇ । ਪਰਿਣਾਮ ਇਹ ਕਿ ਤਿੰਨ ਦਿਨ ਤੱਕ ਗੁਰੂ ਚਰਣਾਂ ਵਿਚ ਵੀ ਉਪਸਥਿਤ ਨਹੀਂ ਹੋ ਸਕੇ । ਚੌਥੇ ਦਿਨ ਪਾਠਸ਼ਾਲਾ ਵਿੱਚ ਜਾਣ ਤੇ ਗੁਰੂ ਜੀ ਨੇ ਗ਼ੈਰ-ਹਾਜਿਰੀ ਦਾ ਕਾਰਣ ਪੁੱਛਿਆ ਤਾਂ ਆਪ ਨੇ ਉਹ ਸਾਰੀ ਘਟਨਾ ਜੋ ਉਹਨਾਂ ਨਾਲ ਵਾਪਰੀ ਸੀ ਇੰਨ-ਬਿੰਨ ਸੁਣਾ ਦਿੱਤੀ, ਜਿਸ ਨੂੰ ਸੁਣ ਕੇ ਦੰਡੀ ਜੀ ਨੂੰ ਅਪਾਰ ਹਰਖ ਹੋਇਆ । ਆਪ ਨੇ ਆਪਣੇ ਹੋਣਹਾਰ ਸ਼ਿਸ਼ਯ ਸ੍ਵਾਮੀ ਦਯਾਨੰਦ ਦੀ ਬਹੁਤ-ਬਹੁਤ ਪ੍ਰਸ਼ੰਸਾ ਕਰਕੇ ਅਨੇਕਾਂ ਅਸੀਸਾਂ ਦਿੱਤੀਆਂ ।

**ਪਰੋਪਕਾਰ ਪ੍ਰਿਯ**—ਇਕ ਵਾਰੀ ਸ੍ਵਾਮੀ ਵਿਰਜਾਨੰਦ ਦਾ ਕੋਈ ਦੂਰਪਾਰ ਦਾ ਸੰਬੰਧੀ ਮਥੁਰਾ ਆਇਆ । ਉਹਨੀਂ ਦਿਨੀਂ ਸ੍ਵਾਮੀ ਵਿਰਜਾਨੰਦ ਜੀ ਨੇ ਆਦੇਸ਼ ਦੇ ਰੱਖਿਆ ਸੀ ਕਿ ਵਿਦਿਆਰਥੀਆਂ ਤੋਂ ਛੁੱਟ ਹੋਰ ਕੋਈ ਵੀ ਵਿਅਕਤੀ ਪਾਠਸ਼ਾਲਾ ਵਿਚ ਨ ਵੜੇ ।' ਬਾਹਰੋਂ ਆਉਣ ਵਾਲੇ ਸੱਜਣ ਨੂੰ ਸ੍ਵਾਮੀ ਵਿਰਜਾਨੰਦ ਦੇ ਦਰਸ਼ਨਾਂ ਦੀ ਵੱਡੀ ਤਾਂਘ ਸੀ; ਪਰੰਤੂ ਪੂਰਾ ਜਤਨ ਕਰਨ ਤੇ ਵੀ ਸਫਲਤਾ ਨ ਮਿਲੀ । ਉਹਨੇ ਸ੍ਵਾਮੀ ਦਯਾਨੰਦ ਅੱਗੇ ਬੇਨਤੀ ਕੀਤੀ ਕਿ 'ਕਿਸੇ ਵੀ ਤਰ੍ਹਾਂ ਚੁੱਪ-ਚੁਪੀਤੇ ਹੀ ਇਕ ਵਾਰੀ ਦਰਸ਼ਨ ਕਰਾ ਦਿਉ, ਮੈਂ ਬੜਾ ਧੰਨਵਾਦੀ ਹੋਵਾਂਗਾ ।' ਦਯਾਲੂ ਦਯਾਨੰਦ ਨੇ ਉਹਨੂੰ ਆਪਣੇ ਨਾਲ ਲਿਜਾਕੇ ਦਰਸ਼ਨ ਕਰਾ ਦਿੱਤੇ ਅਤੇ ਦੋਵੇਂ ਜਣੇ ਮਲਕੜੇ-ਜਿਹੇ ਦੱਬੇ ਪੈਰੀਂ ਪੌੜੀਆਂ ਤੋਂ ਉੱਤਰ ਰਹੇ ਸਨ ਕਿ ਉਹਨਾਂ ਦਾ ਇਕ ਸਹਿਪਾਠੀ ਰਾਹ ਵਿੱਚ ਮਿਲ ਗਿਆ । ਉਹਨੇ ਉੱਪਰ ਜਾ ਕੇ ਗੁਰੂ ਜੀ ਨੂੰ ਪੁੱਛਿਆ—"ਮਹਾਰਾਜ ! ਹੁਣੇ ਦਯਾਨੰਦ ਦੇ ਨਾਲ ਇੱਕ ਪੰਜਾਬੀ ਜਿਹਾ ਕੌਣ ਆਇਆ ਸੀ ।' ਦੰਡੀ ਜੀ ਨੇ ਨਾਰਾਜ਼ ਹੋ ਕੇ ਸ੍ਵਾਮੀ ਦਯਾਨੰਦ ਦੀ ਡਿਉੜ੍ਹੀ ਬੰਦ ਕਰ ਦਿੱਤੀ । ਬਹੁਤ ਖਿਮਾ ਯਾਚਨਾ ਕਰਨ ਦਾ ਵੀ ਕੋਈ ਅਸਰ ਨ ਹੋਇਆ । ਫੇਰ ਮੁੜਕੇ ਨੈਨ ਸੁਖ ਜੜੀਆ ਹੀ ਕੰਮ ਆਇਆ ਅਤੇ ਸਿਫ਼ਾਰਿਸ਼ ਕਰਕੇ ਆਪ ਲਈ ਡਿਉੜ੍ਹੀ ਖੁਲਵਾ ਦਿੱਤੀ ।

**ਯੋਗ ਸਮਾਧੀ ਦ੍ਵਾਰਾ ਭੁੱਲਾ-ਵਿਸ਼ਰਿਆ ਪਾਠ ਯਾਦ**—ਸ੍ਵਾਮੀ ਦਯਾ-ਨੰਦ ਦੀ ਸਮਰਣ ਸ਼ਕਤੀ ਅਤੇ ਧਾਰਣਾ ਸਾਮਰਥਯ ਅਲੌਕਿਕ ਅਤੇ ਅਦਭੁਤ ਸੀ,

ਇੱਕ ਦੋ ਵਾਰੀ ਸੁਣਿਆਂ-ਪੜ੍ਹਿਆ ਹੋਇਆ ਪਾਠ ਆਪਦੇ ਦਿਮਾਗ ਵਿੱਚ ਪੱਕੀ ਤਰ੍ਹਾਂ ਉਕਰਿਆ ਜਾਂਦਾ ਅਤੇ ਫੇਰ ਕਦੀ ਭੁੱਲਦਾ ਨਹੀਂ ਸੀ। ਫੇਰ ਵੀ ਇੱਕ ਦਿਨ ਅਸ਼ਟਾ ਧਿਆਈ ਦੀ ਕੋਈ ਪ੍ਰਯੋਗ ਸਿੱਧੀ ਦਿਮਾਗੋਂ ਅਜਿਹੀ ਉੱਤਰੀ ਕਿ ਜਤਨ ਕਰਨ ਤੇ ਵੀ ਯਾਦ ਨਹੀਂ ਆਈ। ਗੁਰੂ ਜੀ ਤੋਂ ਦੁਬਾਰਾ ਪੁੱਛੀ ਤਾਂ ਆਪ ਨੇ ਦੱਸਣੋਂ ਨਾਂਹ ਕਰ ਦਿੱਤੀ, ਨਾਲ ਹੀ ਕਹਿ ਦਿਤਾ—"ਜਾਉ ਯਾਦ ਕਰਕੇ ਆਉ। ਘੜੀ-ਮੁੜੀ ਇਕੋ ਪਾਠ ਪੜ੍ਹਾਉਣ ਲਈ ਮੈਂ ਵਿਹਲਾ ਬੈਠਾ ਹੋਇਆ ਨਹੀਂ ਹਾਂ। ਪਿਛਲਾ ਪਾਠ ਸੁਣ ਕੇ ਹੀ ਅੱਗੇ ਚਲ ਸਕੇਗਾ। ਜੇ ਕਿਸੇ ਸੂਰਤ ਯਾਦ ਨਾ ਆ ਸਕੇ ਤਾਂ ਜਮੁਨਾ ਵਿੱਚ ਡੁੱਬ ਭਾਵੇਂ ਮਰਨਾ, ਮੇਰੇ ਕੋਲ ਕਦਾਪੀ ਨਾ ਆਉਣਾ।" ਸ੍ਵਾਮੀ ਦਯਾਨੰਦ ਨੂੰ ਗੁਰੂ ਜੀ ਦੇ ਇਹ ਸ਼ਬਦ ਡਾਢੇ ਚੁਭੇ, ਪਰ ਆਗਿਆਕਾਰੀ ਸ਼ਾਗਿਰਦ ਉਸੇ ਵੇਲੇ ਵਿਸ਼੍ਰਾਮ ਘਾਟ ਦੇ ਲਾਗੇ ਸੀਤਾ ਘਾਟ ਦੇ ਸਿਖਰ ਤੇ ਚੜ੍ਹ ਗਿਆ ਕਿ ਜੇ ਤਾਂ ਪ੍ਰਯੋਗ-ਸਿੱਧੀ ਯਾਦ ਆ ਗਈ ਤੇ ਗੁਰੂ ਜੀ ਨੂੰ ਸੁਣਾ ਦਿਆਂਗਾ ਅਤੇ ਜੇ ਜਤਨ ਕਰਨ ਦੇ ਬਾਵਜੂਦ ਸ਼ਮਰਣ ਨ ਕਰ ਸਕਿਆ ਤਾਂ ਏਸ ਸੀਤਾ ਘਾਟ ਦੀ ਟੀਸੀ ਤੋਂ ਜਮਨਾ ਵਿਚ ਛਾਲ ਮਾਰ ਕੇ ਪ੍ਰਾਣ ਤਿਆਗ ਦਿਆਂਗਾ। ਇਹ ਸੋਚਕੇ ਸਮਾਧੀ ਲਗਾ ਕੇ ਬੈਠ ਗਏ। ਚਿੰਤਨ ਮਗਨ ਸਣ ਕਿ ਸੁਭਾਗ ਨਾਲ ਆਪ ਨੂੰ ਭੁੱਲੀ-ਵਿਸਰੀ ਪ੍ਰਯੋਗ ਸਿੱਧੀ ਜਿਉਂ-ਦੀ-ਤਿਉਂ ਫੁਰ ਗਈ, ਆਪ ਨੇ ਗੁਰੂ-ਚਰਣਾਂ ਵਿਚ ਪੁੱਜ ਕੇ ਸੁਣਾ ਦਿੱਤੀ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਲਈਆਂ।

**ਗੁਰੂ ਦੱਖਣਾ**—ਸਮਾਂ ਪਾਕੇ ਸ੍ਵਾਮੀ ਦਯਾਨੰਦ ਦੀ ਵਿੱਦਿਆ ਸਮਾਪਤ ਹੋਈ। ਗੁਰੂ ਦੱਖਣਾ ਲਈ ਪਾਸ ਤਾਂ ਕੁਝ ਸੀ ਹੀ ਨਹੀਂ, ਸ਼ਹਿਰ ਵਿੱਚੋਂ ਕਿਸੇ ਦਾਤਾ ਦੀ ਉਦਾਰਤਾ ਸਦਕੇ ਥੋੜ੍ਹੇ-ਜਿਹੇ ਲੌਂਗ ਜੋ ਕਿ ਸ੍ਵਾਮੀ ਵਿਰਜਾਨੰਦ ਦਾ ਮਨ ਭਾਉਂਦਾ ਪਦਾਰਥ ਸੀ) ਪ੍ਰਾਪਤ ਕਰਕੇ ਗੁਰੂ ਜੀ ਦੀ ਸੇਵਾ ਵਿਚ ਅਰਪਣ ਕਰਨ ਲੱਗੇ ਤਾਂ ਗੁਰੂ ਜੀ ਅਚੰਭੇ ਵਿੱਚ ਆਕੇ ਚੁੱਪ-ਦੇ-ਚੁੱਪ ਹੀ ਰਹਿ ਗਏ। ਆਪਨੇ ਕੁਝ ਖਿਣਾਂ ਬਾਦ ਖਾਮੋਸ਼ੀ ਤੋੜੀ ਅਤੇ ਬੋਲੇ—"ਦਯਾਨੰਦ! ਮੈਂ ਇਹਨਾਂ ਨਗੂਣੇ ਲੌਂਗਾਂ ਦੀ ਦੱਖਣਾ ਲੈਣ ਲਈ ਤਾਂ ਤੈਨੂੰ ਪੜ੍ਹਾਇਆ ਨਹੀਂ ਸੀ। ਮੈਂ ਤਾਂ ਤੈਥੋਂ ਤੇਰੇ ਜੀਵਨ ਦੀ ਦੱਖਣਾ ਲੈਣਾ ਚਾਹੁੰਦਾ ਹਾਂ। ਮੇਰੀ ਅਭਿਲਾਸ਼ਾ ਅਤੇ ਆਦੇਸ਼ ਤਾਂ ਇਹ ਹੈ ਕਿ ਤੂੰ ਪ੍ਰਤਿਗਯਾ ਕਰੇਂ ਕਿ ਜੀਵਨ ਪਰਯੰਤ ਆਰਯਾਵਰਤ ਵਿੱਚ ਆਰਸ਼ ਗ੍ਰੰਥਾਂ (ਰਿਸ਼ੀਆਂ-ਮੁਨੀਆ ਦੁਆਰਾ ਲਿਖੀਆਂ ਪੁਸਤਕਾਂ) ਦੀ ਮਹਿਮਾ ਸਥਾਪਿਤ ਕਰੇਂਗਾ

ਅਤੇ ਦੇਸ਼-ਭਰ ਵਿੱਚ ਸ਼ੁੱਧ ਵੈਦਿਕ ਧਰਮ ਦਾ ਪ੍ਰਚਾਰ-ਪ੍ਰਸਾਰ ਲਈ ਜੇ ਲੋੜ ਪਵੇ ਤਾਂ ਆਪਣੇ ਪ੍ਰਾਣਾਂ ਦਾ ਵੀ ਮੋਹ ਨਹੀਂ ਕਰੇਂਗਾ।" ਗੁਰੂ ਦੇਵ ਦੇ ਸ਼ਬਦ ਸੁਆਮੀ ਦਯਾਨੰਦ ਨੇ ਨਜ਼ਰ ਨੀਵੀਂ ਕਰਕੇ, ਸਿਰ ਝੁਕਾ ਕੇ, ਪੂਰੀ ਗਹੁ ਨਾਲ ਸੁਣੇ ਅਤੇ ਬਗ਼ੈਰ ਨਨੂ-ਨੱਚ ਦੇ ਕੇਵਲ 'ਤਥਾਸਤੂ' (ਇਵੇਂ ਹੀ ਹੋਵੇਗਾ) ਕਹਿਕੇ ਆਗਜ਼ਾ ਪ੍ਰਾਪਤ ਕੀਤੀ ਅਤੇ ਮਥੁਰਾ ਤੋਂ ਚੱਲ ਪਏ।

**ਸੁਆਮੀ ਜੀ ਆਗਰਾ ਸ਼ਹਿਰ ਪਹੁੰਚੇ**—ਸੰਮਤ 1921 ਵਿ. (1864 ਈ.) ਦੀਆਂ ਗਰਮੀਆਂ ਦੇ ਸ਼ੁਰੂ ਵਿੱਚ ਸੁਆਮੀ ਦਯਾਨੰਦ ਜੀ ਗੁਰੂਚਰਣਾਂ 'ਚੋਂ ਤੁਰ ਕੇ ਆਗਰਾ ਸ਼ਹਿਰ ਵਿੱਚ ਪਹੁੰਚੇ ਅਤੇ ਸੇਠ ਰੂਪ ਚੰਦ ਦੇ ਬਾਗ਼ ਵਿਚ: ਜਿਹੜਾ ਕੇ ਸਾਧੂ-ਸੰਤਾਂ ਦਾ ਨਿਵਾਸ-ਸਥਾਨ ਹੋਣ ਲਈ ਮਸ਼ਹੂਰ ਸੀ, ਉਤਰੇ।

ਏਥੋਂ ਦੇ ਵਸਨੀਕ ਪੰਡਿਤ ਸੁੰਦਰ ਲਾਲ ਅਤੇ ਉਹਨਾਂ ਦੇ ਮਿਤ੍ਰ ਪੰਡਿਤ ਬਾਲ ਮੁਕੰਦ ਅਤੇ ਦਯਰਾਮ ਜੀ—ਤਿੰਨੇ—ਮਹਿਕਮਾ ਡਾਕ ਵਿਚ ਕਰਮਚਾਰੀ ਸਨ। ਤਿੰਨੇ ਮਿਤ੍ਰ ਧਾਰਮਿਕ ਪ੍ਰਕ੍ਰਿਤਿ ਦੇ ਸੱਜਣ ਸਨ। ਇੱਕੋ ਦਿਨ ਬਾਗ਼ ਵਿੱਚ ਰਹਿਣ ਵਾਲੇ ਇੱਕ ਸਾਧੂ-ਸੇਵੀ ਬ੍ਰਹਮਚਾਰੀ ਨੇ ਸੁਆਮੀ ਦਯਾਨੰਦ ਦੇ ਬਾਗ਼ ਵਿੱਚ ਆਗਮਨ ਦੀ ਸੂਚਨਾ ਉਹਨਾਂ ਨੂੰ ਦਿੱਤੀ। ਤਿੰਨਾਂ ਸੱਜਣਾਂ ਨੂੰ, ਇਹ ਸੂਚਨਾ ਸੁਣ ਕੇ ਵੱਡੀ ਪ੍ਰਸੰਨਤਾ ਹੋਈ ਅਤੇ ਉਸੇ ਸ਼ਾਮ ਨੂੰ ਦਫ਼ਤਰੋਂ ਮੁੜਦੇ ਹੋਏ ਸੁਆਮੀ ਜੀ ਦੇ ਦਰਸ਼ਨ ਕਰਕੇ ਅਤੇ ਉਹਨਾਂ ਦੀ ਅਦਭੁਤ ਵਿਦਯਾ, ਅਦੁਤੀ ਬ੍ਰਹਮਚਰਜ, ਅਲੌਕਿਕ ਸ਼ਾਸਤ੍ਰ-ਗਿਆਨ ਅਤੇ ਓਜਸ੍ਵੀ ਮੁਖ-ਮੰਡਲ ਨੂੰ ਪ੍ਰਤਯਕਸ਼ ਨਿਹਾਰ ਕੇ, ਗਦ-ਗਦ ਪ੍ਰਸੰਨ ਹੋਕੇ, ਉਹਨਾਂ ਦੇ ਉੱਚੇ ਤੇ ਸੁੱਚੇ ਗੁਣਾਂ ਤੇ ਮੋਹਿਤ ਹੋਕੇ ਮਾਨੋ ਉਹਨਾਂ ਨਾਲ ਇਕ-ਮਿੱਕ ਹੋ ਗਏ। ਸੁਆਮੀ ਜੀ ਨੇ ਗੱਲਾਂ-ਬਾਤਾਂ ਦੇ ਦੌਰਾਨ ਦਸਿਆ—"ਮੈਂ ਗਿਆਨ-ਪ੍ਰਾਪਤੀ ਲਈ ਵਰ੍ਹਿਆਂ-ਬੱਧੀ ਦੇਸ-ਪਰਦੇਸ ਭਟਕਦਾ ਫਿਰਦਾ ਰਿਹਾ ਹਾਂ, ਹਰ ਪ੍ਰਕਾਰ ਦੇ ਜਫ਼ਰ ਜਾਲੇ ਅਤੇ ਤਸੀਹੇ ਸਹੇ ਹਨ। ਕਿਧਰੋਂ ਵੀ ਮੇਰੀ ਪੂਰੀ ਤਸੱਲੀ ਨਹੀਂ ਸੀ ਹੋ ਸਕੀ। ਅੰਤ ਵਿੱਚ ਮਥੁਰਾ ਦੇ ਸੁਆਮੀ ਵਿਰਜਾਨੰਦ ਦੇ ਸ਼੍ਰੀ ਚਰਣਾਂ ਵਿੱਚ ਪਹੁੰਚ ਕੇ ਹੀ ਮੇਰੀ ਤ੍ਰਿਪਤੀ ਹੋ ਸਕੀ ਹੈ। ਵਿਦਯਾ ਸਮਾਪਤੀ ਦੇ ਅਵਸਰ ਤੇ ਦੰਡੀ ਸੁਆਮੀ ਸ੍ਰੀ ਵਿਰਜਾਨੰਦ ਜੀ ਨੇ ਆਖਿਆ—"ਦਯਾਨੰਦ! ਮੈਂ ਤੇਰੇ ਕੋਲੋਂ ਰੁਪਏ-ਪੈਸੇ ਦੀ ਸ਼ਕਲ ਵਿਚ (ਅਤੇ ਨ ਲੌਂਗਾ ਦੇ ਰੂਪ ਵਿਚ) ਗੁਰੂ-ਦੱਖਣਾ ਨਹੀਂ ਚਾਹੁੰਦਾ (ਅਤੇ ਮੇਰੇ ਪੱਲੇ ਧਨ-ਸੰਪੱਤੀ ਸੀ ਵੀ ਕਿਥੇ?) ਮੇਰੀ ਅਭਿਲਾਸ਼ਾ ਅਤੇ ਆਦੇਸ਼ ਕੇਵਲ ਇਹ ਹੈ ਕਿ ਤੂੰ ਸਾਰੀ ਉਮਰ ਸੰਸਾਰ ਵਿਚੋਂ ਆਗਿਆਨ ਦਾ ਅਨ੍ਹੇਰਾ ਹਟਾਉਣ,

ਵੈਦਿਕ ਧਰਮ ਦਾ ਪ੍ਰਚਾਰ-ਪ੍ਰਸਾਰ, ਕਰਨ ਅਨਾਰਸ਼ (ਮਨੁੱਖੀ) ਗ੍ਰੰਥਾਂ ਦੇ ਭ੍ਰਮਜਾਲ ਦਾ ਖੰਡਨ ਅਤੇ ਆਰਸ਼ (ਰਿਸ਼ੀ ਕ੍ਰਿਤ) ਸਾਹਿਤਯ ਦਾ ਮੰਡਨ ਅਤੇ ਨਿਰੰਤਰ ਪ੍ਰਚਾਰ ਵਿੱਚ ਲੱਗ ਜਾਵੇਂ; ਇੱਥੋਂ ਤੱਕ ਕਿ ਜੇ ਇਸ ਪੁੰਨ ਕਾਰਜ ਵਿੱਚ ਪਿਆਰੇ ਪ੍ਰਾਣ ਵੀ ਹੋਮਣੇ ਪੈਣ ਤਾਂ 'ਸੀਅ' ਨ ਕਰੇਂ। ਬੱਸ ਇਹੋ ਮੇਰੀ ਗੁਰੂ-ਦੱਖਣਾ ਸਮਝ ਲੈ।" "ਮੈਂ ਇਹ ਆਦੇਸ਼ ਸੁਣਕੇ 'ਤਥਾਸਤੁ' ਕਹਿਕੇ ਸਿਰ ਝੁਕਾ ਦਿੱਤਾ ਅਤੇ ਉਸੇ ਆਦੇਸ਼ ਦੇ ਪਾਲਣ ਲਈ ਕਾਰਜ-ਖੇਤ੍ਰ ਵਿਚ ਉਤਰਿਆ ਹਾਂ। ਏਸ ਪ੍ਰਚਾਰ ਅਭਿਯਾਨ ਵਿਚ ਆਗਰਾ ਹੀ ਮੇਰਾ ਪਹਿਲਾ ਪੜਾਉ ਹੈ।"

ਪਾਠਕ ਸੱਜਣੋ ! ਸ੍ਵਾਮੀ ਦਯਾਨੰਦ ਸਰਸ੍ਵਤੀ ਦੇ ਜੀਵਨ ਦੀਆਂ ਕੁਝ ਹੋਰ ਘਟਨਾਂ ਬਿਆਨ ਕਰਨ ਤੋਂ ਪਹਿਲਾਂ ਅਸੀਂ ਸ੍ਵਾਮੀ ਜੀ ਦੇ ਗੁਰੂ ਸ਼੍ਰੀ ਸ੍ਵਾਮੀ ਵਿਰਜਾ-ਨੰਦ ਜੀ ਦੀ ਬਾਬਤ ਕੁਝ ਥੋੜਾ ਜਿਹਾ ਪਰਿਚਯ ਦੇਣਾ ਜ਼ਰੂਰੀ ਸਮਝਦੇ ਹਾਂ ਤਾਂ ਜੁ ਆਪ ਨੂੰ ਸਪਤ ਸਿੰਧੁ (ਪੰਜਾਬ) ਦੇ ਇਸ ਸੁਪੁਤ੍ਰ ਬਾਰੇ ਕੁਝ ਜਾਣਕਾਰੀ ਪ੍ਰਾਪਤ ਕਰਕੇ ਅਸੀਂ ਗੌਰਵ ਮਹਿਸੂਸ ਕਰ ਸਕੀਏ।

# ਦੰਡੀ ਸ੍ਵਾਮੀ ਵਿਰਜਾਨੰਦ ਦਾ ਜੀਵਨ ਪਰਿਚਯ

## ਪਰਮ ਪੁਨੀਤ ਸਪਤ ਸਿੰਧੂ ਪ੍ਰਦੇਸ਼

ਸਪਤ ਸ਼ਿੰਧੂ ਹੈ ਪੁੰਨਾਜ ਪ੍ਰਦੇਸ਼—ਇਹੋ ਸ਼ਾਰਦਾ ਇਹੋ ਗਣੇਸ਼,
ਬ੍ਰਹਮਾ ਵਿਸ਼ਨੂੰ ਅਤੇ ਮਹੇਸ਼—ਇਹੋ ਲੱਛਮੀ ਇਹੋ ਸੁਰੇਸ਼ ।
ਪ੍ਰੇਮ ਸਹਿਤ ਹੇ ਦੀਨਾਨਾਥ—ਕਰਾਂ ਆਰਤੀ ਜੋੜਾਂ ਹਾਥ ।
ਧੂਪ ਧੁਖਾਵਾਂ ਪੁਸ਼ਪ ਚੜ੍ਹਾਵਾਂ—ਮੈਂ ਸ੍ਵਦੇਸ਼ ਤੋਂ ਬਲਿ-ਬਲਿ ਜਾਵਾਂ ।

ਮੇਰਾ ਪਰਮਪੁਨੀਤ ਸਪਤ-ਸਿੰਧੂ ਪ੍ਰਦੇਸ਼—ਸਿੰਧ (ਅਟਕ), ਜੇਹਲਮ, ਝਨਾਂ, ਰਾਵੀ, ਬਿਆਸ, ਸਤਲੁਜ ਅਤੇ ਜਮੁਨਾ (ਕਾਲਿੰਦੀ) ਦੀ ਪਵਿਤ੍ਰ ਭੂਮੀ, ਸ੍ਰਿਸ਼ਟੀ ਦੇ ਆਰੰਭ ਤੋਂ ਹੀ ਰਿਸ਼ੀਆਂ-ਮੁਨੀਆਂ, ਜਪੀਆਂ-ਤਪੀਆਂ, ਹੱਠੀਆਂ-ਅਣਖੀਆਂ, ਆਚਾਰਜਾਂ-ਗੁਰੂਆਂ, ਸਾਧੂਆਂ-ਸੰਨਿਆਸੀਆਂ, ਸੰਤਾਂ-ਮਹੰਤਾਂ, ਪੀਰਾਂ-ਫ਼ਕੀਰਾਂ, ਕਵੀਆਂ-ਸ਼ਾਇਰਾਂ, ਸਿਰ-ਲੱਥ ਜੋਧਿਆਂ, ਵਿਸ਼੍ਵ-ਵਿਜੇਤਾ ਵੀਰਾਂ, ਸੋਹਣੀਆਂ-ਮਹੀਵਾਲਾਂ, ਹੀਰਾਂ-ਰਾਂਝਿਆਂ, ਸੱਸੀਆਂ-ਪੁੰਨੂਆਂ ਦੀ ਕ੍ਰੀੜਾ-ਭੂਮੀ, ਰਣ-ਭੂਮੀ, ਕਲਪਨਾ-ਭੂਮੀ, ਧਰਮ-ਭੂਮੀ, ਤਪੋ-ਭੂਮੀ ਵਿਦਯਾਭੂਮੀ, ਆਦਰਸ਼-ਭੂਮੀ ਅਤੇ ਗਿਆਨ-ਵਿਗਿਆਨ-ਭੂਮੀ ਰਹੀ ਹੈ । ਇਹਦੇ ਚਾਣਿਕਯ ਦੀ ਨੀਤਿ, ਇਹਦੇ ਪਾਣਿਨੀ ਦੀ ਅਸ਼ਟਾਧਿਆਈ, ਇਹਦੇ ਨਾਨਕ ਦਾ ਜਪੁਜੀ ਸਾਹਿਬ, ਇਹਦੇ ਅਰਜੁਨ ਦਾ ਸੁਖਮਨੀ ਸਾਹਿਬ, ਇਹਦੇ ਗੋਬਿੰਦ ਦਾ ਜਾਪੁ ਸਾਹਿਬ, ਇਹਦੇ ਦਮੋਦਰ ਤੇ ਵਾਰਸ ਦੀ ਹੀਰ, ਇਹਦੇ ਕਾਲੀਦਾਸ ਤੇ ਕਾਦਰਯਾਰ

ਦਾ ਪੂਰਨ ਭਗਤ, ਇਹਦੇ ਵੀਰ ਸਿੰਘ ਦਾ ਰਾਣਾ ਸੂਰਤ ਸਿੰਘ, ਇਹਦੇ ਧਨੀਰਾਮ 'ਚਾਤ੍ਰਿਕ' ਦੀ 'ਚੰਦਨਵਾੜੀ, ਇਹਦੇ ਚਰਣ ਸਿੰਘ 'ਸ਼ਹੀਦ' ਦਾ 'ਮੌਜੀ', ਇਹਦੇ ਧਰਮਾਨੰਤ ਸਿੰਘ ਦਾ 'ਵੈਦਿਕ ਗੁਰਮਤ', ਇਹਦੇ ਫ਼ਰੀਦ ਦੇ ਸ਼ਲੋਕ, ਇਹਦੇ ਬੁਲ੍ਹੇਸ਼ਾਹ ਦੀਆਂ ਕਾਫ਼ੀਆਂ, ਅਤੇ ਇਹਦੇ ਗੁਰਦਾਸ ਦੀਆਂ ਵਾਰਾਂ ਸਦਾ ਤੋਂ ਇਹਦੀ ਗੌਰਵ ਗਾਥਾਂ ਗਾਉਂਦੀਆਂ ਤੁਰੀਆਂ ਆ ਰਹੀਆਂ ਹਨ, ਅਤੇ ਰਹਿੰਦੀ ਦੁਨੀਆਂ ਤੱਕ ਗਾਉਂਦੀਆਂ ਤੁਰੀਆਂ ਜਾਣਗੀਆਂ। ਇਹਦੇ ਪੋਰਸ ਤੇ ਇਹਦੇ ਚੰਦ੍ਰ ਗੁਪਤ ਨੇ ਇਹਦੀ ਕੀਰਤੀ-ਕਲਾ ਨੂੰ ਚਮਕਾਇਆ ਹੈ। ਇਹਦੇ ਫੂਲਾ ਸਿੰਘ ਅਕਾਲੀ, ਇਹਦੇ ਹਰੀ ਸਿੰਘ ਨਲੂਏ ਅਤੇ ਇਹਦੇ ਰਾਜਾ ਰਣਜੀਤ ਸਿੰਘ ਨੇ ਇਹਦੀਆਂ ਵਿਸ਼ਾਲ-ਵਿਸਤ੍ਰਿਤ ਸਰਹੱਦਾਂ ਨੂੰ ਦਿੱਲੀ ਦੀ ਦਹਿਲੀਜ਼ ਤੋਂ ਕਾਬਲ ਦੀਆਂ ਕੰਧਾਂ ਤਕ ਫੈਲਾਇਆ ਹੈ। ਇਹਦੇ ਧਰਮੀ ਹਕੀਕਤ, ਇਹਦੇ ਸਾਹਿਬਜ਼ਾਦੇ ਅਜੀਤ-ਜੁਝਾਰ-ਫਤਿਹ ਅਤੇ ਜ਼ੋਰਾਵਰ ਦੀਆਂ ਬਾਲਕੁਰਬਾਨੀਆਂ ਨੇ ਇਹਦੇ ਗੌਰਵ ਨੂੰ ਚਾਰ ਚੰਨ ਲਾਏ ਹਨ ਇਹਦੇ ਤੇਗ ਬਹਾਦੁਰ, ਇਹਦੇ ਬੰਦਾ ਬੈਰਾਗੀ, ਇਹਦੇ ਮਤੀਦਾਸ, ਇਹਦੇ ਮਨ ਸਿੰਘ, ਇਹਦੇ ਤਾਰੂ ਸਿੰਘ ਅਤੇ ਹੋਰ ਹਜ਼ਾਰਾਂ ਅਣਖੀਲੇ ਸਪੁਤ੍ਰਾਂ ਨੇ ਇਹਦੇ ਸੁਹਣੇ-ਸੁਲੱਖਣੇ ਮੁਖੜੇ ਨੂੰ ਵਧੇਰਾ ਉੱਜਲ ਕੀਤਾ ਹੈ। ਡੀ. ਏ. ਵੀ. ਅੰਦੋਲਨ ਦੇ ਮੋਢੀ ਇਹਦੇ ਹੰਸਰਾਜ ਨੇ, ਗੁਰੂਕੁਲ ਪ੍ਰਣਾਲੀ ਦੇ ਸੰਸਥਾਪਕ ਇਹਦੇ (ਮੁਨਸ਼ੀਰਾਮ) (ਸ਼੍ਰੱਧਾਨੰਦ) ਨੇ, ਨਾਰੀ ਸਿਖਿਆ ਨੂੰ ਆਰੰਭ ਕਰਨ ਵਾਲੇ ਇਹਦੇ ਦੇਵਰਾਜ ਨੇ ਅਤੇ ਅੰਗ੍ਰੇਜ਼ਾਂ ਦੇ ਸਾਂਸਕ੍ਰਿਤਿਕ ਆਕ੍ਰਮਣਾਂ ਦਾ ਮੂੰਹ-ਤੋੜ ਉੱਤਰ ਦੇਣ ਵਾਲੇ ਇਹਦੇ ਗੁਰੂਦੱਤ ਦੀ ਵਿਦਿਆ ਨੇ ਇਹਨੂੰ ਸਾਰੇ ਜਗਤ ਵਿਚ ਉੱਘਿਆਂ ਕੀਤਾ ਹੈ। ਇਹਦੇ ਹਰਦਿਆਲ, ਇਹਦੇ ਲਾਜਪਤ, ਇਹਦੇ ਅਜੀਤ ਸਿੰਘ ਅਤੇ ਇਹਦੇ ਭਾਈ ਪਰਮਾਨੰਦ ਨੇ ਰਾਸ਼ਟ੍ਰ ਭਗਤੀ, ਦੇਸ਼ ਪ੍ਰੇਮ ਅਤੇ ਆਜ਼ਾਦੀ ਦੀ ਤੜਪ ਦਾ ਸੰਸਾਰ ਦੇ ਸਾਮ੍ਹਣੇ ਇਕ ਉੱਚਾ ਤੇ ਸੁੱਚਾ ਆਦਰਸ਼ ਪੇਸ਼ ਕੀਤਾ ਹੈ। ਇਹਦੇ ਦੀਨਾਨਾਥ, ਇਹਦੇ ਕ੍ਰਿਸ਼ਨ, ਇਹਦੇ ਖੁਸ਼ਹਾਲ ਚੰਦ ਤੇ ਇਹਦੇ ਜ਼ਫਰ ਅਲੀਖ਼ਾਨ ਨੇ ਆਪਣੀ ਲੋਹ-ਲੇਖਣੀ ਦਾ ਸਿੱਕਾ ਆਪਣੇ-ਬੇਗਾਨੇ ਸਭ ਤੇ ਜਮਾਇਆ ਹੈ। ਇਹਦੇ ਅਰਸ਼ੀ ਬਾਗਾਂ ਦੀਆਂ ਬਹਾਰਾਂ, ਇਹਦੀਆਂ ਸ੍ਵਰਗੀਯ ਫੁਲਵਾੜੀਆਂ ਦੀਆਂ ਮਹਿਕਾਰਾਂ, ਇਹਦੇ ਅਣੋਖੇ ਤ੍ਰਿਞਣਾਂ ਦੀਆਂ ਘੁਕਾਰਾਂ, ਇਹਦੀਆਂ ਹੁਸਨ-ਮੱਤੀਆਂ ਗਿੱਧੇ ਪਾਉਂਦੀਆਂ ਮੁਟਿਆਰਾਂ, ਅਤੇ ਇਹਦੇ ਭੰਗੜੇ ਵਿੱਚ ਮਸਤ ਗਭਰੂਆਂ ਦੇ ਘੁੰਘਰੂਆਂ

ੜੀਆਂ ਛਣਕਾਰਾਂ ਅੱਜ ਵੀ ਦੁਨੀਆਂ ਨੂੰ ਮੋਹ ਰਹੀਆਂ ਹਨ। ਇਹਦੇ ਬਿਰਹੁ-ਕੁੱਠੇ ਬੈਰਾਗੀਆਂ ਦੇ ਬਿਰਹੜੇ, ਇਹਦੇ ਪ੍ਰੇਮ-ਪਿਆਸੇ ਪ੍ਰੇਮੀਆਂ ਦੇ ਹਾੜੇ ਤੇ ਤਰਲੇ, ਏਹਦੇ ਜੰਮਣ-ਮਰਣ, ਵਿਆਹ-ਸ਼ਾਦੀ, ਮੁਕਲਾਵੇ-ਤਰਾਜਵੇਂ ਅਤੇ ਵੈਣਾਂ ਵਿੱਚ ਵੀ ਾ-ਰੰਗੀਲੇ ਰਾਗ-ਰਾਗਣੀਆਂ ਦੀ ਖੁਲ੍ਹੀ-ਡੁਲ੍ਹੀ ਵਰਤੋਂ, ਇਹਦੇ ਵਸਨੀਕਾਂ ਦੇ ਹਕਦੇ ਚਿਹਰੇ-ਮੁਹਰੇ, ਮਹਿਕਦੇ ਹਾਸੇ-ਖੇੜੇ, ਇਹਦੀਆਂ ਗੁੰਝਲਦਾਰ ਬੁਝਾਰਤਾਂ ਤੇ ੜੀਆਂ ਅੜੌਣੀਆਂ ਹੋਰਥੇ ਕਿਧਰੇ ਨਹੀਂ ਲੱਭਣਗੀਆਂ। ਇਹਦੀਆਂ ਰਿਮ-ਝਿਮ ਦੀਆਂ ਫੁਹਾਰਾਂ, ਇਹਦੀਆਂ ਸਰ-ਸਰ ਸਰਕਦੀਆਂ ਸਰਿਤਾਂ, ਇਹਦੇ ਰੂੰ-ਰੂੰ ਦੇ ਰਹਿਟ, ਇਹਦੀਆਂ ਝਰ-ਝਰ ਝਰਦੀਆਂ ਝਲਾਰਾਂ, ਇਹਦੇ ਖੂਹ-ਟੋਭੇ, ਛੱਪੜ-ੜ, ਇਹਦੀਆਂ ਖਾਣਾਂ-ਖਡੱਲਾਂ, ਇਹਦ੍ਰੇ ਨਦੀ-ਨਾਲੇ, ਕੂਲ੍ਹਾਂ ਤੇ ਕੱਠੇ—ਸਭੇ—ਧਰਤੀ ਦੀ ਇੱਕ ਇੱਕ ਇੰਚ ਨੂੰ ਸਿੰਜਦੇ ਰਹਿੰਦੇ ਹਨ। ਇਹਦੀਆਂ ਹਰੀਆਂ-ਭਰੀਆਂ ਰਆਉਲਾਂ, ਇਹਦੀਆਂ ਸੁਨਹਿਰੀ ਵਡਾਣਕਾਂ, ਘੋਹੀਆਂ ਤੇ ਫਾਰਮ ਦੀਆਂ ਕਣਕਾਂ ਦੀਆਂ ਭਰੀਆਂ ਦੇ ਖਿਲਵਾੜੇ, ਧੜਾਂ ਤੇ ਬੋਲ੍ਹ, ਇਹਦੀਆਂ ਰੁਪਹਿਲੀਆਂ ਕਪਾਹਾਂ, ਇਹਦੇ ਜ਼ਿਮੀਂਦਾਰਾਂ ਦੇ ਹਲ, ਪੰਜਾਲੀਆਂ, ਜੂਲੇ ਤੇ ਪਰਾਣੀਆਂ, ਇਹਦੇ ਵਗਣ ਵਾਲੇ ਖੂਹਾਂ ਦੇ ਬੈੜ, ਢੋਲ-ਚੁਹਕੱਲੀਆਂ, ਪਾੜਛੇ-ਟਿੰਡਾਂ ਤੇ ਔਲੂ ਸਭਨਾਂ ਨੇ ਆਪਸ ਵਿਚ ਪੂਰੇ ਮਿਲਵਰਤਣ ਦਾ ਦ੍ਰਿੜ੍ਹ ਸੰਕਲਪ ਕਰਕੇ ਸਾਰੇ ਦੇਸ਼ ਨੂੰ ਭੁੱਖ ਦੇ ਦੁੱਖ ਤੇ ਗੇਜ ਦੀ ਨਮੋਸ਼ੀ ਤੋਂ ਬਚਾਉਣ ਦਾ ਠੇਕਾ ਲੈ ਰਖਿਆ ਹੈ। ਇਹਦੇ ਬਨ-ਪਰਬਤ, ਖਾਂ ਤੇ ਜ਼ਖੀਰੇ, ਇਹਦੇ ਰੁੱਖ-ਦਰਖਤ-ਵੇਲਾਂ ਤੇ ਝਾੜ ਇਹਦੇ ਪਿੱਪਲਾਂ-ਬੋਹੜਾਂ, ਅੰਬਾਂ-ਅਨਾਰਾਂ ਦੀਆਂ ਸੁਹਣੀਆਂ-ਸੁਖਾਵੀਆਂ ਛਾਵਾਂ, ਇਹਦੇ ਤਿਲੀਅਰ-ਤਿੱਤਰ, ਤਟੇਰੇ-ਚਕੋਰ ਅਤੇ ਮੋਰਾਂ-ਮਮੋਲਿਆਂ ਦੀਆਂ ਪਾਲਾਂ, ਇਹਦੇ ਹੰਸਾਂ-ਕੂੰਜਾਂ ਤੇ ਸਾਰਸਾਂ-ਗਲਿਆਂ ਅਤੇ ਲਮਢੀਂਗਾਂ ਦੀਆਂ ਲੰਮੀਆਂ ਡਾਰਾਂ, ਇਹਦੇ ਤੋਤੇ-ਮੈਨਾਂ, ਬੁਲਬੁਲਾਂ ਕੋਇਲਾਂ ਅਤੇ ਕਾਲਕਲੀਚੀਆਂ ਦੇ ਝੁਰਮਟ, ਇਹਦੀਆਂ ਗਊਆਂ-ਮੱਝਾਂ ਦੇ ਗ, ਇਹਦੀਆਂ ਬਕਰੀਆਂ-ਭੇਡਾਂ ਦੇ ਇੱਜੜ, ਇਹਦੇ ਜੰਗਲਾਂ ਵਿੱਚ ਚੁੰਗੀਆਂ ਭਰਦੇ ਹਰਨਾਂ-ਬਾਰਾਂ-ਸਿੰਗਿਆਂ ਦੇ ਝੋਲ, ਅਤੇ ਅਜਿਹੀਆਂ ਦੂਸਰੀਆਂ ਕੁਦਰਤੀ ਸ੍ਰਿਸ਼ਟੀਆਂ ਨੂੰ ਵੇਖਕੇ ਸਿਰਜਣਹਾਰ ਦੀ ਅਨੰਤ ਮਿਹਰ ਦੇ ਅੱਗੇ ਸਭ ਦੇ ਸੀਸ ਝੁਕਦੇ ਰਹੇ ਹਨ। ਇਹਦੇ ਭੰਡਾਂ-ਭੜੂਇਆਂ ਦੇ ਭੜਕਾਊ ਚੁਟਕਲੇ ਤੇ ਲਤੀਫੇ, ਇਹਦੇ ਮੀਰਜ਼ਾਦੇ ਮੀਰਾਸੀਆਂ ਦੀਆਂ ਮਸਖਰੀਆਂ, ਇਹਦੇ ਨਟਾਂ-ਨਰਕਟਾਂ, ਬਾਜ਼ੀਗਰਾਂ ਭੇਡਕੁੱਟਾਂ, ਸਾਂਹਸੀਆਂ ਤੇ ਮਹਿਤਮਾਂ ਦੇ ਵਸੋਂ ਤੋਂ ਦੂਰ ਵਸੰਦੇ ਕਬੀਲੇ, ਇਹਦੀ ਬਹੁ-

ਰੰਗੀ ਵਸੋਂ ਦਾ ਦ੍ਰਿਸ਼ਯ ਪੇਸ਼ ਕਰਦੇ ਹਨ। ਇਹਦੇ ਪੇਸ਼ਾਵਰ-ਪਿੰਡੀ, ਲਾਹੌਰ-ਲੁਧਿਆਣਾ, ਜਗਾਧਰੀ, ਜਾਲੰਧਰ, ਅੰਮ੍ਰਿਤਸਰ ਅੰਬਾਲਾ, ਮੁਕਤਸਰ-ਮੁਜ਼ੱਫਰਗੜ੍ਹ, ਪੂਰਨ-ਪ੍ਰਦੇਸ਼ ਸਿਆਲਕੋਟ, ਪ੍ਰਹਿਲਾਦਪੁਰੀ ਮੁਲਤਾਨ, ਨਾਨਕ-ਨਗਰੀ ਨਨਕਾਣਾ, ਆਨੰਦਪੁਰ, ਕੀਰਤਪੁਰ, ਕੁਰਖੇਤ੍ਰ-ਕਟਾਸਰਾਜ, ਕਾਂਗੜਾ-ਕਰਨਾਲ ਸ਼ਿਮਲਾ-ਡਲਹੌਜ਼ੀ-ਧਰਮਸਾਲਾ, ਕੁੱਲੂ, ਮਨਾਲੀ, ਮਰੀ-ਐਬਟਾਬਾਦ, ਸ੍ਰੀਨਗਰ-ਜੰਮੂ, ਦੇ ਸ਼ਹਿਰ, ਬਿਆਸ ਕੁੰਡ, ਵੈਰੀਨਾਗ-ਅਨੰਤਨਾਗ ਦੇ ਸੋਮੇਂ, ਕੁੱਕੜ-ਨਾਗ-ਲਿੱਧੜ ਦੇ ਬਰਫੀਲੇ ਫੁਰਤੀ ਸ਼ੋਰੀਲੇ ਪੱਥਰਾ ਨਾਲ ਟੱਕਰਾਂ ਮਾਰਦੇ ਤੇ ਹਾਇ-ਤੌਬਾ ਮਚਾਉਂਦੇ ਜਲਪ੍ਰਵਾ ਕੁਦਰਤ ਦੀ ਕਾਰੀਗਰੀ ਦੇ ਅਦੁਤੀ ਨਮੂਨੇ ਹਨ। ਇਹਦੇ ਕਾਰਖ਼ਾਨਿਆਂ ਦੀਆ ਕੋਇਲੇ ਨਿਗਲਨੀਆ ਤੇ ਧੂਆਂ ਉਗਲਣੀਆਂ ਅਤੇ ਅਸਮਾਨ ਨੂੰ ਵੀ ਸ਼ਾਹ-ਕਾਲ ਕਰਨ ਦਾ ਹੀਆ ਕਰਨ ਵਾਲੀਆਂ ਦੇਵ ਕੱਦ ਚਿਮਨੀਆਂ, ਇਹਦੀਆਂ ਪਾਵਰ ਲੂਮਾਂ ਤੇ (ਕਬਰ) ਖੱਡੀਆਂ (ਜਿਨ੍ਹਾਂ ਵਿਚੋਂ ਇੱਕ ਨਾਲ ਅੜਕੇ ਕਦੀ ਅਮਰੂ ਨਥਾਣ ਮੂੰਹ ਪਰਨੇ ਡਿੱਗਾ ਸੀ) ਦੇਸ਼ ਦੀਆਂ ਆਰਤਿਕ ਪਹੇਲੀਆਂ ਦਾ ਸਦਾ ਤੋਂ ਹੱਲ ਢੂੰਢਦੀਆਂ ਰਹੀਆਂ ਹਨ।

ਅੰਗ੍ਰੇਜ਼ੀ ਰਾਜ ਦੇ ਗਲ-ਘੋਟੂ ਵਾਤਾਵਰਣ ਵਿੱਚ ਵੀ ਇਹਦੇ ਭਗਤ ਸਿੰਘ, ਇਹਦੇ ਸੁਖਦੇਵ, ਇਹਦੇ ਰਾਜਗੁਰੂ ਇਹਦੇ ਢੀਂਗਰਾ, ਇਹਦੇ ਸਰਾਬਾ ਤੇ ਇਹਦੇ ਊਧਮ ਸਿੰਘ ਨੇ ਦੇਸ ਦੇ ਵੈਰੀਆਂ ਨੂੰ, ਵੈਰ ਦਾ ਚੰਗਾ-ਚੋਖਾ ਮਜ਼ਾ ਚਖਾਕੇ ਖਿੜੇ-ਮੱਥੇ ਮੌਤ-ਲਾੜੀ ਨੂੰ ਪਰਣਾਕੇ ਪੁਰਾਣੀਆਂ ਸ਼ਹੀਦੀਆਂ ਦੀ ਯਾਦ ਨੂੰ ਨਵੇਂ ਸਿਰਿਓਂ ਤਾਜ਼ਾ ਕਰ ਦਿਤਾ ਹੈ। ਅਜਿਹੇ ਮਹਾਨ, ਮਹੱਤ੍ਵ ਸੰਪੰਨ, ਵਿਸਤ੍ਰਿਤ-ਵਿਸ਼ਾਲ-ਸਪਤ-ਸ਼ਿੰਧੂ ਪ੍ਰਦੇਸ਼, ਜਿਸ ਨੂੰ ਦੁਸ਼ਮਣਾਂ ਦੀ ਦੁਸ਼ਮਣੀ ਨੇ **ਪੰਜ + ਆਬ = ਪੰਜਾਬ** ਅਤੇ ਸੱਜਣਾਂ ਦੀ ਕੋਰ ਮੂਰਖਤਾ ਨੇ **ਢਾਈ + ਆਬ** (ਸਤਲੁਜ-ਬਿਆਸ ਤੇ ਇਕ ਪੂਰਬੀ ਕੰਢਾਂ ਰਾਵੀ ਆਖਣ ਤੇ ਮਜਬੂਰ ਕਰ ਦਿਤਾ ਹੈ, ਪੁਰਾਤਨ ਕਾਲ ਤੋਂ ਚਲੇ ਆਉਂਦੇ ਜਾਲੰਧਰ ਜ਼ਿਲੇ ਦੀ ਕਰਤਾਰਪੁਰ ਤਹਿਸੀਲ ਵਿੱਚ ਵਹਿਣ ਵਾਲੀ ਨਿੱਕੀ ਜਿਹੀ ਵੇਈਂ ਨਦੀ (ਜਿਸ ਵਿੱਚ ਅਸ਼ਨਾਨ ਦੇ ਬਾਦ ਧਿਆਨ ਕਰਨ ਨਾਲ ਬਾਬੇ ਨਾਨਕ ਦੇ ਗਿਆਨ ਚਕਸ਼ੂ ਖੁਲ੍ਹ ਗਏ ਸਨ) ਦੇ ਕੰਢੇ ਉੱਤੇ ਕਰਤਾਰਪੁਰੀ **ਗੰਗਸਰ** ਤੋਂ ਨੇੜੇ ਹੀ ਗੰਗਾ ਨਗਰ ਨਾਮ ਦਾ ਇੱਕ ਛੋਟਾ ਜਿਹਾ ਪਿੰਡ ਵਸਦਾ ਹੁੰਦਾ ਸੀ, ਜਿਸ ਨੂੰ ਬਿਫਰੀ ਤੇ ਆਫਰੀ ਹੋਈ ਵੇਈਂ ਦੇ ਵਹਿਣ ਨੇ ਗੁੱਸੇ ਵਿੱਚ ਆਕੇ ਨਿਗਲ ਲਿਆ ਸੀ ਅਤੇ ਅੱਜ ਢੂੰਢਿਆਂ

ਵੀ ਜਿਸ ਦਾ ਕੋਈ ਖੁਰਾ-ਖੋਜ ਨਹੀਂ ਲਭਦਾ। ਉਸੇ ਗੰਗਾ ਨਗਰ ਦੀ ਵਸੋਂ ਵਿੱਚ ਭਾਰਦ੍ਵਾਜ ਗੋਤ੍ਰੀ ਸ਼ਾਰਦਸ਼ਾਖਾ ਦਾ ਨਾਰਾਇਣ ਦੱਤ ਨਾਉਂ ਦਾ ਇੱਕ ਸਾਰਸੂਤ ਬ੍ਰਾਹਮਣ ਰਹਿੰਦਾ ਹੁੰਦਾ ਸੀ।

**ਜਨਮ**—ਪੰਡਿਤ ਨਾਰਾਇਣ ਦੱਤ ਦੇ ਘਰ ਸੰਨ 1869 ਮੁਤਾਬਿਕ 1926 ਬਿ. ਨੂੰ ਇੱਕ ਸੁਹਣੇ-ਸੁਜਾਖੇ ਬਾਲਕ ਦਾ ਜਨਮ ਹੋਇਆ। ਉਹਦਾ ਨਾਉ ਬ੍ਰਿਜ ਲਾਲ ਰੱਖਿਆ ਗਿਆ। ਪੰਜਾਂ ਸਾਲਾਂ ਦੀ ਉਮਰ ਵਿਚ ਨਾਮੁਰਾਦ ਸ਼ੀਤਲਾ ਰੋਗ ਨੇ ਬਾਲਕ ਤੇ ਹਮਲਾ ਕੀਤਾ। ਜਾਨੋਂ ਤੋਂ ਉਹ ਮਾਸੂਮ ਬੱਚਾ ਬਚ ਗਿਆ, ਪਰ ਦੋਵੇਂ ਅੱਖਾ ਖੁਸ ਗਈਆਂ। ਯਾਰ੍ਹਾਂ ਵਰ੍ਹਿਆਂ ਦੀ ਆਰਬਲਾ ਤੱਕ ਉਹ ਮਾਤਾ-ਪਿਤਾ ਦੇ ਸੁਖਾਵੇਂ ਸਾਏ ਤੋਂ ਵੀ ਵਾਂਜਿਆ ਗਿਆ ਅਤੇ ਵੱਡੇ ਭਰਾ ਦੀਆਂ ਝਿੜਕਾਂ ਅਤੇ ਭਰਜਾਈ ਦੇ ਮਿਹਣੇ-ਕੁਮਿਹਣਿਆਂ ਦੀ ਗੁੱਝੀ ਮਾਰ ਖਾਣ ਲਈ ਜੀਉਂਦਾ ਰਿਹਾ। ਪਰ ਹਰ ਦੁੱਖ ਦੀ ਹੱਦ ਹੁੰਦੀ ਹੈ। ਸਹਿੰਦੜਪੁਣੇ ਦੀ ਸੀਮਾ ਹੁੰਦੀ ਹੈ। ਤੰਗ ਹੋਕੇ ਇਹ ਨੈਣ-ਵਿਹੀਨ, ਯਤੀਮ, ਅਲ੍ਹੜ ਮੁੰਡਾ ਘਰੋਂ ਨਿਕਲ ਤੁਰਨ ਤੇ ਮਜ਼ਬੂਰ ਹੋ ਗਿਆ। ਇੱਕ ਦਿਨ ਡੰਗੋਰੀ ਦੇ ਆਸਰੇ ਡਿਗਦਾ-ਢਹਿੰਦਾ, ਉਠਦਾ-ਬਹਿੰਦਾ ਇਹ ਨਿਮਾਣਾ ਸੂਰਦਾਸ ਬ੍ਰਿਜ ਲਾਲ ਕਰਤਾਰ ਪੁਰ ਤੋਂ ਰਵਾਨਾ ਹੋਕੇ ਅਣਡਿਠੇ ਅਸਥਾਨ, ਅਣਮਿਣੇ ਪੰਧ ਅਤੇ ਨਾਵਾਕਿਫ ਰਾਹਾਂ ਤੇ ਤੁਰ ਪਿਆ। ਰੱਬ ਜਾਣੇ ਕਿਤਨਾ ਸਮਾਂ ਇਸ ਅੱਖਾਂ ਤੋਂ ਹੀਣੇ, ਨਿਰਧਨ, ਨਿਰਾਸਰੇ ਬ੍ਰਿਜ ਲਾਲ ਨੂੰ ਕਿਹਨਾਂ ਔਕੜਾਂ-ਔਖਿਆਈਆਂ, ਨੂੰ ਕੱਟਦੇ; ਭੁੱਖੇ-ਤਿਹਾਏ ਦਿਨ ਕੱਟਦੇ, ਸੈਂਕੜੇ ਕੋਹਾਂ ਦੀ ਵਾਟ ਮਾਰਦੇ, ਹਰਿ-ਦ੍ਵਾਰ ਤੋਂ ਅੱਗੇ ਰਿਸ਼ੀਕੇਸ਼ ਤਕ ਪਹੁੰਚਣ ਵਿਚ ਲੱਗਾ ਹੋਵੇਗਾ ? ਇਹ ਵੀ ਪਤਾ ਨਹੀਂ ਕਿ ਕਿਹੜੇ ਉਦਾਰ-ਚਿੱਤ ਮਹਾਤਮਾ ਨੇ ਉਹਨੂੰ ਸੰਨਿਆਸੀ ਬਣਾਕੇ ਵੇਦ-ਮਾਤਾ ਗਾਇਤ੍ਰੀ ਦੇ ਜਾਪ ਦਾ ਵਿਧਿ-ਵਿਧਾਨ ਸਿਖਾਇਆ ਹੋਊ ? ਸਾਨੂੰ ਤਾਂ ਬੱਸ ਇਤਨਾ ਹੀ ਇਲਮ ਹੈ ਕਿ ਇਹ ਬਾਲਕ ਆਪਣੇ ਸਮੇਂ ਦਾ ਵਧੇਰਾ ਭਾਗ ਭਗਵਤੀ ਭਾਗੀਰਥੀ (ਗੰਗਾ) ਦੇ ਲੱਕ-ਲੱਕ ਤੱਕ ਪਵਿਤ੍ਰ ਜਲ ਵਿੱਚ ਖਲੋ ਕੇ ਗਾਇਤ੍ਰੀ ਮੰਤ੍ਰ ਦਾ ਨਿਰੰਤਰ ਜਾਪ ਕਰਦਾ ਰਹਿੰਦਾ ਹੁੰਦਾ ਸੀ। ਸਾਲ ਭਰ ਇਹ ਤਪੱਸਿਆ ਬਰਾਬਰ ਕਰਦਾ ਰਿਹਾ। ਸੁਣਿਆ ਹੈ ਕਿ ਇੱਕ ਰਾਤ ਨੂੰ ਸੁਪਨੇ ਵਿੱਚ ਮਾਨੋਂ ਉਹਨੂੰ ਕਿਸੇ ਦੀ ਆਵਾਜ਼ ਆਈ—"ਵਿਰਜਾਨੰਦ ! ਹੁਣ ਤੂੰ ਏਥੋਂ ਚਲਾ ਜਾ ! ਤੇਰਾ ਜੋ ਕੁਝ ਹੋਣਾ ਸੀ ਹ ਗਿਆ ਹੈ ।" ਏਸੇ ਨੂੰ ਆਕਾਸ਼ ਬਾਣੀ ਸਮਝਕੇ, ਵਿਰਜਾਨੰਦ

(ਹਰਿਦ੍ਵਾਰ) ਕਨਖਲ ਨਿਵਾਸੀ ਸ੍ਵਾਮੀ *ਪੂਰਣਾਨੰਦ (ਪੂਰਣ ਆਸ਼ਰਮ) ਜਿਹੜੇ ਕੇ ਸੰਸਕ੍ਰਿਤ ਦੇ ਮਹਾ ਵਿਦ੍ਵਾਨ ਸਨ, ਦੇ ਪਾਸ ਪਹੁੰਚੇ ਅਤੇ ਵਿਆਕਰਣ ਪੜ੍ਹਨਾ ਆਰੰਭ ਕਰ ਦਿੱਤਾ। ਵਿਦਿਆ ਸਮਾਪਤੀ ਤੇ ਪ੍ਰਯਾਗ ਆਦਿ ਤੀਰਥ ਯਾਤ੍ਰਾ ਤੇ ਚੱਲ ਨਿਕਲੇ। ਇੱਕ ਦਿਨ ਸੋਰੋਂ (ਸੂਕਰ ਛੇਤ੍ਰ) ਵਿੱਚ ਗੰਗਾਜਲ ਵਿੱਚ ਖਲੋਤੇ ਵਿਸ਼ਨੂ ਸਤੋਤ੍ਰ ਦਾ ਪਾਠ ਕਰ ਰਹੇ ਸਨ ਅਤੇ ਰਿਆਸਤ ਅਲਵਰ (ਰਾਜਸਥਾਨ) ਦੇ ਮਹਾਰਾਜਾ ਵਿਨਯ-ਸਿੰਘ ਸੁਣਨ ਦਾ ਅਨੰਦ ਮਾਣ ਰਹੇ ਸਣ। ਉਹਨਾਂ ਨੂੰ ਵਿਰਜਾਨੰਦ ਦੇ ਸੁਰੀਲੇ ਸੁਰ, ਮਧੁਰ ਆਲਾਪ ਅਤੇ ਸ਼ੁੱਧ ਉਚਾਰਣ ਨੇ ਆਪਣੀ ਵੱਲ ਇਵੇਂ ਖਿੱਚ ਲਿਆ, ਜਿਵੇਂ ਚੁੰਬਕ ਲੋਹੇ ਨੂੰ ਆਪਣੀ ਵੱਲ ਖਿੱਚ ਲੈਂਦਾ ਹੈ। ਉਹ ਵੱਡੇ ਪ੍ਰਸੰਨ ਹੋਏ। ਪਰਸਪਰ ਗੱਲ-ਬਾਤ ਵਿਚ ਤਾਂ ਵਿਰਜਾਨੰਦ ਦੀ ਅਲੌਕਿਕ ਪ੍ਰਤਿਭਾ ਨੇ ਜਾਦੂ ਹੀ ਕਰ ਦਿੱਤਾ। ਮਹਾਰਾਜਾ ਵਿਨਯ ਸਿੰਘ ਜੀ ਨੇ ਵਿਰਜਾਨੰਦ ਨੂੰ ਆਪਣੇ ਨਾਲ ਅਲਵਰ ਚੱਲਣ ਦੀ ਬੇਨਤੀ ਕੀਤੀ। ਵਿਰਜਾਨੰਦ ਨੇ ਕਰੜੀ ਸ਼ਰਤ ਰਖ ਦਿੱਤੀ ਕਿ—"ਜੇ ਮਹਾਰਾਜ ਪ੍ਰਤਿਦਿਨ ਮੇਰੇ ਕੋਲੋਂ ਪੜ੍ਹਨ ਦਾ ਵਚਨ ਦੇਣ, ਤਾਂ ਹੀ ਮੈਂ ਚਲ ਸਕਦਾ ਹਾਂ। ਮਹਾਰਾਜ ਨੇ ਇਹ ਕਰੜੀ ਸ਼ਰਤ ਵੀ ਮੰਨ ਲਈ, ਅਤੇ ਸ੍ਵਾਮੀ ਜੀ ਅਲਵਰ ਜਾ ਬਿਰਾਜੇ। ਮਹਾਰਾਜਾ ਅਲਵਰ ਤਿੰਨ ਘੰਟੇ ਰੋਜ਼ ਸ੍ਵਾਮੀ ਜੀ ਕੋਲੋਂ ਪੜ੍ਹਨ ਲੱਗ ਪਏ। ਖਾਣ ਪੀਣ ਲਈ ਸਰਕਾਰੀ ਪ੍ਰਬੰਧ ਤੋਂ ਇਲਾਵਾ ਦੋ ਰੁਪਏ ਰੋਜ਼ਾਨਾ ਖਰਚ ਲਈ ਬੱਝ ਗਏ। ਰਾਜ ਪ੍ਰਬੰਧ ਸੰਬੰਧੀ ਔਖੀਆਂ ਔਕੜਾਂ ਤੇ ਗੁੰਝਲਦਾਰ ਅੜਣੀਆਂ ਦੇ ਹੱਲ ਕਰਨ ਵੇਲੇ ਵੀ ਸ੍ਵਾਮੀ ਵਿਰਜਾਨੰਦ ਜੀ ਮਹਾਰਾਜ ਦੇ ਸਲਾਹਕਾਰ ਬਣ ਗਏ ਸਨ।

ਰੱਬ ਦਾ ਕਰਨਾ ! ਇਕ ਦਿਨ ਸ੍ਵਾਮੀ ਜੀ ਤਾਂ ਠੀਕ ਸਮੇਂ ਤੇ ਮਹਾਰਾਜ ਨੂੰ ਪੜ੍ਹਾਉਣ ਲਈ ਰਾਜ-ਮਹਿਲਾਂ ਵਿੱਚ ਜਾ ਪੁਜੇ, ਪਰੰਤੂ ਰਾਗ-ਰੰਗ ਦੀ ਮਹਿਫਲ

---

*ਇਹੋ ਸਵਾਮੀ ਪੂਰਣਾਨੰਦ ਜੀ ਸਨ ਜਿਹਨਾਂ ਸ੍ਵਾਮੀ ਦਯਾਨੰਦ ਨੂੰ ਜਦ ਕਿ ਉਹ ਕੁੰਭ ਤੇ ਇਹਨਾਂ ਨੂੰ ਮਿਲੇ ਸਨ ਤਾਂ, ਅੰਗਰੇਜ਼ਾਂ ਦੇ ਜ਼ੁਲਮਾਂ ਦੀਆਂ ਕਥਾਂ ਸੁਣਾਕੇ ਕ੍ਰਾਂਤਿ ਦਾ ਮੰਤ੍ਰ ਫੂਕਿਆ ਸੀ ਅਤੇ ਉੱਚੀ ਸਿਖਿਆ-ਪ੍ਰਾਪਤੀ ਲਈ ਆਪਣੇ ਸ਼ਾਗਿਰਦ ਦੰਡੀ ਵਿਰਜਾਨੰਦ ਕੋਲ ਮਥੁਰਾ ਜਾਣ ਦੀ ਪ੍ਰੇਰਣਾ ਕੀਤੀ ਸੀ।

(1857 ਵਿਖੇ-ਮਹਾਰਿਸ਼ੀ ਦਾ ਯੋਗਦਾਨ ਪੰਨਾ 21)

ਵਿੱਚ ਰੁੱਝੇ ਹੋਏ ਹੋਣ ਦੇ ਕਾਰਣ ਮਹਾਰਾਜ ਨ ਪਹੁੰਚ ਸਕੇ। ਸ੍ਵਾਮੀ ਜੀ ਆਪਣੇ ਡੇਰੇ ਤੇ ਮੁੜ ਆਏ ਅਤੇ ਅਜਿਹੇ ਵਿਰਕਤ ਹੋਏ ਕਿ ਸਭ ਪੁਸਤਕ-ਪੋਥੀ ਉੱਥੇ ਹੀ ਛੱਡਕੇ 'ਆਈ ਮੌਜ ਫ਼ਕੀਰ ਦੀ ਦੀਆ ਝੌਂਪੜਾਂ ਫੂਕ' ਦੀ ਅਖੌਤ ਦੇ ਅਨੁਸਾਰ ਰਾਜ-ਪ੍ਰਾਸਾਦ ਛੱਡਕੇ 'ਸ਼ੋਰੋਂ' ਜਾ ਪਹੁੰਚੇ। ਸੋਰੋਂ ਤੋਂ ਮਥੁਰਾ ਤੇ ਮਥੁਰਾ ਤੋਂ ਮੁਰਸਾਨ ਦੇ ਰਾਜਾ ਕੋਲ ਜਾ ਪਹੁੰਚੇ। ਕੁਝ ਚਿਰ ਮਗਰੋਂ ਭਰਤਪੁਰ ਦੇ ਮਹਾਰਾਜ ਬਲਵੰਤ ਸਿੰਘ ਦੇ ਜ਼ੋਰ ਦੇਣ ਤੇ ਉਥੇ ਜਾ ਬਿਰਾਜੇ। ਛੇ ਮਹੀਨੇ ਦੇ ਨਿਵਾਸ ਦੇ ਬਾਦ ਸੋਰੋਂ ਪਰਤ ਆਏ ਅਤੇ ਪੱਕੇ ਰੂਪ ਵਿੱਚ ਮਥੁਰਾ ਹੀ ਡਟ ਗਏ।

ਮਥੁਰਾ ਦੇ ਰੇਲਵੇ ਸਟੇਸ਼ਨ ਤੋਂ ਵਿਸ਼੍ਰਾਮ ਘਾਟ ਨੂੰ ਜਾਣ ਵਾਲੀ ਸੜਕ ਤੇ ਇੱਕ ਕੋਠੜੀ ਵਿੱਚ ਆਪ ਦੀ ਰਿਹਾਇਸ਼ ਅਤੇ ਸੰਸਕ੍ਰਿਤ ਦੀ ਪਾਠਸ਼ਾਲਾ ਸੀ। ਖਾਣ ਪੀਣ ਦੇ ਖ਼ਰਚੇ ਦਾ ਪ੍ਰਬੰਧ ਅਲਵਰ ਨਰੇਸ਼ ਵਿਨਯ ਸਿੰਘ ਅਤੇ ਕਦੀ ਕਦੀ ਜੈਪੁਰਾ-ਧੀਸ਼ ਮਹਾਰਾਜਾ ਰਾਮ ਸਿੰਘ ਵੀ ਕਰਦੇ ਹੁੰਦੇ ਸਨ। ਆਉਣ ਜਾਣ ਵਾਲੇ ਧਨੀ-ਮਾਨੀ, ਸੇਠ-ਸਾਹੂਕਾਰ ਵੀ ਰੁਪਏ-ਪੈਸੇ ਦੀ ਮਦਦ ਪਹੁੰਚਾਉਂਦੇ ਰਹਿੰਦੇ ਸਨ। ਆਪ ਵਧੇਰੇ ਦੁੱਧ ਤੇ ਹੀ ਨਿਬਾਹ ਕਰਦੇ ਹੁੰਦੇ ਸਨ। ਅੰਨ ਘੱਟ ਹੀ ਖਾਂਦੇ ਸਨ। ਤੜਕਸਾਰ ਉੱਠਕੇ ਅਸ਼ਨਾਨ ਕਰਕੇ ਪ੍ਰਾਣਾਯਾਮ ਕਰਦੇ ਅਤੇ ਫ਼ੇਰ ਧਿਆਨ ਵਿੱਚ ਮਗਨ ਹੋ ਜਾਂਦੇ ਸਨ! ਸੂਰਜ ਚੜ੍ਹਦੇ ਤੱਕ ਵਿਹਲੇ ਹੋ ਕੇ ਪੜ੍ਹਾਉਣ ਲੱਗ ਜਾਂਦੇ ਸਨ! ਆਪ ਜੀ ਦੀ ਵਿਚਾਰ ਸ਼ਕਤੀ ਅਤਿ ਪ੍ਰਬਲ ਹੋਣ ਕਰਕੇ ਗਹਿਰੇ-ਗੰਭੀਰ ਵਿਸ਼ਿਆਂ ਦੀ ਤਹਿ ਤੱਕ ਝੱਟ ਪਹੁੰਚ ਜਾਂਦੇ ਸਨ। ਉਹਨਾਂ ਦੀ ਯਾਦਦਾਸ਼ਤ ਤੇਜ਼ ਤੇ ਧਾਰਣਾ-ਸ਼ਕਤੀ ਅਲੌਕਿਕ ਸੀ! ਕੋਈ ਸ਼ਲੋਕ ਜਾਂ ਮੰਤ੍ਰ ਇੱਕ ਦੋ ਵਾਰੀ ਸੁਣਕੇ ਹੀ ਕੰਠਸਥ ਕਰ ਲੈਂਦੇ ਸਨ ਅਤੇ ਫੇਰ ਉਹ ਕਦੀ ਵੀ ਦਿਮਾਗ਼ ਤੋਂ ਉੱਤਰਦਾ ਨਹੀਂ ਸੀ। ਏਸ ਸਮਰਣ ਸ਼ਕਤੀ ਦੇ ਸਦਕੇ ਹੀ ਉਹਨਾਂ ਨੂੰ ਕਈ ਗ੍ਰੰਥ ਜ਼ਬਾਨੀ ਯਾਦ ਸਨ। ਕਾਸ਼ੀ ਆਦਿ ਦੇ ਪ੍ਰਸਿਧ ਪੰਡਿਤਾਂ ਵਿੱਚ ਆਪ ਜੀ ਦੀ ਚਮਤਕਾਰੀ ਵਿਦਯਾ ਦਾ ਵੱਡਾ ਪ੍ਰਭਾਵ ਸੀ। ਸ੍ਵਾਮੀ ਜੀ ਸਪਸ਼ਟ ਵਕਤਾ ਨਿਸ਼ਕਪਟ ਸ੍ਵਭਾਵ ਅਤੇ ਸਰਲ-ਚਿੱਤ ਸਾਧੂ ਸਨ। ਉਹ ਗਿਆਨ-ਧਿਆਨ ਵਿੱਚ ਮਗਨ ਰਹਿਣ ਵਾਲੇ ਅਭਿਆਸੀ ਅਤੇ ਉੱਤਮ ਕੋਟੀ ਦੇ ਦੰਡੀ ਸੰਨਿਆਸੀ ਸਨ। ਅਨਾਰਸ਼ (ਸਾਧਾਰਨ ਮਨੁੱਖਾਂ ਦੇ ਲਿਖੇ) ਗ੍ਰੰਥਾਂ ਤੋਂ ਸ਼੍ਰੱਧਾ ਹਟ ਜਾਣ ਦੇ ਕਾਰਣ ਉਹਨਾਂ ਦੀ ਪਾਠਸ਼ਾਲਾ ਵਿਚ ਕੌਮੁਦੀ, ਮਨੋਰਮਾ, ਸ਼ੇਖਰ ਆਦਿ ਦਾ ਪੜ੍ਹਨਾ-ਪੜ੍ਹਾਉਣਾ ਨਿਸ਼ਿੱਧ ਸੀ।

ਅਸ਼ਟਾਧਿਆਈ ਅਤੇ ਮਹਾਭਾਸ਼ਜਵੀ ਪਾਠਜ-ਪ੍ਰਣਾਲੀ ਵਿੱਚ ਸੰਮਿਲਿਤ ਸਨ। ਸ੍ਰੀਮਦ-ਭਾਗਵਤ ਤਾਂ ਉਹਨਾਂ ਨੂੰ ਬਿਲਕੁਲ ਭਾਉਂਦਾ ਹੀ ਨਹੀਂ ਸੀ, ਸਗੋਂ ਇਸਦਾ ਜ਼ੋਰਦਾਰ ਖੰਡਨ ਕਰਦੇ ਹੁੰਦੇ ਸਨ, ਅਤੇ ਲੋਕਾਂ ਨੂੰ ਇਹਦੇ ਪੜ੍ਹਨ-ਪੜ੍ਹਾਉਣ ਅਤੇ ਸੁਣਨ-ਸੁਣਾਉਣ ਤੋਂ ਆਗ੍ਰਹਿ ਪੂਰਬਕ ਰੋਕਦੇ ਵੀ ਹੁੰਦੇ ਸਨ। ਜਿਸ ਸਮੇਂ 1857 ਈ. ਦੀ ਮਹਾਨ ਰਾਜ-ਕ੍ਰਾਂਤਿ ਦੀ ਵਿਫਲਤਾ ਤੋਂ ਬਾਦ ਸ੍ਵਾਮੀ ਦਯਾਨੰਦ ਸਰਸ੍ਵਤੀ ਇਹਨਾਂ ਦੀ ਪਾਠਸ਼ਾਲਾ ਵਿੱਚ ਪ੍ਰਵਿਸ਼ਟ ਹੋਏ, ਉਸ ਵੇਲੇ ਸ੍ਵਾਮੀ ਵਿਰਜਾਨੰਦ ਜੀ ਵਿਆਕਰਣ ਦੇ ਸੂਰਜ, ਅਨਾਰਸ਼ ਗ੍ਰੰਥਾਂ ਦੇ ਮਹਾਨ ਸ਼ਤ੍ਰੂ ਆਰਸ਼ ਗ੍ਰੰਥਾਂ ਦੇ ਮਹਾਨ ਪ੍ਰਚਾਰਕ ਅਤੇ ਸੰਸਕ੍ਰਿਤ ਵਿਦਿਆ ਪ੍ਰਦਾਨ ਕਰਨ ਵਾਲੇ ਵਡੇ ਆਚਾਰਜ ਸਮਝੇ ਜਾਂਦੇ ਸਨ।

**ਸ੍ਵਾਮੀ ਵਿਰਜਾਨੰਦ ਕ੍ਰਾਂਤੀ ਦੇ ਮਹਾਨ ਪ੍ਰੇਰਕ ਦੇ ਰੂਪ ਵਿੱਚ**—ਸੰਨ 1956-1857 ਜਾਂ ਸੰਮਤ 1913-14 ਨੂੰ ਇੱਕ ਖੁਫ਼ੀਆ ਪੰਚਾਇਤ ਮਥੁਰਾ ਦੇ ਜੰਗਲ ਵਿੱਚ ਚਾਰ ਦਿਨਾਂ ਤੱਕ ਹੁੰਦੀ ਰਹੀ। ਹਿੰਦੂ ਮੁਸਲਮਾਨ ਇਹਦੇ ਵਿੱਚ ਸਾਂਝੇ ਰੂਪ ਵਿੱਚ ਸ਼ਾਮਿਲ ਸਨ। ਇਹਦੇ ਵਿੱਚ **'ਇੱਕ ਨਾਬੀਨਾ ਹਿੰਦੂ ਦਰਵੇਸ਼'** ਨੂੰ ਪਾਲਕੀ ਵਿੱਚ ਬਿਠਾਕੇ ਲਿਆਂਦਾ ਗਿਆ ਸੀ। ਹਿੰਦੂ ਮੁਸਲਮ ਫਕੀਰਾਂ ਨੇ ਇਹਦੇ ਚਰਨ ਚੁੰਮੇ ਸਨ। ਸਭ ਤੋਂ ਪਿੱਛੋਂ **ਨਾਨਾ ਸਾਹਿਬ, ਮੌਲਵੀ ਅਜ਼ੀਮੁੱਲਾ ਖ਼ਾਨ ਅਤੇ ਸ਼ਾਹਿਨਸ਼ਾਹ ਬਹਾਦੁਰ ਸ਼ਾਹ ਦਾ ਸਾਹਿਬਜ਼ਾਦਾ ਪੇਸ਼ ਹੋਏ**। ਸਭ ਨੇ ਅਸ਼ਰਫ਼ੀਆਂ ਭੇਟ ਕੀਤੀਆਂ। ਫੇਰ ਉਸ ਨਾਬੀਨਾ ਫ਼ਕੀਰ ਸ੍ਵਾਮੀ ਵਿਰਜਾਨੰਦ ਦਾ ਵਿਆਖਿਆਨ ਹੋਇਆ। ਸਭ ਤੋਂ ਪਹਿਲੇ ਪਰਮਾਤਮਾ ਦੀ ਤਾਰੀਫ਼ ਕਰਕੇ, ਉਹਨਾਂ ਕਿਹਾ—"**ਆਜ਼ਾਦੀ ਸ੍ਵਰਗ ਤੇ ਗ਼ੁਲਾਮੀ ਨਰਕ ਹੈ। ਆਪਣੇ ਮੁਲਕ ਦੀ ਹਕੂਮਤ ਗ਼ੈਰ ਮੁਲਕੀ ਹਕੂਮਤ ਦੇ ਮੁਕਾਬਲੇ ਵਿੱਚ ਹਜ਼ਾਰ ਦਰਜਾ ਚੰਗੀ ਹੁੰਦੀ ਹੈ: ਦੂਜਿਆ ਦੀ ਗ਼ੁਲਾਮੀ ਸਦਾ ਬੇ-ਇਜ਼ਤੀ ਅਤੇ ਬੇਸ਼ਰਮੀ ਦਾ ਕਾਰਣ ਹੈ**। ਸਾਨੂੰ ਕਿਸੇ ਦੇਸ਼ ਜਾਂ ਕੌਮ ਤੇ ਘ੍ਰਿਣਾ ਨਹੀਂ। ਅਸੀਂ ਤਾਂ ਸਭ ਦੇ ਕਲਿਆਣ ਲਈ ਪਰਮਾਤਮਾ ਅਗੇ ਬੇਨਤੀ ਕਰਦੇ ਰਹਿੰਦੇ ਹਾ। ਪਰੰਤੂ ਹੁਕਮਰਾਨ ਕੌਮ ਖਾਸ ਕਰ ਫਰੰਗੀ, ਜਿਸ ਦੇਸ਼ ਤੇ ਹਕੂਮਤ ਕਰਦੇ ਹਨ, ਉਸ ਦੇਸ਼ ਦੇ ਵਸਨੀਕਾਂ ਨੂੰ ਤਾਂ ਇਨਸਾਨ ਹੀ ਨਹੀਂ ਸਮਝਦੇ। ਉਹ ਆਪਣੀ ਜਿਤਨੀ ਵੀ ਤਾਰੀਫ਼ ਪਏ ਕਰਨ ਪਰ ਅਸਲੀਅਤ ਇਹ ਹੈ ਕਿ ਉਸ ਦੇਸ਼ ਦੇ ਨਿਵਾਸੀਆਂ ਨੂੰ ਪਸ਼ੂਆਂ ਨਾਲੋਂ ਵੀ ਘਟ ਸਮਝਕੇ ਬੁਰਾ ਵਿਹਾਰ ਕਰਦੇ ਹਨ। ਪਰਮਾਤਮਾ ਦੀ ਸ੍ਰਿਸ਼ਟੀ ਵਿਚ ਸਭ

ਇਨਸਾਨ ਭਰਾ-ਭਰਾ ਹਨ; ਪਰੰਤੂ ਫ਼ਰੰਗੀ ਆਪਣੇ ਮਾਤਹਿਤਾਂ ਨੂੰ ਗ਼ੁਲਾਮ ਸਮਝਦੇ ਹਨ......ਮੇਰਾ ਯਕੀਨ ਹੈ ਕਿ **ਮਾਤਹਿਤ ਲੋਕਾਂ ਦਾ ਨ ਕੋਈ ਈਮਾਨ ਹੈ ਨ ਸ਼ਾਨ** ......ਅਸੀਂ ਕਿਤਨੀ ਵੀ ਉਹਨਾਂ ਦੀ ਖ਼ੈਰ-ਖ਼੍ਵਾਹੀ ਕਰੀਏ, ਫੇਰ ਵੀ **ਉਹ ਆਪਣੇ ਕੁੱਤੇ ਨੂੰ ਸਾਥੋਂ ਚੰਗਾ ਸਮਝਦੇ ਹਨ।** ਉਹਨਾਂ ਨੂੰ ਆਪਣੇ ਦੇਸ਼ ਨਾਲ ਪ੍ਰੇਮ ਹੈ, ਇਸ ਕਰਕੇ ਅਸੀਂ ਸਭ ਹਿੰਦੁਸਤਾਨੀਆਂ ਅੱਗੇ ਬੇਨਤੀ ਕਰਦੇ ਹਾਂ ਕਿ ਉਹ ਵੀ ਆਪਣੇ ਦੇਸ਼ ਨਾਲ ਪ੍ਰੇਮ ਕਰਨਾ ਸਿੱਖਣ।"

ਇਹ ਪੰਚਾਇਤ ਭਾਦਰੋਂ ਦੇ ਸ਼ੁਰੂ ਵਿਚ ਹੋਈ ਸੀ। ਚਾਰ ਦਿਨ ਬਰਾਬਰ ਹੁੰਦੀ ਰਹੀ ਸੀ। ਪਹਿਲੇ ਦਿਨ ਆਉਣ ਵਾਲਿਆਂ ਦੀ ਵਾਕਫ਼ੀਅਤ ਕਰਾਈ ਗਈ; ਦੂਸਰੇ ਦਿਨ ਹਜ਼ਰਤ ਆਦਮ ਤੋਂ ਹਜ਼ਰਤ ਮੁਹੰਮਦ ਤੱਕ ਦੇ ਜੀਵਨ ਸੁਣਾਏ ਗਏ; ਤੀਜੇ ਦਿਨ ਮਹਾਰਾਜ ਰਾਮ, ਕ੍ਰਿਸ਼ਨ, ਬੁੱਧ, ਸ਼ੰਕਰਾਚਾਰਜਾ, ਮਹਾਵੀਰ ਸ੍ਵਾਮੀ ਆਦਿ ਅਤੇ ਅਨੇਕ ਰਿਸ਼ੀਆਂ-ਮੁਨੀਆਂ, ਰਾਜੇ-ਮਹਾਰਾਜਿਆਂ ਅਤੇ ਪ੍ਰਭੂ-ਭਗਤਾਂ ਦੀਆਂ ਕਥਾਂ ਸੁਣਾਈਆਂ ਗਈਆਂ। ਫੇਰ ਮਹਾਤਮਾ **ਵਿਰਜਾਨੰਦ ਦੀ ਤਕਰੀਰ ਬਹੁਤ ਪੁਰਜ਼ੋਰ ਸੀ।** ਇਹ ਡੇਢ ਘੰਟਾ ਹੁੰਦੀ ਰਹੀ। ਮੀਰ ਮੁਸ਼ਤਾਕ ਮੀਰ ਇਲਾਹੀ ਮੀਰਾਸੀ ਨੇ ਇਸ ਤਕਰੀਰ ਦੇ ਨੋਟ ਲਏ ਸਨ। ਉਹਨਾਂ (ਸ੍ਵਾਮੀ ਵਿਰਜਾਨੰਦ) ਨੇ ਸਭ ਪਹਿਲੂਆਂ ਤੇ ਰੋਸ਼ਨੀ ਪਾਈ ਸੀ। ਸ੍ਵਾਮੀ ਜੀ ਦੇ ਆਉਣ ਤੇ ਹਿੰਦੂ ਮੁਸਲਮਾਨ ਫ਼ਕੀਰਾਂ ਨੇ ਖ਼ੁਸ਼ੀ ਦੇ ਮਾਰੇ ਸ਼ੰਖ, ਘੜਿਆਲ, ਨਾਗਫਨੀ, ਨਗਾਰੇ, ਤੁਰਹੀ ਅਤੇ ਨਰਸਿੰਘੇ ਵਜਾਕੇ ਉਹਨਾਂ ਦਾ ਸ੍ਵਾਗਤ ਕੀਤਾ ਸੀ ਅਤੇ ਖ਼ੁਦਾ ਪ੍ਰਸਤੀ ਤੇ ਵਤਨ-ਪ੍ਰਸਤੀ ਦੇ ਗੀਤ ਗਾਏ ਸਨ। ਰਿਪੋਰਟ ਦੇ ਅੰਤ ਵਿਚ ਲਿਖਿਆ ਸੀ ਕਿ ਮੈਂ ਵੀ ਪੰਜ ਫੁੱਲ ਉਹਨਾਂ ਦੇ ਸਾਹਮਣੇ ਪੇਸ਼ ਕੀਤੇ ਅਤੇ ਉਹਨਾਂ ਦੀ ਕਦਮ-ਬੋਸੀ ਕਰਦੇ ਹੋਏ ਖ਼ੁਦਾ ਕੋਲ ਦੁਆ ਕੀਤੀ ਕਿ ਅਜਿਹੀਆਂ ਨੇਕ ਰੂਹਾਂ ਖ਼ਲਕਤ ਦੀ ਭਲਿਆਈ ਲਈ ਹਮੇਸ਼ਾਂ ਪੈਦਾ ਕਰਦਾ ਰਹੇ।

(1857 ਵਿਚ ਸ੍ਵਾਮੀ ਦਯਾਨੰਦ ਦਾ ਯੋਗਦਾਨ ਪੰਨਾ 27 ਤੋਂ 29)

ਇਹ ਸ੍ਵਾਮੀ ਵਿਰਜਾਨੰਦ ਅੰਤਲੀ ਅਵਸਥਾ ਵਿੱਚ ਆਰਯ ਸਮਾਜ ਦੇ ਮੋਢੀ ਸ੍ਵਾਮੀ ਦਯਾਨੰਦ ਸਰਸ੍ਵਤੀ ਦੇ ਗੁਰੂ ਬਣੇ ਅਤੇ ਸਪਤ ਸਿੰਧੂ ਪ੍ਰਦੇਸ਼ ਦੀਆਂ ਗੁਰੂਆਂ-ਅਚਾਰਯਾਂ ਦੀ ਲੰਮੀ ਸੰਗਲੀ ਦੀ ਇੱਕ ਪੱਕੀ ਤੇ ਪੀਡੀ ਕੁੰਡੀ ਸਾਬਤ ਹੋਏ, ਜਿਹਨਾਂ ਤੇ ਅਸੀਂ ਜਿਤਨਾ ਫ਼ਖਰ ਕਰੀਏ ਥੋੜ੍ਹਾ ਹੈ।

**ਖਾਸ ਬੇਨਤੀ**

ਅਗਲੇ ਪੰਨਿਆਂ ਵਿੱਚ ਅਸਾਂ ਸ੍ਵਾਮੀ ਦਯਾਨੰਦ ਜੀ ਦੇ ਜੀਵਨ ਰੂਪੀ ਮਹਾਨ 'ਨੰਦਨਬਨ' ਵਿੱਚੋਂ ਕੁਝ ਇੱਕ ਮਹਿਕਦੇ ਫੁੱਲਾਂ ਦੀਆਂ ਟਹਿਕਦੀਆਂ ਫੁਲਵਾੜੀਆਂ ਵਿੱਚੋਂ ਸੁਗੰਧਿਤ ਤੇ ਸੁਵਾਸਿਤ ਪੁਸ਼ਪਾਂ ਨੂੰ ਖੁਲ੍ਹ-ਦਿਲੀ ਨਾਲ ਖਿਲਾਰਨ-ਪ੍ਰਸਾਰਣ ਦਾ ਜਤਨ ਕੀਤਾ ਹੈ। ਸ਼ਨਿਮ੍ਰ ਬੇਨਤੀ ਹੈ ਕਿ ਆਪ ਵੀ ਉਹਨਾਂ ਦੀ ਸੁਖਾਵੀਂ ਸੁਵਾਸ ਤੇ ਖੁਸ਼-ਕੁੰਨ ਖੁਸ਼ਬੂ ਤੋਂ ਲਾਭ ਉਠਾਉਂਦੇ ਹੋਏ ਆਪ ਮਹਿਕੋ ਤੇ ਦੁਨੀਆਂ ਨੂੰ ਮਹਿਕਾਓ, ਆਪ ਮੁਸਕ੍ਰਾਓ ਤੇ ਦੁਨੀਆਂ ਨੂੰ ਮੁਸਕ੍ਰਾਉਣ ਦਾ ਢੰਗ ਸਿਖਾਓ।

# 1

# ਆਰਸ਼ ਗਿਆਨ ਦਾ ਪ੍ਰਚਾਰਕ—ਦਯਾਨੰਦ

ਅੱਜ ਸਾਰੇ ਸੰਸਾਰ ਵਿੱਚ ਅਨਿਆਇ, ਅਭਾਵ ਅਤੇ ਅਗਿਆਨ-ਅੰਧਕਾਰ ਹੈ, ਅਨਾਦਾਰ ਹੈ, ਅਪਮਾਨ ਹੈ, ਅਤਿਆਚਾਰ ਹੈ, ਆਪਾ-ਧਾਪੀ ਹੈ, ਅਨਾਤਮਤਾ ਹੈ, ਅਵਿਸ਼੍ਵਾਸ਼ ਹੈ, ਅਨੀਸ਼੍ਵਰ-ਵਾਦਿਤਾ ਹੈ, ਅਪੂਜਯ-ਪੂਜਾ ਹੈ, ਅਸੰਤੋਸ਼ ਹੈ, ਅਸ਼ਾਂਤਿ ਹੈ ਅਤੇ ਅਨਰਥ ਹੈ। ਰਾਜਾ-ਪ੍ਰਜਾ, ਸ਼ਾਸਕ -ਸ਼ਾਸਿਤ, ਹਾਕਿਮ-ਮਹਿਕੂਮ, ਗੁਰੂ-ਸਿੱਖ, ਪੜ੍ਹਾਉਣਵਾਲੇ-ਪੜ੍ਹਨਵਾਲੇ, ਅਮੀਰ-ਗਰੀਬ, ਕਾਰਖਾਨਾਦਾਰ-ਕਾਰੀਗਰ, ਰਾਜ-ਮਜ਼ਦੂਰ, ਰੁੱਝੇ ਹੋਏ-ਵਿਹਲੇ—ਸਭੇ-ਦੁਖੀ ਹਨ। ਅਸ਼ਾਂਤ ਹਨ। ਮਾਯੂਸੀ, ਨਾ-ਉਮੈਦੀ-ਨਿਰਾਸ਼ਾ ਚਹੁੰ-ਪਾਸੀਂ ਛਾਈ ਹੋਈ ਹੈ। ਹਰ ਕੋਈ ਆਪਣੀ ਹਿੰਮਤ, ਯੋਗਯਤਾ ਅਤੇ ਬੁੱਧੀ-ਬਲਦੇ ਅਨੁਸਾਰ ਸੁਖ-ਸ਼ਾਂਤਿ, ਅਮਨ-ਚੈਨ ਦੀ ਪ੍ਰਾਪਤੀ ਦਾ ਜਤਨ ਕਰਦਾ ਹੈ, ਪਰ ਸਾਰੀ ਨੱਠ-ਭੱਜਦੇ ਬਾਦ ਵੀ ਨਤੀਜ਼ਾ ਉਹੋ 'ਢਾਕ ਕੇ ਤੀਨ ਪਾਤ' ਨਾਕਾਮਯਾਬੀ, ਅਸਫਲਤਾ ਦੇ ਰੂਪ ਵਿੱਚ ਹੀ ਦ੍ਰਿਸ਼ਟੀ-ਗੋਚਰ ਹੁੰਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਜਦ ਤੱਕ ਇਹਨਾਂ ਸਭ ਉਪਦ੍ਰਵਾਂ ਅਤੇ ਦੁੱਖਾਂ ਦੇ ਮੂਲ ਕਾਰਣ ਨੂੰ ਨ ਲੱਭਿਆ ਜਾਵੇ, ਸਫਲਤਾ ਨਹੀਂ ਮਿਲ ਸਕਦੀ।

ਜਿਸ ਦਿਨ ਤੋਂ ਅਸਭਯਤਾ ਦੀ ਡੂੰਘੀ ਖੁੰਦਰ ਵਿੱਚੋਂ ਨਿਕਲ ਕੇ ਯੋਰੁਪ ਦੇ ਵਸਨੀਕ ਪਸ਼ੂਆਂ ਦੇ ਪ੍ਰਾਕ੍ਰਿਤਿਕ ਸੁਭਾਵ 'ਜਿਸ ਦੀ ਲਾਠੀ ਉਸੇ ਦੀ ਭੈਂਸ 'ਜਾਂ 'ਵੱਡੀ ਮੱਛੀ ਛੋਟੀ ਮੱਛੀ ਨੂੰ ਖਾਵੇ' (Survival of the fittest) ਅਤੇ ਇਹ ਕਿ 'ਮਨੁੱਖ ਦੇ ਆਦਿ ਪੁਰਖਾ ਬਾਂਦਰ ਸਣ' ਅਰਥਾਤ ਡਾਰਵਿਨ ਦੀ 'ਵਿਕਾਸਵਾਦ'

(Evolution theory) ਦੀਆਂ ਲੀਹਾਂ ਤੇ ਚੱਲਣ ਲੱਗੇ ਹਨ; ਜਦ ਤੋਂ ਯੂਰਪੀ ਕੌਮਾਂ ਨੇ ਧਿੱਕੋ-ਜ਼ੋਰੀ ਲਿਸੀਆਂ ਕੌਮਾਂ ਅਤੇ ਕਮਜ਼ੋਰ ਦੇਸਾਂ ਤੇ ਜ਼ਬਰਦਸਤੀ ਆਪਣੀਆਂ ਹਕੂਮਤਾਂ ਜਮਾਉਣ ਦਾ ਕੰਮ ਆਰੰਭਿਆ ਹੈ, ਤਦ ਤੋਂ ਹੀ ਸੰਸਾਰ-ਭਰ ਵਿਚ 'ਤ੍ਰਾਹੀ-ਤ੍ਰਾਹੀ ਮੱਚੀ ਹੋਈ ਹੈ। ਚੌਹਾਂ ਕੂੰਟਾਂ ਤੇ ਦਸਾਂ ਦਿਸ਼ਾਂ ਵਿਚ ਭੋਗ ਹੀ ਪ੍ਰਧਾਨ ਹੋ ਗਿਆ ਹੈ। ਮਨੁੱਖ ਧਨ ਦਾ ਦਾਸ ਬਣ ਕੇ ਇੱਕ ਬੇਜਾਨ ਮਸ਼ੀਨ ਵਾਂਗ ਦਿਨ ਰਾਤ ਰੁੱਝਾ ਰਹਿੰਦਾ ਹੈ। ਆਤਮ-ਚਿੰਤਨ, ਜਗਤ-ਕਲਿਆਣ, ਸ੍ਵਾਰਥ-ਤਿਆਗ ਅਤੇ ਪਰੋਪਕਾਰ ਦੀਆਂ ਸੁਚੱਜੀਆਂ·ਤੇ ਸੁਲੱਖਣੀਆਂ ਨੇਕ ਭਾਵਨਾਂ ਵੱਲ ਕਿਸੇ ਦਾ ਧਿਆਨ ਹੀ ਨਹੀਂ। ਮਨੁੱਖ ਨੂੰ ਮਨੁੱਖ ਤਾਂ ਸਮਝਿਆ ਹੀ ਨਹੀਂ ਜਾਂਦਾ। ਸਾਇੰਸ ਦੇ ਜ਼ਰੀਏ, ਸਭਯਤਾ ਦੇ ਨਾਉਂ ਤੇ ਵਿਕਾਸ ਦੇ ਬਹਾਨੇ ਮਨੁੱਖ ਦਾ ਲਹੂ ਬਿਲਕੁਲ ਸਸਤਾ ਹੋ ਗਿਆ ਹੈ। ਲੱਖਾਂ ਮਾਨਵਾਂ ਨੂੰ ਗੈਸ-ਚੈਂਬਰਾਂ ਵਿੱਚ ਬੰਦ ਕਰਕੇ ਮਿੰਟਾਂ ਵਿਚ ਸਮਾਪਤ ਕਰ ਦਿਤਾ ਜਾਂਦਾ ਹੈ, ਜਿਸ ਦੀ ਕੋਈ ਦਾਦ-ਫਰਿਆਦ ਨਹੀਂ। ਇਹ ਸਭ ਕੁਝ ਯੂਰਪੀ ਸਭਯਤਾ, ਯੂਰਪੀ ਪੱਧਤੀ, ਅਨਾਰਸ਼ ਗਿਆਨ ਦੇ ਪ੍ਰਭਾਵ ਅਤੇ ਆਰਸ਼ ਗਿਆਨ ਦੇ ਅਭਾਵ ਦਾ ਹੀ ਫਲ ਹੈ।

ਜਿਹਨਾਂ ਭਾਗੀ-ਭਰੇ ਸਮਿਆਂ ਵਿੱਚ ਅਜ ਤੋਂ ਸੈਂਕੜੇ-ਹਜ਼ਾਰਾਂ ਸਦੀਆਂ ਪਹਿਲੇ ਤੱਕ ਸੰਸਾਰ-ਭਰ ਤੇ ਸੁਖ, ਸ਼ਾਂਤਿ, ਕਲਿਆਣ, ਨੇਕੀ, ਭਲਿਆਈ ਅਤੇ ਦੈਵੀ ਗੁਣਾਂ ਦਾ ਰਾਜ ਸੀ, ਰਿਸ਼ੀਆਂ ਦੇ ਆਸ਼੍ਰਮਾਂ ਵਿੱਚ ਸ਼ੇਰ ਤੇ ਬਕਰੀ, ਮੋਰ ਤੇ ਸੱਪ, ਬਘਿਆੜ ਤੇ ਹਰਨ—ਸਭ—ਅਮਨ-ਚੈਨ ਨਾਲ ਜੀਵਨ ਬਿਤੀਤ ਕਰਦੇ ਸਣ। ਇਹ ਉਹ ਸੁਭਾਗਾ ਕਾਲ ਸੀ, ਜਦ ਆਰਸ਼ ਗਿਆਨ, ਆਰਯਰੀਤਿ-ਨੀਤਿ, ਆਰਯ ਸਭਯਤਾ, ਆਰਯਸੰਸਕ੍ਰਿਤਿ ਅਤੇ ਆਰਯ ਧਰਮ ਦਾ ਬੋਲ-ਬਾਲਾ ਸੀ। ਕੋਈ ਵੀ ਵਯਕਤੀ ਪਰ-ਧਨ, ਪਰ-ਦਾਰਾ, ਪਰ-ਦੇਸ, ਤੇ ਪਰ-ਰਾਜ ਵੱਲ ਟੇਢੀ ਨਿਗਾਹ ਨਾਲ ਵੇਖਦਾ ਵੀ ਨਹੀਂ ਸੀ, ਜਦ ਤੱਕ ਪੁਰਾਤਨ ਅਨੁਭਵਾਂ ਤੇ ਪ੍ਰਾਚੀਨ ਸ਼ਾਸਤ੍ਰਾਂ ਉੱਤੇ ਆਧਾਰਿਤ ਮਰਯਾਦਾ ਮੁੜ ਸਥਾਪਿਤ ਨਹੀਂ ਹੋ ਜਾਂਦੀਆਂ, ਤਦ ਤੱਕ ਦੁਨੀਆਂ ਵਾਲਿਆਂ ਨੂੰ ਸੁਖ ਦਾ ਸਾਹ ਨਸੀਬ ਨਹੀਂ ਹੋ ਸਕਦਾ। ਜਦ ਤੱਕ ਪ੍ਰਾਚੀਨ ਆਰਸ਼ ਆਦਰਸ਼ਾਂ ਦੀ ਅਮਲੀ ਵਰਤੋਂ ਨਹੀਂ ਕੀਤੀ ਜਾਂਦੀ, ਤਦ ਤੱਕ ਸੰਸਾਰੀ ਲੋਕਾਂ ਦੀ ਇਹ ਅਸੀਮ ਅਸ਼ਾਂਤਿ ਦੂਰ ਨਹੀਂ ਹੋ ਸਕਦੀ। ਇਸ ਆਰਸ਼ ਗਿਆਨ ਦੇ ਪ੍ਰਚਾਰ ਦੇ ਬਗ਼ੈਰ ਵਿਸ਼੍ਵਵਿਆਪਣੀ ਅੰਧੇਰ-ਗਰਦੀ ਨਹੀਂ ਹਟ ਸਕਦੀ।

ਕਾਲਿੰਦੀ (ਜਮੁਨਾ) ਦੇ ਕੰਢੇ ਤੇ, ਯੋਗੀਰਾਜ ਸ੍ਰੀ ਭਗਵਾਨ ਕ੍ਰਿਸ਼ਨ ਦੀ ਜਨਮ-ਭੂਮੀ-ਮਥੁਰਾ—ਵਿੱਚ, ਰਿਸ਼ੀਆਂ ਦੇ ਪ੍ਰਾਚੀਨ-ਧਰਮ-ਪ੍ਰਧਾਨ ਪੰਜਾਬ-ਪ੍ਰਦੇਸ਼ ਵਿੱਚ ਪ੍ਰਾਦੁਰਭੂਤ ਸੂਰਦਾਸ ਸ੍ਵਾਮੀ ਵਿਰਜਾਨੰਦ ਨੇ **ਆਰਸ਼ ਗਿਆਨ, ਆਰਸ਼ ਸ਼ਾਸਤ੍ਰ ਪ੍ਰਤਿਸ਼ਠਾ, ਆਰਯ ਪਾਠ-ਪੱਧਤੀ** ਆਦਿ ਦਾ ਅਨੁਭਵ ਕੀਤਾ । ਉਹ ਆਪਣੀ ਕੁਟੀਆ ਵਿੱਚ ਬੈਠਾ ਸੋਚਦਾ-ਟਟੋਲਦਾ ਰਹਿੰਦਾ ਸੀ ਕਿ "ਮੈਂ ਅੱਖਾਂ ਤੋਂ ਵਿਰਵਾ, ਬੁੱਢਾ, ਕਮਜ਼ੋਰ ਸੇਹਤ ਦੇ ਕਾਰਣ ਖ਼ੇਤ੍ਰ ਵਿਚ ਉਤਰ ਕੇ ਅਨਾਰਸ਼ ਗ੍ਰੰਥਾਂ, ਅਨਾਰਸ਼ ਆਦਰਸ਼ਾਂ, ਅਨਾਰਸ਼ ਝਗੜਿਆਂ,-ਝਮੇਲਿਆਂ ਦਾ ਨਿਰਾਕਰਣ ਨਹੀਂ ਕਰ ਸਕਦਾ । ਸਰਵਗ੍ਯ ਪਰਮਾਤਮਾ ਨੇ ਉਹਦੀ ਮੂਕ-ਪੁਕਾਰ ਸੁਣੀ । ਭਾਰਤ-ਵਿਆਪੀ ਮਹਾਨ ਰਾਜ-ਕ੍ਰਾਂਤਿ ਦੀ ਅਫ਼ਲਤਾ ਤੋਂ ਝਬਦੇ ਹੀ ਬਾਦ ਅਚਾਨਕ ਇੱਕ ਹ੍ਰਿਸ਼ਟ-ਪੁਸ਼ਟ, ਜਤੀ-ਤਪੀ, ਆਦਿਤ੍ਯ ਬ੍ਰਹਮਚਾਰੀ ਸ੍ਵਾਮੀ ਦਯਾਨੰਦ ਸਰਸ੍ਵਤੀ ਨੇ ਭਰ ਜਵਾਨੀ ਦੇ ਦਿਨਾਂ ਵਿੱਚ ਸ੍ਵਾਮੀ ਵਿਰਜਾਨੰਦ ਦਾ ਸ਼ਿਸ਼੍ਯ ਬਣਨ ਦੀ ਅਭਿਲਾਸ਼ਾ ਨਾਲ ਉਹਨਾਂ ਦੀ ਕੁੰਡੀ ਜਾ ਖੜਕਾਈ । ਬਾਹਰ ਦੀਆਂ ਅੱਖਾਂ ਬੰਦ ਹੋਣ ਦੇ ਬਾਵਜੂਦ ਦਯਾਨੰਦ ਵਰਗਾ ਵਿਦ੍ਯਾਰਥੀ ਲੱਭਦੇ ਸਾਰ ਹੀ ਉਹਨੂੰ ਚਾਰ-ਚੁਫੇਰੇ ਇੱਕ ਦਿਵ੍ਯ ਪ੍ਰਕਾਸ਼ ਦਿੱਸਣ ਲਗ ਪਿਆ; ਉਹਦੀ ਚਿਰੋਕੀ ਇੱਛਿਆ ਪੂਰੀ ਹੁੰਦੀ ਦਿੱਸਣ ਲਗ ਪਈ; ਉਹਦੀ ਮੁਰਝਾਈ ਹੋਈ, ਕੁਮ੍ਹਲਾਈ ਹੋਈ ਆਸ਼ਾ-ਲਤਾ ਨਵੇਂ ਸਿਰਿਉਂ ਹਰੀ ਭਰੀ ਹੋ ਗਈ । ਉਹਦੇ ਪਾਸ ਜਿਤਨੀ ਵ੍ਯਾਕਰਣ-ਵਿਦ੍ਯਾ, ਜਿਤਨਾ ਸੰਸਕ੍ਰਿਤ-ਗਿਆਨ, ਜਿਤਨਾ ਅਧਿਆਤਮ-ਚਿੰਤਨ, ਆਰਸ਼-ਪ੍ਰਕਾਸ਼, ਵੈਦਿਕ-ਵਾਙਮਯ, ਜਿਤਨਾ ਯੁਕਤੀ-ਸਮੂਹ, ਜਿਤਨਾ ਪ੍ਰਮਾਣ-ਭੰਡਾਰ ਪੰਜਾ-ਸੱਤਾਂ ਦਹਾਕਿਆਂ ਤੋਂ ਜੁੜਿਆ-ਜੁੜਾਇਆ, ਸਾਂਭਿਆ-ਸੰਭਾਲਿਆ ਪਿਆ ਸੀ, ਉਹਨੇ ਉਦਾਰਤਾ, ਖੁਲ੍ਹ-ਦਿਲੀ, ਮਾਨਸਿਕ-ਪ੍ਰਸੰਨਤਾ, ਹਾਰਦਿਕ ਅਹਲਾਦ ਅਤੇ ਮਨ-ਮਰਜ਼ੀ ਨਾਲ ਸਾਰੇ ਦਾ ਸਾਰਾ ਸ੍ਵਾਮੀ ਦਯਾਨੰਦ ਸਰਸ੍ਵਤੀ ਨੂੰ ਸੱਚਾ ਪਾਤ੍ਰ ਸਮਝਕੇ ਉਹਦੇ ਅੱਗੇ ਢੇਰ ਕਰ ਦਿੱਤਾ । ਜਿਸ ਵੇਲੇ, ਵਿਦ੍ਯਾ ਸਮਾਪਤੀ ਦੇ ਸਮੇਂ ਸ੍ਵਾਮੀ ਦਯਾਨੰਦ ਗੁਰੂ ਦੱਖਣਾ ਪੇਸ਼ ਕਰਨ ਲੱਗੇ ਤਾਂ ਸ੍ਵਾਮੀ ਵਿਰਜਾਨੰਦ ਨੇ ਆਪਣੇ ਯੋਗ੍ਯ ਸ਼ਾਗਿਰਦ ਨੂੰ ਆਯੂ ਭਰ ਆਰਸ਼ ਗਿਆਨ ਤੇ ਆਰਸ਼ ਸਾਹਿਤ੍ਯ ਦੇ ਪ੍ਰਕਾਸ਼-ਪ੍ਰਚਾਰ-ਪ੍ਰਸਾਰ ਵਿੱਚ ਜੁਟੇ ਰਹਿਣ ਦਾ ਸੰਦੇਸ਼-ਆਦੇਸ਼ ਦਿਤਾ ਸੀ, ਤਾਂ ਸ੍ਵਾਮੀ ਦਆਨੰਦ ਨੇ 'ਤਥਾਸਤੁ' ਕਹਿਕੇ ਸਿਰ ਝੁਕਾ ਦਿੱਤਾ ਸੀ । ਹੁਣ ਬਰਖ਼ੁਰਦਾਰ ਚੇਲੇ ਸ੍ਵਾਮੀ ਦਯਾਨੰਦ ਨੇ ਗੁਰੂ ਜੀ ਨਾਲ ਕੀਤੀ ਪ੍ਰਤਿਗ੍ਯਾ, ਗੁਰੂ ਜੀ ਨੂੰ ਦਿੱਤੇ ਵਚਨ ਦੀ ਪੂਰਤੀ ਲਈ ਕਿਹੜੀ ਔਕੜ ਹੈ ਜਿਹੜੀ

ਨ ਸਹੀ ਹੋਵੇ; ਕਿਹੜੀ ਮੁਸੀਬਤ ਹੈ ਜੋ ਬਰਦਾਸ਼ਤ ਨ ਕੀਤੀ ਹੋਵੇ—ਗਾਲੀਆਂ, ਬਦਨਾਮੀਆਂ, ਤੁਹਮਤਾ, ਲਾਂਛਨ, ਧੌਲ-ਧੱਪਾ, ਧੌਂਸਾਂ, ਧਮਕੀਆਂ, ਡਾਂਗਾਂ, ਲਾਠੀਆਂ, ਇੱਟਾਂ, ਰੋੜੇ, ਤਲਵਾਰਾਂ, ਵਿਹੁਲੇ ਸੱਪ, ਵਿਸ਼ ਭਰੇ ਪਾਨ ਤੇ ਮਿਠਿਆਈਆਂ ਅਤੇ ਅੰਤ ਨੂੰ ਜ਼ਹਿਰ ਹਲਾਹਲ ਦੇ ਪਿਆਲੇ—ਸਭ—ਪ੍ਰਭੂ ਦੀ ਇੱਛਿਆ ਸਮਝਕੇ ਗੱਟ-ਗੱਟ ਪੀ ਜਾਣ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਕ੍ਰਿਤਘਨ ਹੋਵੇਗਾ ਸੰਸਾਰ, ਨਾਸ਼ੁਕਰ ਗੁਜ਼ਾਰ ਹੋਵੇਗੀ ਦੁਨੀਆਂ, ਪਾਪੀ ਹੋਵੇਗਾ ਮਨੁੱਖ-ਸਮਾਜ ਜੇ ਉਹ ਆਪਣੇ ਇਸ ਸਰਵ ਹਿਤਕਾਰੀ, ਕਲਿਆਣ ਦੀ ਅਭਿਲਾਖਾ ਰੱਖਣ ਵਾਲੇ ਮਹਾਮਾਨਵ ਦੁਆਰਾ ਉੱਕਰੀਆਂ ਲੀਹਾਂ ਅਤੇ ਦਰਸ਼ਾਏ ਹੋਏ ਸੱਚੇ ਮਾਰਗ ਦਾ ਅਵਲੰਬਨ ਕਰਨ ਤੋਂ ਕਿਸੇ ਵੀ ਪ੍ਰਕਾਰ ਦੀ ਅਵਗਯਾ ਕਰੇਗਾ, ਜਾਂ ਸਰਬ ਸੰਸਾਰ ਦੇ ਹਿਤ ਵਾਸਤੇ ਘਾਲੀਆਂ ਉਹਦੀਆਂ ਘਾਲਣਾਂ ਨੂੰ ਭੁੱਲ ਜਾਣ ਦੀ ਭੁੱਲ ਕਰ ਬੈਠੇਗਾ। ਅਸਲੀ ਗੱਲ ਤਾਂ ਇਹ ਹੈ ਕਿ ਜਿਨ੍ਹਾਂ ਰਿਸ਼ੀਆਂ, ਮੁਨੀਆਂ, ਜਪੀਆਂ ਤਪੀਆਂ, ਯੋਗੀਆਂ, ਮਹਾਗਿਆਨੀਆਂ ਨੇ ਪਰਮਾਤਮਾ ਦੀ ਅਮਰ-ਬਾਣੀ ਵੇਦ ਦੀਆਂ ਪਤਿਤ-ਪਾਵਨ ਰਿਚਾਂ ਨਾਲ **ਦਯੂ, ਅੰਤਰਿਕਸ਼, ਪ੍ਰਿਥਿਵੀ, ਆਪ:, ਔਸ਼ਧਿ, ਵਨਸਪਤਿ:, ਵਿਸ਼੍ਵੇਦੇਵਾ: ਬ੍ਰਹਮ, ਸਰਵੰ, ਸਰਵਤ੍ਰ ਸਰਵਦਾ ਸ਼ਾਂਤਿ ਸਥਾਪਨਾ ਦੀ ਕਾਮਨਾ ਕੀਤੀ ਹੈ** ਇਹਦੇ ਨਾਲ ਹੀ ਸਾਰੇ ਵਿਸ਼੍ਵ ਦੇ ਵਸਨੀਕਾਂ ਵਾਸਤੇ ਸ਼ਾਂਤਿ ਦੀ ਅਭਿਲਾਸ਼ਾ ਮਨ-ਮਸਤਿਸ਼ਕ ਵਿੱਚ ਰੱਖੀ ਹੈ ਅਤੇ ਫੇਰ ਸਰਬੱਤ ਲਈ, ਤਿੰਨਾਂ ਲੋਕਾਂ, ਪੰਜਾਂ ਭੂਤਾਂ, ਚਵ੍ਹਾਂ ਪ੍ਰਕਾਰ ਦੀ ਸ੍ਰਿਸ਼ਟੀ ਵਿੱਚ ਸ਼ਾਂਤਿ ਅਤੇ ਕੇਵਲ ਸ਼ਾਂਤਿ ਸਥਾਪਿਤ ਕਰਨ ਦੀ ਪ੍ਰਾਰਥਨਾ ਕੀਤੀ ਹੈ, ਉਹਨਾਂ ਹੀ ਦੇਵ ਪੁਰਖਾਂ ਦਾ ਸੱਚਾ-ਸੁੱਚਾ ਤੇ ਉੱਚਾ, ਇੱਕ ਮਾਤ੍ਰ, ਧਰਮ-ਪ੍ਰਾਣ, ਵਚਨ-ਬੱਧ, ਪ੍ਰਤਿਗਯਾ-ਪੂਰਕ, ਹਠੀਲਾ ਤੇ ਅਣਖੀਲਾ ਪ੍ਰਤਿਨਿਧਿ ਦਯਾਨੰਦ ਸਰਸ੍ਵਤੀ ਹੀ ਹੋਇਆ ਹੈ। ਕਿਉਂਕਿ ਦਯਾਨੰਦ ਸਰਸ੍ਵਤੀ ਦੇ ਪਵਿਤ੍ਰ ਜੀਵਨ ਨਾਲ 'ਸਰ੍ਵਭੂਤ ਹਿਤੇਰਤਾ:', ਸਭ ਦੀ ਕਲਿਆਣ-ਕਾਮਨਾ, 'ਤੇਰੇ ਭਾਣੇ ਸਰਬੱਤ ਦਾ ਭਲਾ', ਦੁਸ਼ਮਣਾਂ, ਵੈਰੀਆਂ, ਵਿਰੋਧੀਆਂ ਦੋਖੀਆਂ, ਜਾਨ ਲੈਣ ਦਾ ਜਤਨ ਕਰਨ ਵਾਲੇ 'ਕਉਡੇ ਰਾਖਸ਼ਾਂ' ਲਈ ਵੀ ਸ਼ੁਭ ਕਾਮਨਾਂ, ਨੇਕ ਖ੍ਵਾਹਿਸ਼, ਸਦਭਾਵਨਾਂ ਠਾਠਾਂ ਮਾਰਦੀ ਸੀ। ਉਸ ਸਰ੍ਵ ਹਿਤ-ਚਿੰਤਕ, ਆਰਸ਼ ਗਿਆਨ ਦੇ ਪ੍ਰਚਾਰਕ, ਆਰਸ਼ ਮਰਯਾਦਾ ਦੇ ਪੁਨ: ਸਥਾਪਕ, ਭਾਵ-ਭਿੰਨੀ ਆਰਸ਼ ਭਾਵਨਾਂ ਦੇ ਅਟੁੱਟ ਤੇ ਅਖੁੱਟ ਸੋਮੇ ਦੇ ਆਦੇਸ਼ਾ ਦਾ ਪਾਲਣ ਕਰਕੇ, ਉਹਦੇ ਚਮਕਾਏ ਵੇਦ ਦੇ ਸੂਰਜ ਨੂੰ ਅਰਘ ਦੇ ਕੇ, ਉਹਦੀ ਲਾਈ ਫੁਲਵਾੜੀ ਦੀਆਂ ਮਹਿਕਾਂ ਨੂੰ ਹੋਰ ਵਧੇਰੇ ਮਹਿਕਾਉਣ

ਨਾਲ ਹੀ ਸਾਡਾ, ਸਾਡੇ ਰਾਸ਼ਟ੍ਰ ਦਾ, ਸਾਡੇ ਦੇਸ਼ਦਾ, ਅਤੇ ਸਾਡੇ ਧਰਮਦਾ ਹੀ ਨਹੀਂ, ਸਗੋਂ ਸਾਰੀ ਮਾਨਵ ਜਾਤਿ ਦਾ ਭਲਾ ਹੋ ਸਕਦਾ ਹੈ। ਯੋਰੁਪੀ ਵਿਦ੍ਵਾਨਾਂ, ਰੀਸਰਚ ਸਕਾਲਰਾਂ, ਉਹਨਾਂ ਦੇ ਦੇਸੀ ਪਿੱਠੂਆਂ ਦ੍ਵਾਰਾ ਭਰਮਾਈ-ਭੁਲਾਈ, ਔਘੜ-ਰਾਹੇ ਪਾਈ ਸਾਰੇ ਸੰਸਾਰ ਦੀ ਮਾਨਵ-ਸੰਤਾਨ ਦਾ, ਸਾਰੀ ਮਨੁਖ ਬਰਾਦਰੀ ਦਾ, ਸੁਖ, ਸੰਤੋਖ, ਸ਼ਾਂਤਿ ਅਰਥਾਤ ਧਰਮ-ਅਰਥ-ਕਾਮ ਅਤੇ ਮੋਕਸ਼ ਅਥਵਾ ਅਭ੍ਯੁਦਯ ਅਤੇ ਨਿਸ਼੍ਰੇਯਸ ਨਿਰਭਰ ਹੈ।

# 2

# ਮੂਰਤੀ ਪੂਜਾ ਦਾ ਘੋਰ ਸ਼ਤ੍ਰੂ--ਦਯਾਨੰਦ

ਸ੍ਵਾਮੀ ਦਯਾਨੰਦ ਦੇ ਕਾਰਜ ਖੇਤ੍ਰ ਵਿੱਚ ਉਤਰਨ ਤੋਂ ਪਹਿਲੇ ਦੇਸ਼ਵਾਸੀ ਹਿੰਦੂਆਂ (ਆਰ੍ਯਾਂ) ਦੀ ਹਾਲਤ ਬੜੀ ਪਤਲੀ ਹੋ ਰਹੀ ਸੀ। ਇਹਨਾਂ ਵਿੱਚ ਨ ਪਰਸਪਰ-ਪ੍ਰੇਮ, ਨ ਆਪਸੀ-ਸੰਗਠਨ, ਨ ਦੇਸ਼ ਭਗਤੀ, ਨ ਸ੍ਵਦੇਸ਼ੀ ਵਸਤਾਂ ਦਾ ਪਿਆਰ; ਨ ਹਮਦਰਦੀ, ਨ ਇੱਕ-ਦੂਜੇ ਦੇ ਦੁਖ-ਸੁਖ-ਦੀ ਸਾਂਝ; ਮੁੱਕਦੀ ਗੱਲ ਇਹ ਕਿ 'ਅੱਠ ਹਿੰਦੂ ਤੇ ਨੌਂ ਚੁਲ੍ਹੇ' ਦੀ ਅਖੌਤ ਇਹਨਾਂ ਤੇ ਪੂਰੀ ਤਰ੍ਹਾਂ ਲਾਗੂ ਸੀ। ਹਿੰਦੂ (ਆਰਯ) ਉਪਰੋਕਤ ਮਨੁੱਖੀ ਗੁਣਾਂ ਤੋਂ ਵਾਂਜੇ, ਜਾਤੀਯ ਪ੍ਰੇਮ-ਪਿਆਰ ਦੀ ਭਾਵਨਾ ਤੋਂ ਖ਼ਾਲੀ, ਇਨਸਾਨੀਅਤ ਤੋਂ ਕੋਰੇ ਅਤੇ ਦਰ-ਦਰ ਦੀਆਂ ਠੋਕਰਾਂ ਖਾਣ ਜੋਗੇ ਹੀ ਰਹਿ ਗਏ ਸਣ।

ਨੀਚ ਜੂਨਾਂ ਦੇ ਪਸ਼ੂ-ਪੰਛੀਆਂ ਵਿੱਚ ਵੀ ਜਿਹੜਾ ਪਰਸਪਰ ਪ੍ਰੇਮ ਅਤੇ ਸਹਾਨੁਭੂਤਿ ਵੇਖਣ ਵਿੱਚ ਆਉਂਦੇ ਹਨ, ਹਿੰਦੂਆਂ ਵਿੱਚ ਉਹਦਾ ਸੌਵਾਂ-ਹਜ਼ਾਰਵਾਂ ਹਿੱਸਾ ਵੀ ਨਜ਼ਰ ਨਹੀਂ ਸੀ ਆਉਂਦਾ। ਉਦਾਹਰਣ ਵਝੋਂ—ਕਿਸੇ ਬਾਂਦਰ ਨੂੰ ਛੇੜਕੇ ਵੇਖੋ ਤਾਂ ਮਿੰਟਾਂ ਵਿੱਚ ਹੀ ਦਰਜਨਾਂ ਬਾਂਦਰ ਕਿਲਕਾਰੀਆਂ ਭਰਦੇ ਅਤੇ ਲੰਮੀਆਂ-ਲੰਮੀਆਂ ਪਲਾਂਗਾਂ ਮਾਰਦੇ ਇੱਕ ਥਾਂ੍ਹ ਇਕੱਠੇ ਹੋ ਜਾਣਗੇ ਅਤੇ ਚਿੜ-ਚਿੜ ਕਰਕੇ ਤੁਹਾਨੂੰ ਘੁਰਕਰਣਗੇ, ਦੰਦੀਆਂ ਚਘੌਣਗੇ, ਵੱਢਨ ਨੂੰ ਦੌੜਨਗੇ। ਜੇ ਹੋਰ ਕੁਝ ਵੀ ਨ ਸਰੇ ਤਾਂ ਤੁਹਾਡੀ ਕੋਈ ਨਿੱਕੀ-ਮੋਟੀ, ਭੈੜੀ-ਚੰਗੀ ਚੀਜ਼ ਲੈਕੇ ਕਿਸੇ ਛੱਤ ਤੇ, ਰੁੱਖ ਤੇ ਜਾ ਬੈਠਣਗੇ ਅਤੇ ਤੁਹਾਡੇ ਸਾਮ੍ਹਣੇ ਓਸ ਚੀਜ਼ ਨੂੰ ਭੰਨਣ-ਤੋੜਨ-ਘਿਸਾਉਣ ਦਾ ਜਤਨ ਕਰਨਗੇ ਅਤੇ ਤੁਹਾਨੂੰ ਚਿੜਾਉਣਗੇ।

ਇੱਕ ਕਾਂ ਨੂੰ ਢੀਮ ਮਾਰਕੇ ਵੇਖੋ, ਸੈਂਕੜੇ ਕਾਂ ਇੱਕੋ ਥਾਂ ਤੇ ਆਕੇ ਅਜਿਹੀ ਕਾਵਾਂ-ਰੌਲੀ ਪਾਉਣਗੇ ਕਿ ਤੁਹਾਨੂੰ ਆਪਸ ਮਿੱਚ ਗੱਲਬਾਤ ਕਰਨਾ ਵੀ ਅਸੰਭਵ ਕਰ ਦੇਣਗੇ।

ਪਰ ਮਨੁੱਖ ਕਹਿਲਾਉਣ ਵਾਲੇ ਇਸ ਹਿੰਦੂ ਨਾਲ ਜੇ ਕੋਈ ਦੂਸਰਾ ਬਦ-ਸਲੂਕੀ ਕਰੇ, ਇਹਨੂੰ ਲੁੱਟੇ, ਮਾਰੇ, ਕੁੱਟੇ, ਬੇਇੱਜ਼ਤ ਕਰੇ, ਤਾਂ ਕੋਲੋਂ ਲੰਘਣ ਵਾਲਾ ਕੋਈ ਹਿੰਦੂ ਨ ਉਹਦੀ ਹਿਮਾਇਤ ਕਰੇਗਾ ਅਤੇ ਨ ਉਹਦੀ ਮਦਦ ਲਈ ਆਪਣੀ ਚੀਚੀ ਉਂਗਲੀ ਵੀ ਹਿਲਾਇਗਾ, ਸਗੋਂ ਟਿਚਕਰਾਂ ਕਰੇਗਾ, ਮਖੌਲ ਉਡਾਇਗਾ ਅਤੇ ਆਪਣੇ ਹਿੰਦੂ-ਭਰਾ ਨੂੰ ਕੁਟੀਂਦਾ ਵੇਖਕੇ ਹੱਸੇਗਾ, ਮੁਸਕਰਾਇਗਾ ਤੇ ਪ੍ਰਸੰਨਤਾ ਪ੍ਰਗਟ ਕਰੇਗਾ ਅਤੇ ਰਾਹੇ ਪੈ ਜਾਇਗਾ।

ਹਿੰਦੂਆਂ ਦੀ ਇਸ ਦੁਰਗਤਿ, ਇਸ ਬੁਜ਼ਦਿਲੀ, ਇਸ ਕਾਇਰਤਾ, ਇਸ ਨਾਮਰਦੀ ਅਤੇ ਇਸ ਮਨੁੱਖਤਾ ਤੋਂ ਗਿਰਾਵਟ ਦਾ ਪ੍ਰਧਾਨ ਕਾਰਣ ਅਸਾਡੇ ਵਿਚਾਰ ਵਿੱਚ ਇੱਕ ਅਜਰ, ਅਮਰ, ਅਭਯ, ਅਨਾਦਿ, ਅਨੰਤ ਪਰਮਪਿਤਾ ਪਰਮੇਸ਼ੂਰ ਦੀ ਪੂਜਾ ਨੂੰ ਛੱਡਕੇ 'ਲੋਗਨ ਰਾਮ ਖਿਲੌਨਾ ਜਾਨਾ' ਦੇ ਅਨੁਸਾਰ ਆਪਣੀ ਮਨ-ਮਰਜ਼ੀ ਦੇ ਰੱਬ, ਮਨ-ਚਿੰਦੇ ਦੇਵਤਾ ਘੜ-ਘੜਕੇ, ਥਾਂ-ਥਾਂ ਤੇ ਅਨੇਕ ਪ੍ਰਕਾਰ ਦੇ ਮੰਦਿਰ ਬਣਾਕੇ, ਉਹਨਾਂ ਬਣਾਵਟੀ ਰੱਬਾਂ ਜਾਂ ਇਸ਼ਟ ਦੇਵਾਂ ਦਾ 'ਆਵਾਹਨ, ਪ੍ਰਤਿਸ਼ਠਾ, ਪੂਜਾ-ਅਰਚਾ ਅਤੇ ਵਿਸਰਜਨ' ਆਦਿ ਖੇਡਾਂ ਵਿੱਚ ਮਨੁੱਖੀ ਜੀਵਨ ਨੂੰ ਬਿਅਰਥ ਨਾਸ਼ ਕਰਨਾ ਹੀ ਹੈ। ਸੁਾਮੀ ਦਯਾਨੰਦ ਸਰਸੂਤੀ ਨੇ ਏਸ ਸੱਚਾਈ ਨੂੰ ਆਪਣੀ ਬਾਲ-ਵਰੇਸ ਵਿੱਚ ਹੀ ਜਾਖਿਆਤ ਕਰ ਲਿਆ ਸੀ ਕਿ 'ਮੂਰਤਿ ਪੂਜਾ ਦੇ ਬਰਾਬਰ ਕੋਈ ਪਾਪ, ਕੋਈ ਉਪਦ੍ਰਵ, ਕੋਈ ਭੈੜ, ਦੇਸ਼ ਤੇ ਜਾਤਿ ਨੂੰ ਆਕਾਸ਼ ਤੋਂ ਥੱਲੇ ਸੁੱਟਕੇ ਰਸਾਤਲ ਵਿੱਚ ਪਹੁੰਚਾਉਣ ਦਾ ਕਾਰਣ ਨਹੀਂ। ਉਹਨਾਂ ਦੇ ਪ੍ਰਾਦੁਰਭਾਵ ਤੋਂ ਪੂਰਬ ਵੀ ਕਈ ਪਤਵੰਤੇ ਹਿੰਦੂ ਨੇਤਾਵਾਂ, ਸੰਤਾਂ, ਮਹੰਤਾ, ਗੁਰੂਆਂ ਨੇ ਮੂਰਤਿ ਪੂਜਾ ਦਾ ਖੰਡਨ ਜ਼ਰੂਰ ਕੀਤਾ; ਪਰੰਤੂ ਜਿਸ ਤੇਜ਼ੀ ਨਾਲ, ਜਿਸ ਤੇਜ਼ ਰਫ਼ਤਾਰੀ ਜਾਂ ਜਿਸ ਤੀਬ੍ਰਗਤਿ ਨਾਲ, ਜਿਸ ਦਿਲੀ ਲਗਨ ਨਾਲ, ਜਿਸ ਤਰ੍ਹਾਂ ਸਿਰ ਤੇ ਖੱਫਣ ਬੰਨ੍ਹ ਕੇ ਇਸ ਪਾਪ ਦਾ ਖੰਡਨ ਸੁਾਮੀ ਦਯਾਨੰਦ ਨੇ ਕੀਤਾ, ਉਹ ਕਿਸੇ ਹੋਰ ਦੇ ਹਿੱਸੇ ਵਿੱਚ ਨਹੀਂ ਆਇਆ। ਜਿਸ ਪ੍ਰਕਾਰ ਮੂਰਤਿਪੂਜਾ ਖੰਡਨ ਨੂੰ ਆਪਣੇ ਜੀਵਨ ਦੇ ਪ੍ਰਧਾਨ ਉੱਦੇਸ਼ਾਂ ਵਿੱਚ ਸੁਾਮੀ ਦਯਾਨੰਦ ਨੇ ਸ਼ਾਮਿਲ ਕੀਤਾ, ਇਹਦੇ ਨਾਸ਼ ਕਰਨ ਦਾ ਬੀੜਾ

ਉਠਾਇਆ, ਉਸ ਤਰ੍ਹਾਂ ਕਿਸੇ ਹੋਰ ਦਾ ਹੌਸਲਾ ਨਹੀਂ ਪਿਆ। ਇਹਦੇ ਖੰਡਨ ਲਈ ਆਪਣੇ ਅਨੂਠੀਆਂ ਦਲੀਲਾਂ ਦਿੰਦੇ ਹੋਏ ਸਤਿਆਰਥ ਪ੍ਰਕਾਸ਼ ਦੇ ਗਿਆਰ੍ਹਵੇਂ ਸਮੁੱਲਾਸ ਵਿੱਚ ਲਿਖਿਆ—"1. ਸਾਕਾਰ ਵਿੱਚ ਮਨ ਕਦੀ ਨਹੀਂ ਟਿਕਦਾ (2) ਕ੍ਰੋੜਾਂ ਰੁਪਏ ਮੰਦਿਰਾਂ ਤੇ ਖ਼ਰਚ ਹੁੰਦੇ ਹਨ (3) ਮੰਦਿਰਾਂ ਵਿੱਚ ਵਿਭਚਾਰ, ਲੜਾਈ-ਬਖੇੜੇ ਹੋ ਸਕਦੇ ਹਨ (4) ਪੁਰਸ਼ਾਰਥ ਨਸ਼ਟ ਹੋ ਜਾਂਦਾ ਹੈ ਆਲਸ ਘੇਰ ਲੈਂਦਾ ਹੈ (5) ਸੰਗਠਨ ਦਾ ਨਾਸ਼ ਹੁੰਦਾ ਹੈ (6) ਮੂਰਤਿ ਦੇ ਭਰੋਸੇ ਦੁਸ਼ਮਨਾਂ ਕੋਲੋਂ ਹਾਰਾਂ ਹੁੰਦੀਆਂ ਰਹੀਆਂ ਹਨ (7) ਰੱਬ ਦੇ ਨਾਉਂ ਤੇ ਪੱਥਰ ਧਰਨ ਵਾਲਿਆਂ ਦਾ ਨਾਸ਼ ਹੁੰਦਾ ਹੈ (8) ਭਰਮਾਂ ਵਿੱਚ ਫਸਕੇ ਮੁਕਤੀ ਲੱਭਦੇ ਹੋਏ ਦੇਸਾਂ ਪਰਦੇਸਾਂ ਵਿੱਚ ਖੱਜਲ ਹੋਣਾਂ ਪੈਂਦਾ ਹੈ (9) ਕੁਪਾਤ੍ਰ ਪੁਜਾਰੀ ਦਾਨ ਦਾ ਪੈਸਾ ਪਾਪਾਂ ਵਿੱਚ ਖ਼ਰਚ ਕਰਦੇ ਹਨ। ਇਹਦਾ ਪਾਪ ਦਾਨੀ ਨੂੰ ਲੱਗਦਾ ਹੈ (10) ਵੱਡੇ ਵਡੇਰਿਆਂ ਦੇ ਸਤਿਕਾਰ ਨੂੰ ਛੱਡ ਕੇ ਪੱਥਰ ਦੀ ਪੂਜਾ ਕਰਕੇ ਕ੍ਰਿਤਘਨਤਾ ਦਾ ਅਪਰਾਧ ਲੱਗਦਾ ਹੈ (11) ਜੋ ਮੂਰਤੀ ਨੂੰ ਕੋਈ ਬੁਤ-ਸ਼ਿਕਨ ਤੋੜ ਦੇਵੇ ਤਾਂ ਦੁੱਖ ਪ੍ਰਾਪਤ ਹੁੰਦਾ ਹੈ, (12) ਪੁਜਾਰੀ ਪਰ-ਦਾਰਾ ਭੋਗੀ ਅਤੇ ਨਤੀਜੇ ਵਿੱਚ ਪੁਜਾਰਿਨ੍ਹ ਪਰ-ਪੁਰਖ-ਰਤ ਹੋ ਜਾਂਦੀ ਹੈ। (13) ਮੰਦਿਰ ਦੇ ਮਾਲਿਕ ਤੇ ਪੁਜਾਰੀ ਦੇ ਦਰਮਿਆਨ ਵੈਰ ਵੱਧ ਜਾਂਦਾ ਹੈ (14) ਜੜ ਮੂਰਤਿ ਦਾ ਧਿਆਨ ਕਰਦੇ ਰਹਿਣ ਵਾਲੇ ਦੀ ਬੁੱਧੀ ਜੜ ਹੋ ਜਾਂਦੀ ਹੈ (15) ਸੰਸਾਰ ਨੂੰ ਕਈਆਂ ਦਿਨਾਂ ਤੱਕ ਸੁਗੰਧਿਤ ਰੱਖਣ ਵਾਲੇ ਫੁੱਲਾਂ ਨੂੰ ਤੋੜਕੇ ਪੱਥਰਾਂ ਤੇ ਚੜ੍ਹਾਉਨ ਨਾਲ ਸੰਸਾਰ ਨੂੰ ਸੁਗੰਧੀ ਤੋਂ ਵਾਂਜਿਆ ਕੀਤਾ ਜਾਂਦਾ ਹੈ (16) ਪੱਥਰ ਤੇ ਅਰਪਣ ਕੀਤੇ ਫੁੱਲ, ਚੰਦਨ, ਚਾਵਲ ਆਦਿ ਪਦਾਰਥ ਪਾਣੀ ਵਿੱਚ ਸੜ-ਗਲ ਕੇ ਦੁਰਗੰਧ ਖਿੰਡਾਉਂਦੇ ਅਤੇ ਓਸ ਚਿਕੜ-ਜਿਹੇ ਵਿੱਚ ਅਨੇਕਾਂ ਜੀਵ-ਜੰਤੂ ਪੈਦਾ ਹੋ ਕੇ ਅਤੇ ਮਰਕੇ ਵੱਡੀ ਦੁਰਗੰਧ ਫੈਲਾਉਂਦੇ ਹਨ। ਇਹੋ ਜਿਹੇ ਕਈ ਮੂਰਤਿ ਪੂਜਾ ਦੇ ਕਰਨ ਵਿੱਚ ਦੋਸ਼ ਆਉਂਦੇ ਹਨ। ਇਸ ਕਾਰਣ ਸੱਜਣ ਪੁਰਖਾਂ ਲਈ ਮੂਰਤੀ ਦੀ ਪੂਜਾ ਤਿਆਗਣ ਯੋਗ ਹੈ। ਅਤੇ ਜਿਹਨਾਂ ਨੇ ਮੂਰਤੀਆਂ ਦਾ ਪੂਜਨ ਕੀਤਾ, ਕਰਦੇ ਹਨ ਅਤੇ ਕਰਨਗੇ ਉਹ ਉਪਰੋਕਤ ਦੋਸ਼ਾਂ ਤੋਂ ਬਚੇ, ਨ ਬਚਦੇ ਹਨ ਅਤੇ ਨ ਬਚਣਗੇ।" ਸੁਆਮੀ ਦਯਾਨੰਦ ਦੁਆਰਾਂ ਮੂਰਤਿ ਪੂਜਨ ਦਾ ਖੰਡਨ ਨਿਸ਼ਚਿਤ ਰੂਪ ਵਿੱਚ ਇਸ ਜ਼ੋਰ ਨਾਲ ਕੀਤਾ ਗਿਆ ਕਿ ਮੂਰਤਿ-ਪੂਜਕ ਘਬਰਾ ਉੱਠੇ, ਚੌਂਕ ਪਏ, ਚਿੱਲਾ ਉਠੇ, ਸ਼ਾਸਤ੍ਰਾਰਥਾਂ ਅਥਵਾ ਸੰਕਾ-

ਸਭਾਧਾਨਾਂ-ਮੁਬਾਹਿਸਿਆਂ ਵਿੱਚ ਕੋਈ ਪੇਸ਼ ਨਾ ਜਾ ਸਕਣ ਕਰਕੇ, ਮੂਰਤਿ-ਪੂਜਾ ਦੇ ਮੰਡਨ ਵਿੱਚ ਚਹੁ ਵੇਦਾਂ ਦੇ ਵੀਹ ਹਜ਼ਾਰ ਮੰਤ੍ਰਾਂ ਵਿੱਚੋਂ ਇੱਕ ਵੀ ਵੇਦ ਮੰਤ੍ਰ ਨਾ ਢੂੰਢ ਸਕਣ ਕਰਕੇ, ਵੱਡੇ-ਵੱਡੇ ਦਿਗ-ਗਜ ਪੰਡਿਤਾਂ, ਮਠਾਧੀਸ਼ਾਂ, ਧਰਮਧ੍ਵਜੀ ਬ੍ਰਾਹਮਣਾਂ ਅਤੇ ਤੀਰਥ ਪੁਰੋਹਿਤਾਂ ਨੂ ਮੂੰਹ ਦੀ ਖਾਣੀ ਪਈ। ਏਸ ਕਰਕੇ ਉਹ ਸਭ ਹੋਛੇ-ਹਥਿਆਰਾਂ ਤੇ ਉਤਰ ਆਏ—ਸ੍ਵਾਮੀ ਦਯਾਨੰਦ ਨੂੰ ਗਾਲ੍ਹਾਂ ਕੱਢੀਆਂ, ਇੱਟਾਂ, ਰੋੜੇ-ਕੰਕਰ ਮਾਰੇ, ਲਾਠੀਆਂ-ਤਲਵਾਰਾਂ ਚਲਾਈਆਂ, ਜ਼ਹਿਰੀਲੇ ਪਾਨ ਖੁਆਏ, ਵਿਹੁਲੇ ਫਨੀਅਰ-ਸੱਪਾਂ ਕੋਲੋਂ ਡਸਾਉਣ ਦੇ ਯਤਨ ਕੀਤੇ, ਵਿਸ਼ ਭਰੇ ਭੋਜਨ ਛਕਾਉਣ ਤੋਂ ਵੀ ਨ ਟਲੇ; ਰਾਜਿਆਂ-ਮਹਾਰਾਜਿਆਂ-ਮਹੰਤਾਂ ਨੇ ਮੂਰਤੀ ਪੂਜਾ ਛੱਡ ਦੇਣ ਤੇ ਸ੍ਵਾਮੀ ਜੀ ਨੂੰ ਵਜ਼ੀਫ਼ੇ, ਇਨਾਮ, ਮਹੰਤੀਆਂ ਅਤੇ ਲੱਖਾਂ ਰੁਪਇਆ ਦੀ ਆਮਦਨ ਵਾਲੀਆਂ ਜਾਇਦਾਦਾਂ-ਗੱਦੀਆਂ ਪੇਸ਼ ਕੀਤੀਆਂ, ਪਰੰਤੂ ਸ੍ਵਾਮੀ ਦਯਾਨੰਦ ਮੂਰਤੀ ਪੂਜਾ ਦਾ ਇਤਨਾ ਸਖ਼ਤ ਜਾਨੀ-ਦੁਸ਼ਮਨ ਸੀ ਕਿ ਇਹਨਾਂ ਸਾਰੀਆਂ ਧੌਂਸ਼ਾਂ-ਧਮਕੀਆਂ, ਲੋਭਾਂ-ਲਾਲਚਾਂ ਅਤੇ ਅਵਤਾਰ ਮੰਨ ਲੈਣ ਦੇ ਪ੍ਰਲੋਭਨਾਂ ਦਾ ਉਹਨਾਂ ਤੇ ਰੰਚਕ ਮਾਤ੍ਰ ਵੀ ਪ੍ਰਭਾਵ ਨਹੀਂ ਪਿਆ, ਅਤੇ ਉਹ ਆਪਣੇ ਨਿਸ਼ਚਿਤ ਪੱਖ ਤੇ ਪਰਲੋਕ ਗਮਨ ਤੱਕ ਬਰਾਬਰ ਡਟੇ ਰਹੇ, ਇੱਕ ਵਾਲ ਭਰਵੀ ਪਿਛਾਂਹ ਨਹੀਂ ਹਟੇ, ਸਗੋਂ ਉਹਨਾਂ ਦੇ ਜ਼ੋਰਦਾਰ ਖੰਡਨ ਅਭਿਯਾਨ ਤੋਂ ਪ੍ਰਭਾਵਿਤ ਹੋਕੇ ਅਣਗਣਿਤ ਆਦਮੀਆਂ ਨੇ ਮੂਰਤੀ ਪੂਜਾ ਕਰਨਾ ਛੱਡ ਦਿੱਤਾ; ਉਹਨਾਂ ਦੇ ਸਾਮ੍ਹਣੇ ਹੀ ਆਪਣੇ ਇਸ਼ਟ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਗੰਗਾ ਮਾਈਆ ਦੇ ਹਵਾਲੇ ਕਰ ਦਿੱਤਾ। ਪੰਡਿਤ ਹੀਰਾ ਵੱਲਭ ਓਝਾ, ਜਿਸਨੇ ਸ਼ਾਸਤ੍ਰਾਰਥ ਦੇ ਸਮੇਂ ਆਪਣੇ ਇਸ਼ਟ ਦੇਵੀ-ਦੇਵਤਿਆਂ ਨਾਲ ਭਰਿਆ ਅਤੇ ਸੱਜਿਆ ਹੋਇਆ ਪਰਯੰਕ (ਚੌਕੀ) ਸਾਮ੍ਹਣੇ ਰੱਖਕੇ ਪ੍ਰਤਿਗਯਾ ਕੀਤੀ ਸੀ ਕਿ ਮੈਂ ਅੱਜ ਦਯਾਨੰਦ ਦੇ ਹੱਥੋਂ ਇਹਨਾਂ ਨੂੰ ਭੋਗ ਲਵਾਂ ਕੇ ਹੀ ਉੱਠਾਂਗਾ, ਸ਼ਾਸਤ੍ਰਾਰਥ ਵਿੱਚ ਸ੍ਵਾਮੀ ਜੀ ਦੀਆਂ ਦਲੀਲਾਂ ਅਤੇ ਪ੍ਰਮਾਣਾਂ ਤੋਂ ਲਾਚਾਰ ਹੋ ਕੇ ਘਰ ਜਾਣ ਤੋਂ ਪਹਿਲਾਂ ਹੀ, ਮੂਰਤੀਆਂ ਦਾ ਉਹ ਸੱਜਿਆ-ਸਜਾਇਆ ਪਰਯੰਕ (ਸਿੰਘਾਸਨ) ਗੰਗਾ ਦੀਆਂ-ਲਹਿਰਾਂ ਦੇ ਹਵਾਲੇ ਕਰ ਦਿਤਾ ਸੀ। ਇਹਨਾਂ ਅਤੇ ਹੋਰ ਕਈ ਕਾਰਣਾਂ ਕਰਕੇ ਅਸੀਂ ਇਹ ਕਹਿਣ ਦਾ ਹੀਆ-ਹੌਸਲਾ ਕਰਦੇ ਹਾਂ ਕਿ ਸ੍ਵਾਮੀ ਦਯਾਨੰਦ ਨਾਲੋਂ ਮੂਰਤੀ-ਪੂਜਾ ਦੇ ਵਧੇਰਾ ਤੇ ਵਡੇਰਾ ਕੱਟਰ ਦੁਸ਼ਮਨ ਘੋਰ ਸ਼ਤ੍ਰੂ ਅਜੇ ਤੱਕ ਸੰਸਾਰ ਵਿੱਚ ਪੈਦਾ ਨਹੀਂ ਹੋਇਆ।

---

# 3

# ਅਖੰਡ ਬ੍ਰਹਮਚਾਰੀ—ਦਯਾਨੰਦ

ਸ੍ਵਾਮੀ ਦਯਾਨੰਦ ਸਰਸ੍ਵਤੀ ਦਾ ਵਿਸ਼੍ਵਾਸ ਸੀ ਕਿ ਬ੍ਰਹਮਚਰਯ ਤੋਂ ਬਗ਼ੈਰ ਮਨੁੱਖ ਦਾ ਕਿਸੇ ਵੀ ਪ੍ਰਕਾਰ ਦਾ ਕਲਿਆਣ ਨਹੀਂ ਹੋ ਸਕਦਾ, ਭਾਵੇਂ ਉਹ ਸ਼ਾਰੀਰਿਕ ਹੋਵੇ ਭਾਵੇਂ ਮਾਨਸਿਕ, ਆਰਥਿਕ ਹੋਵੇ ਭਾਵੇਂ ਆਧਯਾਤਮਿਕ। ਏਸੇ ਕਰਕੇ ਆਪ ਸਭ ਤੋਂ ਅਧਿਕ ਬਲ ਬ੍ਰਹਮਚਰਯ ਧਾਰਣ ਤੇ ਹੀ ਦਿੰਦੇ ਹੁੰਦੇ ਸਨ। ਉਹ ਵਾਰ-ਵਾਰ ਕਹਿੰਦੇ ਹੁੰਦੇ ਸਨ ਕਿ ਮੁਰਦਾ ਹਿੰਦੂਆਂ (ਆਰਯਾਂ) ਵਿੱਚ ਜੇ ਨਵੇਂ ਸਿਰਿਉਂ ਜੀਵਨ ਪੈਦਾ ਕਰਨਾ ਹੋਵੇ ਤਾਂ ਇਹਨਾਂ ਨੂੰ ਪੂਰੇ ਜਤਨ ਨਾਲ ਬ੍ਰਹਮਚਰਯ ਦੇ ਧਾਰਣ ਕਰਨ ਦੀ ਸਿਖਿਆ ਦੇਣੀ ਪਵੇਗੀ। ਆਪਨੇ ਸਤਯਾਰਥ ਪ੍ਰਕਾਸ਼ ਵਿੱਚ 24 ਵਰਖ ਤੱਕ ਬ੍ਰਹਮਚਰਯ ਬ੍ਰਤ ਧਾਰਣ ਕਰਣ ਵਾਲੇ ਨੂੰ 'ਵਸੂ', 36 ਬਰਸ ਤੱਕ ਬ੍ਰਹਮਚਾਰੀ ਰਹਿਣ ਵਾਲੇ ਨੂੰ 'ਰੁਦ੍ਰ' ਅਤੇ 48 ਸਾਲ ਤੱਕ ਅਖੰਡ ਬ੍ਰਹਮਚਰਯ ਬ੍ਰਤ ਤੇ ਅਡਿਗ ਅਤੇ ਅਡੋਲ ਰਹਿਣ ਵਾਲੇ ਨੂੰ ''ਆਦਿਤਯ' ਦੀ ਸੰਗਿਆ ਪ੍ਰਦਾਨ ਕੀਤੀ। 'ਵਸੂ' ਬ੍ਰਹਮਚਾਰੀ ਘੱਟ ਤੋਂ ਘੱਟ, 'ਰੁਦ੍ਰ' ਬ੍ਰਹਮਚਾਰੀ ਮੱਧਮ ਅਤੇ ਆਦਿਤਯ ਬ੍ਰਹਮਚਾਰੀ ਉੱਤਮ ਕੋਟੀ ਦਾ ਮੰਨਿਆ ਗਿਆ। ਆਪ ਜਨਮ-ਭਰ ਅਖੰਡ ਬ੍ਰਹਮਚਾਰੀ ਰਹੇ। ਅੱਗੇ ਲਿਖੀਆਂ ਸਤਰਾਂ ਵਿਚ ਉਹਨਾਂ ਦੇ ਅਪੂਰਵ ਬ੍ਰਹਮਚਰਯ-ਬ੍ਰਤ ਦੇ ਬਲ ਦੇ ਕੁਝ ਉਦਾਹਰਣ ਦੇਣ ਦਾ ਜਤਨ ਕੀਤਾ ਗਿਆ ਹੈ।

**1. ਤਲਵਾਰ ਦੇ ਦੋ ਟੋਟੇ**—ਗੰਗਾ ਦੇ ਕੰਢੇ-ਕੰਢੇ ਧਰਮ-ਪ੍ਰਚਾਰ ਕਰਦੇ-ਕਰਦੇ ਆਪ ਕਰਣਵਾਸ ਪਹੁੰਚੇ। ਰਾਵ ਕਰਣ ਸਿੰਘ ਨਾਉਂਦਾ ਇੱਕ ਹੈਂਕੜ-ਬਾਜ਼ ਨੌਜਵਾਨ ਰਾਜਪੂਤ ਸੀ। ਸ੍ਵਾਮੀ ਜੀ ਦ੍ਵਾਰਾ ਮੂਰਤੀ-ਪੂਜਾ ਖੰਡਨ ਤੋਂ ਚਿੜਕੇ ਇੱਕ ਦਿਨ ਉਹ ਮਿਆਨ ਵਿੱਚੋਂ ਤਲਵਾਰ ਕੱਢਕੇ ਸ੍ਵਾਮੀ ਜੀ ਤੇ ਮਾਰੂ ਪ੍ਰਹਾਰ ਕਰਨਾ ਚਾਹੁੰਦਾ ਸੀ।

ਸ੍ਵਾਮੀ ਜੀ ਨੇ ਇੱਕੋ ਝਟਕੇ ਨਾਲ ਉਹਦੇ ਹੱਥੋਂ ਤਲਵਾਰ ਖੋਹ ਲਈ ਅਤੇ ਜ਼ਮੀਨ ਤੇ ਟੇਕ ਕੇ ਦੋ ਟੋਟੇ ਕਰ ਸੁੱਟੀ। ਕਰਣ ਸਿੰਘ ਵੇਖਦਾ ਹੀ ਰਹਿ ਗਿਆ।

2. **ਦੋ ਪਹਿਲਵਾਨਾਂ ਦੀ ਦੁਰਗਤਿ**—ਕਾਸ਼ੀ ਨਿਵਾਸ ਦੇ ਦਿਨੀਂ ਇੱਕ ਦਿਨ ਆਪ ਨੇ ਇਸਲਾਮ ਦਾ ਜ਼ੋਰਦਾਰ ਖੰਡਨ ਕੀਤਾ। ਸ਼ਾਮ ਵੇਲੇ ਗੰਗਾ ਦੀ ਧਾਰਾ ਵੱਲ ਮੂੰਹ ਕਰਕੇ ਆਪਣੇ ਧਿਆਨ ਬੈਠੇ ਸਣ ਕਿ ਪਿੱਛੋਂ ਕੁਝ ਮੁਸਲਮਾਨ ਆਏ। ਉਹਨਾਂ ਵਿੱਚੋਂ ਇੱਕ ਨੇ ਆਪ ਨੂੰ ਪਛਾਣ ਕੇ ਆਪਣੇ ਸਾਥੀਆਂ ਨੂੰ ਕਿਹਾ—'ਇਹੋ ਬਾਬਾ ਸੀ, ਜਿਸਨੇ ਇਸਲਾਮ ਦਾ ਖੰਡਨ ਕੀਤਾ ਸੀ।' ਇਹ ਕਹਿੰਦੇ-ਸਾਰ ਉਹਨਾਂ ਵਿੱਚੋਂ ਦੋ ਪਹਿਲ-ਵਾਨ ਅੱਗੇ ਵਧੇ। ਇੱਕ ਨੇ ਸ੍ਵਾਮੀ ਜੀ ਦੀ ਸੱਜੀ ਕੱਛ ਵਿੱਚ ਅਤੇ ਦੂਜੇ ਨੇ ਖੱਬੀ ਕੱਛ ਵਿੱਚ ਹੱਥ ਪਾਇਆ ਤਾਂ ਜੁ ਉਹਨਾਂ ਨੂੰ ਚੁੱਕ ਕੇ ਗੰਗਾ ਵਿਚ ਡੋਬ ਦੇਣ। ਪਰੰਤੂ ਸ੍ਵਾਮੀ ਜੀ ਨੇ ਉਹਨਾਂ ਦੋਹਾਂ ਦੇ ਹੱਥਾਂ ਨੂੰ ਜ਼ੋਰ ਨਾਲ ਕੱਛਾਂ ਵਿਚ ਘੁੱਟ ਲਿਆ ਅਤੇ ਦੋਹਾਂ ਨੂੰ ਘਸੀਟਕੇ ਗੰਗਾ ਵਿਚ ਛਾਲ ਮਾਰ ਦਿੱਤੀ। ਜਦੋਂ ਉਹ ਪਾਪੀ ਗੋਤੇ ਖਾਣ ਲੱਗੇ ਤਾਂ ਆਪ ਨੂੰ ਉਹਨਾਂ ਤੇ ਤਰਸ ਆ ਗਿਆ, ਆਪ ਨੇ ਕੱਛਾਂ ਦੀ ਪਕੜ ਢਿੱਲੀ ਕਰ ਦਿੱਤੀ, ਉਹਨਾਂ ਨੂੰ ਛੱਡ ਦਿੱਤਾ ਅਤੇ ਆਪ ਲੰਮੀ ਚੁੱਭੀ ਮਾਰ ਕੇ ਅਲੋਪ ਹੋ ਗਏ। ਜਿਵੇਂ-ਕਿਵੇਂ ਉਹ ਦੋਵੇਂ ਪਹਿਲਵਾਨ 'ਜਾਨ ਬਚੀ ਤੋਂ ਲਾਖੋਂ ਪਾਏ' ਦੇ ਅਨੁਸਾਰ ਗੰਗਾ ਤੋਂ ਬਾਹਰ ਆ ਗਏ। ਫੇਰ ਉਹ ਸਾਰੇ ਮੁਸਲਮਾਨ ਹੱਥਾਂ ਵਿੱਚ ਢੀਮਾਂ-ਰੋੜੇ ਲੈ ਕੇ ਕਿਨਾਰੇ ਤੇ ਖੜੇ ਹੋ ਗਏ ਕਿ ਇਹ ਬਾਬਾ ਬਾਹਰ ਨਿਕਲੇ ਤੇ ਉਹਨੂੰ ਲਹੂ-ਲੁਹਾਨ ਕਰੀਏ; ਪਰ ਬਾਬਾ ਕਾਫ਼ੀ ਦੇਰ ਤੱਕ ਪਾਣੀ ਦੇ ਅੰਦਰ ਹੀ ਬੈਠਾ ਰਿਹਾ। ਆਖ਼ਰ ਹਨੇਰਾ ਪੈਣ ਲੱਗਾ ਤੇ ਉਹ ਉਡੀਕਦੇ-ਉਡੀਕਦੇ ਥੱਕ ਵੀ ਗਏ। ਤਦ ਇਹ ਸਮਝ ਕੇ ਕਿ ਬਾਬਾ ਦਰਿਆ-ਬੁਰਦ ਹੋ ਗਿਆ ਹੋਵੇਗਾ, ਘਰੋ-ਘਰੀ ਚਲੇ ਗਏ ਅਤੇ ਸ੍ਵਾਮੀ ਜੀ ਵੀ ਰਾਜ਼ੀ-ਬਾਜ਼ੀ ਆਪਣੇ ਆਸਣ ਤੇ ਜਾ ਪਹੁੰਚੇ।

3. **ਭਾਰ ਲੱਦਿਆ ਭਾਰੀ ਗੱਡਾ ਚਿੱਕੜ 'ਚੋਂ ਬਾਹਿਰ**—ਸ੍ਵਾਮੀ ਜੀ ਕਾਸ਼ੀ ਵਿੱਚ ਹੀ ਸਣ ਅਤੇ ਇੱਕ ਦਿਨ ਸਾਏਂ-ਸੈਰ ਕਰਨ ਲਈ ਸ਼ਹਿਰੋਂ ਬਾਹਰ ਜਾ ਰਹੇ ਸਣ। ਆਪਨੇ ਦੇਖਿਆ ਕਿ ਇੱਕ ਗੱਡੀਵਾਨ ਜਿਸਨੇ ਗੱਡੇ ਉੱਤੇ ਭਾਰੀ ਬੋਝ ਲੱਦਿਆ ਹੋਇਆ ਸੀ ਅਤੇ ਕੱਚੀ ਸੜਕ ਤੇ ਚਿੱਕੜ ਵਿੱਚ ਫਸੇ ਗੱਡੇ ਨੂੰ ਕੱਢਣ ਲਈ ਆਪਣੇ ਬੌਲਦਾਂ ਨੂੰ ਛਾਂਟੇ ਤੇ ਛਾਂਟਾ ਮਾਰੀ ਜਾ ਰਿਹਾ ਸੀ; ਪਰ ਪਹੀਏ ਅਜਿਹੇ ਜਿਲ੍ਹਣ ਵਿੱਚੇ ਧਸੇ ਹੋਏ ਸਣ ਕਿ ਬੈਲਾਂ ਦੇ ਜ਼ੋਰ ਲਾ-ਲਾ ਕੇ ਮੁੜ੍ਹਕੋ-ਮੁੜ੍ਹਕੀ ਹੋ ਕੇ ਹਫ ਜਾਣ ਦੇ ਬਾਵ-

ਜੂਦ ਇੱਕ ਇੰਚ ਵੀ ਖਿਸਕ ਨਹੀਂ ਰਹੇ ਸਣ। ਦਯਾਲੂ ਦਯਾਨੰਦ ਦੀ ਦਯਾ ਨੇ ਜੋਸ਼ ਖਾਧਾ। ਆਪ ਨੇ ਬੈਲ ਖੁਲ੍ਹਵਾ ਦਿੱਤੇ, ਚਿੱਕੜ ਵਿੱਚ ਵੜਕੇ ਅਤੇ ਗੱਡੇ ਦੇ ਜੂਲੇ ਨੂੰ ਆਪਣੇ ਬਲਵਾਨ ਮੋਢਿਆਂ ਤੇ ਰੱਖ ਕੇ ਇੱਕੋ ਹੰਭਲਾ ਮਾਰਿਆ ਤੇ ਗੱਡੇ ਨੂੰ ਚਿੱਕੜ 'ਚੋਂ ਕੱਢਕੇ ਸੁੱਕੀ ਸੜਕ ਤੇ ਲਿਆ ਖੜਾ ਕੀਤਾ।

4. **ਦੋ ਸਾਨ੍ਹਾਂ ਦੇ ਭੇੜ ਵਿੱਚ**—ਸੁਆਮੀ ਜੀ ਕਾਸਗੰਜ ਵਿੱਚ ਧਰਮ-ਪ੍ਰਚਾਰ ਲਈ ਠਹਿਰੇ ਹੋਏ ਸਣ। ਇਕ ਦਿਨ ਸੰਧਿਆ ਸਮੇਂ ਦੋ ਵਿਦਿਆਰਥੀਆਂ ਨੂੰ ਨਾਲ ਲੈ ਕੇ ਭ੍ਰਮਣ ਲਈ ਸ਼ਹਿਰੋਂ ਬਾਹਰ ਜਾ ਰਹੇ ਸਣ ਕਿ ਲੋਕਾਂ ਦੀ ਭੀੜ ਲੱਗੀ ਵੇਖੀ। ਰਸਤੇ ਬੰਦ ਹੋਏ-ਹੋਏ ਸਣ। ਪਤਾ ਲੱਗਾ ਕਿ ਦੋ ਹੱਟੇ-ਕੱਟੇ ਸਾਨ੍ਹ ਆਮੋ-ਸਾਮ੍ਹਣੇ ਖੜੇ ਲੜ ਰਹੇ ਹਨ। ਕਦੀ ਇੱਕ ਧੱਕ ਲੈਂਦਾ ਹੈ ਕਦੀ ਦੂਸਰਾ ਅਤੇ ਰਾਹੀਆਂ ਦੀਆਂ ਭੀੜਾਂ ਦੋਨੀਂ ਵੱਲੀਂ ਇਕੱਠੀਆਂ ਹੋ ਰਹੀਆਂ ਹਨ। ਸਾਥੀਆਂ ਨੇ ਸੁਆਮੀ ਜੀ ਨੂੰ ਪਿਛਾਂਹ ਮੁੜਕੇ ਦੂਜੇ ਰਸਤੇ ਬਾਹਰ ਜਾਣ ਦੀ ਬੇਨਤੀ ਕੀਤੀ; ਪਰੰਤੂ 'ਸ਼ੇਰ ਸੀਧਾ ਤੈਰਤਾ ਹੈ ਵਕਤੇ ਰਫ਼ਤਨ ਆਬ ਮੇਂ' ਦੇ ਅਨੁਸਾਰ ਆਪ ਨਿਡਰ ਹੋ ਕੇ ਸਾਨ੍ਹਾਂ ਦੇ ਯੁੱਧ-ਖੇਤ੍ਰ ਵੱਲ ਵਧੇ। ਇੱਕ ਸਾਨ੍ਹ ਦਾ ਸਿੰਗ ਆਪਣੇ ਸੱਜੇ ਹੱਥ ਨਾਲ ਤੇ ਦੂਸਰੇ ਦਾ ਆਪਣੇ ਖੱਬੇ ਹੱਥ ਨਾਲ ਫੜਕੇ ਜ਼ੋਰ ਨਾਲ ਇੱਕ ਅਜਿਹਾ ਝਟਕਾ ਦਿੱਤਾ ਕਿ ਦੋਹਾਂ ਸਾਨ੍ਹਾਂ ਦੇ ਮੂੰਹ ਅਸਮਾਨ ਵੱਲ ਹੋ ਗਏ ਅਤੇ ਉਹ ਘਬਰਾਏ ਹੋਏ ਰਾਹ ਛੱਡ ਕੇ ਤੁਰਦੇ ਹੋਏ।

5. **ਦੋ ਘੋੜਿਆਂ ਦੀ ਬੱਘੀ ਰੋਕੀ**—ਪੰਜਾਬ ਦੇ ਦੌਰੇ ਦੇ ਦੌਰਾਨ ਸੁਆਮੀ ਜੀ ਜਾਲੰਧਰ ਵੀ ਗਏ ਸਣ ਅਤੇ ਸਰਦਾਰ ਵਿਕ੍ਰਮ ਸਿੰਘ ਦੇ ਬਾਗ਼ ਵਿੱਚ ਹੀ ਠਹਿਰੇ ਸਣ। ਇੱਕ ਦਿਨ ਬ੍ਰਹਮਚਰਯ ਦੇ ਮਜ਼ਮੂਨ ਤੇ ਵਿਆਖਿਆਨ ਸਮੇਂ ਆਪ ਨੇ ਕਿਹਾ ਕਿ—"ਬ੍ਰਹਮਚਾਰੀ ਵਿੱਚ ਅਦਭੁਤ ਤੇ ਅਲੌਕਿਕ ਸ਼ਕਤੀ ਪੈਦਾ ਹੋ ਜਾਂਦੀ ਹੈ।" ਸਰਦਾਰ ਸਾਹਿਬ ਨੂੰ ਸ਼ੰਕਾ ਹੋਈ ਅਤੇ ਕਹਿਣ ਲੱਗੇ—"ਮਹਾਰਾਜ! ਆਪਦੇ ਵਚਨ ਦੀ ਸਚਿਆਈ ਕਿਵੇਂ ਪਤਾ ਲੱਗੇ!" ਉਸ ਸਮੇਂ ਤਾਂ ਸੁਆਮੀ ਜੀ ਕੁਝ ਨਹੀਂ ਬੋਲੇ। ਸ਼ਾਮ ਵੇਲੇ ਜਦੋਂ ਸਰਦਾਰ ਸਾਹਿਬ ਦੋ ਘੋੜਿਆਂ ਦੀ ਫ਼ਿਟਨ ਵਿਚ ਬੈਠਕੇ ਸੈਰ ਲਈ ਨਿਕਲੇ, ਤਾਂ ਸੁਆਮੀ ਜੀ ਨੇ ਚੁੱਪ-ਚੁਪੀਤੇ ਬੱਘੀ ਦੇ ਇੱਕ ਪਿਛਲੇ ਪਹੀਏ ਨੂੰ ਆਪਣੇ ਇੱਕ ਹੱਥ ਨਾਲ ਫੜ ਲਿਆ। ਕੋਚਵਾਨ ਘੋੜਿਆਂ ਤੇ ਚਾਬਕ ਤੇ ਚਾਬਕ ਵਰ੍ਹਾ ਰਿਹਾ ਸੀ, ਪਰ ਗੱਡੀ ਤਾਂ ਅਜਿਹੀ ਗੱਡੀ ਗਈ ਸੀ ਕਿ ਹਿੱਲਣ ਦਾ ਨਾਉਂ ਨਹੀਂ

ਸੀ ਲੈ ਰਹੀ। ਹੈਰਾਨੀ ਦੇ ਕਾਰਣ ਜਾਂ ਸਰਦਾਰ ਜੀ ਨੇ ਪਿਛਾਂਹ ਮੁੜਕੇ ਵੇਖਿਆ ਤਾਂ ਇਹ ਵੇਖ ਕੇ ਕਿ ਸੁਆਮੀ ਜੀ ਪਹੀਏ ਨੂੰ ਫੜੀ ਖਲੋਤੇ ਹਨ ਬੜੇ ਵਿਸਮਿਤ ਹੋਏ ਅਤੇ ਬ੍ਰਹਮਚਾਰੀ ਦੇ ਅਦਭੁਤ ਬਲ ਦਾ ਪ੍ਰਮਾਣ ਉਹਨਾਂ ਨੂੰ ਮਿਲ ਗਿਆ।

**6. ਪੰਜ ਸੌ ਜਵਾਨਾਂ ਨੂੰ ਬਲ-ਪ੍ਰਦਰਸ਼ਨ ਲਈ ਵੰਗਾਰ**—ਰਾਵਲ ਪਿੰਡੀ, ਜੇਹਲਮ, ਗੁਜਰਾਤ ਤੇ ਵਜ਼ੀਰਾਬਾਦ ਹੋਕੇ ਮਹਾਰਾਜ ਗੁਜਰਾਂਵਾਲੇ ਆਏ ਅਤੇ ਬ੍ਰਹਮਚਰਜ ਤੇ ਵਿਆਖਿਆਨ ਦੇ ਦੌਰਾਨ ਕਿਹਾ ਕਿ—"ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸਰਦਾਰ ਹਰੀ ਸਿੰਘ ਨਲੂਏ ਨੇ ਜ਼ਰੂਰ 25-26 ਸਾਲਾਂ ਦਾ ਬ੍ਰਹਮਚਰਜ ਧਾਰਣ ਕੀਤਾ ਹੋਵੇਗਾ, ਇਸੇ ਕਾਰਣ ਉਨ੍ਹਾਂ ਨੇ ਵਿਗੜੇ-ਤਿਗੜੇ ਸਰਹੱਦੀ ਪਠਾਣਾਂ ਨੂੰ ਆਪਣੇ ਅਪੂਰਵ ਬਾਹੂ-ਬਲ ਦਾ ਸਦਕਾ ਸਿੱਧਾ ਕਰਕੇ ਰੱਖ ਦਿੱਤਾ ਸੀ; ਕਿਉਂਕਿ ਅਖੰਡ ਬ੍ਰਹਮਚਾਰੀ ਦੇ ਸ਼ਰੀਰ ਵਿਚ ਅਣ-ਮਿਣੀ ਤੇ ਅਣ-ਤੋਲੀ ਸ਼ਕਤੀ ਪੈਦਾ ਹੋ ਜਾਂਦੀ ਹੈ। ਨਾਲ ਹੀ ਇਹ ਵੀ ਦੱਸਿਆ ਕਿ ਮੇਰੀ ਉਮਰ ਐਸ ਵੇਲੇ 51 ਬਰਸ ਦੀ ਹੋ ਗਈ ਹੈ। ਮੇਰਾ ਬ੍ਰਹਮਚਰਜ ਅਖੰਡ ਹੈ, ਜੇ ਕਿਸੇ 25-30 ਸਾਲ ਦੇ ਗੱਭਰੂ ਨੂੰ ਆਪਣੀ ਜਵਾਨੀ ਦਾ ਘਮੰਡ ਹੋਵੇ ਤਾਂ ਮੇਰੇ ਸਾਮ੍ਹਣੇ ਆਵੇ। ਮੈਂ ਉਹਦੀ ਵੀਣੀ ਫੜਦਾ ਹਾਂ, ਉਹ ਛੁੜਾ ਕੇ ਵਿਖਾਵੇ। ਜਾਂ ਮੈਂ ਆਪਣੀ ਬਾਂਹ ਉਤਾਂਹ ਨੂੰ ਖੜੀ ਕਰਦਾ ਹਾਂ, ਇਹਨੂੰ ਝੁਕਾ ਕੇ ਦਿਖਾਵੇ। ਪੰਜ ਸੌ ਦੀ ਹਾਜ਼ਰੀ ਵਿਚ ਕਈ ਸੁਹਣੇ-ਸੁਡੌਲ ਜੁੱਸਿਆਂ ਵਾਲੇ ਪਹਿਲਵਾਨ ਵੀ ਮੌਜੂਦ ਸਣ, ਪਰ ਕਿਸੇ ਦਾ ਵੀ ਇਹਨਾਂ ਦੀ ਵੰਗਾਰ ਨੂੰ ਮਨਜ਼ੂਰ ਕਰਨ ਦਾ ਹੀਆ ਨਹੀਂ ਪਿਆ।

**7. ਇਕੱਲੇ ਖੂਹ ਗੇੜ ਕੇ ਹੌਜ਼ ਭਰਿਆ**—ਇੱਕ ਪਹਿਲਵਾਨ ਨੂੰ ਆਪਣੇ ਸ਼ਾਰੀਰਕ ਬਲ ਦਾ ਬੜਾ ਘਮੰਡ ਸੀ। ਉਹ ਇਕੱਲਾ ਹੀ ਰਹਿਟ ਨੂੰ ਚਲਾਕੇ ਇੱਕ ਡੂੰਘਾ ਤੇ ਵੱਡਾ ਹੌਜ਼ ਪਾਣੀ ਨਾਲ ਭਰ ਕੇ ਨ੍ਹਾਉਂਦਾ ਹੁੰਦਾ ਸੀ। ਇੱਕ ਦਿਨ ਸ੍ਰੀ ਸੁਆਮੀ ਦਯਾ-ਨੰਦ ਜੀ ਉਸ ਖੂਹ ਵੱਲੋਂ ਸੈਰ ਵੇਲੇ ਲੰਘੇ। ਉਹ ਪਹਿਲਵਾਨ ਅਜੇ ਆਇਆ ਨਹੀਂ ਸੀ। ਆਪ ਜੀ ਨੇ ਖੂਹ ਗੇੜ ਕੇ ਉਹ ਹੌਜ਼ ਨੱਕੋ-ਨੱਕ ਭਰ ਦਿੱਤਾ ਅਤੇ ਸੈਰ ਕਰਨ ਲਈ ਅਗਾਂਹ ਚਲੇ ਗਏ। ਵਾਪਸ ਆਏ ਤਾਂ ਪਹਿਲਵਾਨ ਬੈਠਾ ਸੋਚ ਰਿਹਾ ਸੀ ਕਿ ਮੇਰੇ ਆਉਣ ਤੋਂ ਪਹਿਲੇ ਹੀ ਇਹ ਹੌਜ਼ ਕਿਸ ਨੇ ਭਰਿਆ ਹੋਊ ? ਜਾਂ ਪਤਾ ਲੱਗਾ ਕਿ ਇਹ ਤਾਂ ਸੁਆਮੀ ਜੀ ਦੀ ਸ਼ਕਤੀ ਦਾ ਕਰਿਸ਼ਮਾ ਹੈ ਤਾਂ ਹੈਰਾਨਗੀ ਨਾਲ

ਤਸਦੀਕ ਕਰਨ ਲਈ ਸ੍ਵਾਮੀ ਜੀ ਨੂੰ ਪੁੱਛਣ ਲੱਗਾ ਕਿ––"ਕੀ ਆਪ ਹੌਜ਼ ਭਰਕੇ ਥੱਕੇ ਤਾਂ ਨਹੀਂ ?" ਸ੍ਵਾਮੀ ਜੀ ਨੇ ਦੱਸਿਆ—"ਸਾਡੀ ਤਾਂ ਕਸਰਤ ਵੀ ਪੂਰੀ ਨਹੀਂ ਸੀ ਹੋਈ, ਏਸੇ ਕਰਕੇ ਸਾਨੂੰ ਭ੍ਰਮਣ ਲਈ ਅਗਾਂਹ ਜਾਣ ਦੀ ਲੋੜ ਮਹਿਸੂਸ ਹੋਈ ਸੀ।" ਇਹ ਸੁਣਕੇ ਪਹਿਲਵਾਨ ਤੇ ਬ੍ਰਹਮਜਨਤਜ ਦੇ ਬਲ ਦਾ ਸਿੱਕਾ ਬੈਨ ਗਿਆ ।

# 4

# ਪਰਮ ਸਿੱਧ ਯੋਗੀ-ਦਯਾਨੰਦ

ਪਤੰਜਲੀ ਮੁਨੀ ਨੇ ਯੋਗ ਦੇ ਅੱਠ ਅੰਗਾਂ ਦਾ ਇਉਂ ਵਰਣਨ ਕੀਤਾ ਹੈ—
1. ਯਮ, 2. ਨਿਯਮ, 3. ਆਸਣ, 4. ਪ੍ਰਾਣਾਯਾਮ, 5. ਪ੍ਰਤਯਾਹਾਰ, 6. ਧਾਰਣਾ, 7. ਧਿਆਨ ਅਤੇ 8. ਸਮਾਧੀ।

ਯੋਗੀ ਜਦ ਨਿਰੰਤਰ ਅਭਯਾਸ ਕਰਦਾ-ਕਰਦਾ ਸਮਾਧੀ ਦੀ ਅਵਸਥਾ ਤੱਕ ਪਹੁੰਚ ਜਾਂਦਾ ਹੈ, ਤਾਂ ਉਹਨੂੰ ਕੁੱਝ ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਇਹਨਾਂ ਵਿੱਚੋਂ ਪਹਿਲੀ ਸਿੱਧੀ ਨੂੰ '**ਪ੍ਰਤਿਭਾ**' ਕਹਿੰਦੇ ਹਨ। ਇਹਦੀ ਪ੍ਰਾਪਤੀ ਨਾਲ ਉਹਨੂੰ ਭੂਤ, ਭਵਿੱਖਤ ਅਤੇ ਵਰਤਮਾਨ ਦੀ ਸੋਝੀ ਹੋ ਜਾਂਦੀ ਹੈ; ਸੂਖਮ ਤੋਂ ਸੂਖਮ ਅਤੇ ਢੱਕੀਆਂ-ਕੱਜੀਆਂ, ਦੂਰ-ਦੁਰੇਡੇ ਰੱਖੀਆਂ ਵਸਤਾਂ ਪ੍ਰਤੱਖ ਹੋ ਜਾਂਦੀਆਂ ਹਨ; ਸਾਧਕ ਦੀਆਂ ਪੰਜੇ ਗਿਆਨ ਇੰਦ੍ਰੀਆਂ ਵਿੱਚ ਅਲੌਕਿਕ ਸ਼ਕਤੀਆਂ ਜਾਗ ਉਠਦੀਆਂ ਹਨ। ਸੁਆਮੀ ਦਯਾਨੰਦ ਸੰਬੰਧੀ ਕੁੱਝ ਵਿਸਮਯ-ਕਾਰਕ ਘਟਨਾਂ ਅਗੇ ਲਿਖੀਆਂ ਗਈਆਂ ਹਨ—

1. **ਜਾਣੀ-ਜਾਣ**—ਅਜਮੇਰ ਦੇ ਬਾਬੂ ਸ਼ਾਮ ਲਾਲ ਸਿੰਘ, ਅਕੌਂਟੈਂਟ ਜਨਰਲ ਰੇਲਵੇ ਦੇ ਦਫਤਰ ਵਿੱਚ ਕਲਰਕ ਸਣ। ਆਪ ਨੇ ਇੱਕ ਦਿਨ ਆਪਣੀ ਸ਼੍ਰੱਧਾ ਅਨੁਸਾਰ ਆਪਣੇ ਘਰੋਂ ਸੁਆਮੀ ਜੀ ਲਈ ਦੁੱਧ ਭਿਜਵਾਇਆ। ਨੌਕਰ ਘਰੋਂ ਦੁੱਧ ਲਿਆਉਣ ਲੱਗਾ ਤਾਂ ਬਾਬੂ ਸ਼ਾਮ ਲਾਲ ਸਿੰਘ ਦੀ ਮਾਤਾ ਨੇ ਗ਼ੁੱਸੇ ਨਾਲ ਕਿਹਾ—"**ਪਤਾ ਨਹੀਂ ਉਸ ਸਿਰਮੁੰਨੇ ਸੰਨਿਆਸੀ ਨੂੰ ਦੁੱਧ ਕਿਉਂ ਪਿਆਉਂਦਾ ਹੈ ?**" ਜਾਂ ਨੌਕਰ ਸੁਆਮੀ ਜੀ ਪਾਸ ਪੁੱਜਾ ਤਾਂ ਸੁਆਮੀ ਜੀ ਨੇ ਕਿਹਾ—"ਮੈਨੂੰ ਇਹੋ ਜਿਹਾ ਚਿੰਤਾ ਯੁਕਤ ਦੁੱਧ ਨਹੀਂ ਚਾਹੀਦਾ ਜਾ ਵਾਪਸ ਲੈ ਜਾ ਅਤੇ ਫੇਰ ਇਹੋ ਜਿਹਾ ਦੁੱਧ ਮੇਰੇ ਲਈ ਨ

ਲਿਆਵੀਂ ।" ਸ਼ਾਮ ਨੂੰ ਬਾਬੂ ਨੂੰ ਪਤਾ ਲੱਗਾ ਤਾਂ ਆਪਣੀ ਮਾਂ ਦੀ ਕੰਜੂਸੀ ਤੇ ਦੁੱਖ ਅਤੇ ਸ੍ਵਾਮੀ ਜੀ ਦੀ ਸੋਝੀ-ਸ਼ਕਤੀ ਤੇ ਉਹਨੂੰ ਹੈਰਾਨੀ ਹੋਈ ।

2. ਕਰਣਵਾਸ ਦੇ ਬ੍ਰਾਹਮਣ ਨੇ ਠਾਕੁਰਾਂ ਨੂੰ ਭੋਗ ਲਗਾਉਣ ਤੋਂ ਪਿੱਛੋਂ ਸ੍ਵਾਮੀ ਜੀ ਨੂੰ ਭੋਜਨ ਛਕਾਉਣਾ ਚਾਹਿਆ । ਸ੍ਵਾਮੀ ਜੀ ਨੇ ਕਿਹਾ—"ਅਸੀਂ ਮੂਰਤੀਆਂ ਦਾ ਜੂਠਾ ਭੋਜਨ ਨਹੀਂ ਖਾਂਦੇ ਹੁੰਦੇ ।" ਅਤੇ ਭੋਜਨ ਲੈਣੋਂ ਇਨਕਾਰ ਕਰ ਦਿੱਤਾ ।

3. ਕਰਣਵਾਸ ਦੇ ਪੰਦ੍ਰਾਂ-ਵੀਹ ਪੰਡਿਤ ਆਪਣੀ ਵਲੋਂ ਟਿੱਲ ਲਾ ਕੇ ਕੁਝ ਔਖੇ-ਔਖੇ ਪ੍ਰਸ਼ਨ ਪੁੱਛਣ ਲਈ ਛਾਂਟ ਲਿਆਏ । ਉਸ ਵੇਲੇ ਸ੍ਵਾਮੀ ਜੀ ਗੰਗਾ ਅਸ਼ਨਾਨ ਲਈ ਗਏ ਹੋਏ ਸਣ । ਪੰਡਿਤ ਉਡੀਕਦੇ ਰਹੇ । ਵਾਪਸੀ ਤੇ ਸ੍ਵਾਮੀ ਜੀ ਸਮਾਧੀ ਲਗਾ ਕੇ ਬੈਠ ਗਏ । ਥੋੜੇ ਚਿਰ ਮਗਰੋਂ ਕਹਿਣ ਲੱਗੇ—'ਪੁੱਛੋ ਜਿਹਨਾਂ ਪ੍ਰਸ਼ਨਾਂ ਨੂੰ ਪੁੱਛਣ ਲਈ ਦਰਸਨ ਦਿੱਤੇ ਜੇ ।' ਸ੍ਵਾਮੀ ਜੀ ਨੇ ਇੱਕ ਦੋ ਵਾਰ ਆਗ੍ਰਹਿ ਵੀ ਕੀਤਾ ਪਰ ਕਿਸੇ ਨੇ ਵੀ ਬੁੱਲ ਨਹੀਂ ਖੋਲੇ । ਤਾਂ ਫਿਰ ਸ੍ਵਾਮੀ ਜੀ ਨੇ ਉਪਦੇਸ਼ ਦੇਣਾ ਆਰੰਭ ਕਰ ਦਿੱਤਾ । ਪੰਡਿਤ ਗਹੁ ਨਾਲ ਸੁਣਦੇ ਰਹੇ ਅਤੇ ਜਾਂਦੇ-ਜਾਂਦੇ ਕਹਿੰਦੇ ਜਾਂਦੇ ਸਣ ਕਿ—'ਸ੍ਵਾਮੀ ਜੀ ਤਾਂ ਦਿਲ ਦੀਆਂ ਗੱਲਾਂ ਬੁੱਝ ਲੈਣ ਦੀ ਸ਼ਕਤੀ ਰਖਦੇ ਹਨ ।'

4. ਜਲਾਲਾਬਾਦ ਦੇ ਨਵਾਬ ਨੇ ਪੁਛਿਆ ਕਿ—"ਕੀ ਏਥੇ ਬੈਠਾ ਆਦਮੀ ਦੂਜੇ ਥਾਂ ਦੇ ਹਾਲ ਜਾਣ ਸਕਦਾ ਹੈ ?" ਆਪਨੇ ਉੱਤਰ ਦਿੱਤਾ—"ਯੋਗੀ ਲੋਕ ਅਧਿਕ ਜ਼ੋਰ ਤਾਂ ਬ੍ਰਹਮ ਨੂੰ ਜਾਨਣ ਤੇ ਲਾਉਂਦੇ ਹਨ; ਪਰ ਹਾਂ, ਜੇ ਕੋਈ ਚਾਹੇ ਤਾਂ ਯੋਗ ਵਿਦਯਾ ਦ੍ਵਾਰਾ ਗੁਪਤ ਗੱਲਾਂ ਨੂੰ ਵੀ ਜਾਣ ਸਕਦਾ ਹੈ ।"

5. ਕਾਨ੍ਹਪੁਰ ਦੇ ਅਨੇਕ ਪੰਡਿਤ ਮੂਰਤੀ ਪੂਜਾ ਦੇ ਮੰਡਨ ਵਾਸਤੇ ਆਉਂਦੇ ਹੁੰਦੇ ਸਣ । ਇੱਕ ਦਿਨ ਕੁਝ ਬ੍ਰਾਹਮਣ ਆਏ ਤਾਂ ਸ੍ਵਾਮੀ ਜੀ ਨੇ ਪੈਂਦੇ ਸਾਰ ਹੀ ਪੁੱਛ ਲਿਆ—"ਮਹਾਰਾਜ ! ਲਿਆਏ ਹੋ ਕੋਈ ਪ੍ਰਮਾਣ ?" ਪੰਡਿਤ ਬੋਲੇ "ਹਾਂ ਜੀ ! ਲਿਆਏ ਹਾਂ ।" ਸ੍ਵਾਮੀ ਜੀ ਬੋਲੇ—"ਉਹੋ 'ਪ੍ਰਤਿਮਾ ਹਸੰਤਿ' ਵਾਲਾ ਜਾਂ ਕੋਈ ਹੋਰ ?" ਇਹ ਸੁਣਕੇ ਪੰਡਿਤ ਮੰਡਲੀ ਇਤਨੀ ਘਬਰਾਈ ਕਿ ਆਪਣੇ ਪਰਨੇ ਵਿੱਚੋਂ ਪੁਸਤਕ-ਪਤ੍ਰਾ ਵੀ ਨ ਖੋਲ੍ਹ ਸਕੀ; ਕਿਉਂਕਿ ਖੋਲ੍ਹਣ ਵਾਲੇ ਦੇ ਹੱਥ ਕੰਬਣ ਲਗ ਪਏ ਸਣ, ਲੱਜਾ ਦੇ ਮਾਰੇ ਚੁੱਪ-ਚਾਪ ਵਾਪਸ ਚਲੇ ਗਏ ।

6. ਦਾਨਾਪੁਰ ਦੇ ਕਿਸੇ ਵਸਨੀਕ ਨੇ ਪੁਛਿਆ—"ਈਸ਼੍ਵਰ ਉਪਾਸਨਾ ਵਿੱਚ ਚਿੱਤ

ਨਹੀਂ ਟਿਕਦਾ," ਤਾਂ ਸੁਆਮੀ ਜੀ ਨੇ ਮੁਸਕ੍ਰਾ ਕੇ ਕਿਹਾ—"ਜੇ ਚਿੱਤ ਨਹੀਂ ਟਿਕਦਾ ਤਾਂ ਭੰਗ ਦਾ ਇੱਕ ਬਾਟਾ ਹੋਰ ਚੜ੍ਹਾ ਲਿਆ ਕਰੋ।" ਪ੍ਰਸ਼ਨ ਕਰਨ ਵਾਲਾ ਹੈਰਾਨ ਹੋਇਆ ਕਿ ਇਹਨਾਂ ਨੂੰ ਕਿਵੇਂ ਪਤਾ ਲਗ ਗਿਆ ਕਿ ਮੈਂ ਭੰਗੜ ਹਾਂ ?।

7. **ਜਾਣੀ-ਜਾਣ** ਸੁਆਮੀ ਜੀ ਦੇ ਰਸੋਈਏ ਦਾ ਚਾਚਾ ਆਪਣੇ ਭਤੀਜੇ ਨੂੰ ਕਹਿਣ ਲੱਗਾ—"ਤੂੰ ਸੁਆਮੀ ਜੀ ਨੂੰ ਭੋਜਨ ਛਕਾ ਕੇ ਪਿਛੋਂ ਖਾਂਦਾ ਹੋਵੇਗਾ ? ਏਦਾਂ ਤਾਂ ਚੌਕਾ ਜੂਠਾ ਹੋ ਜਾਂਦਾ ਹੋਵੇਗਾ। ਤੂੰ ਇੱਕ ਕਾਰ ਕੱਢ ਲਿਆ ਕਰ ਅਤੇ ਸੁਆਮੀ ਜੀ ਨੂੰ ਲਕੀਰ ਤੋਂ ਬਾਹਰ ਭੋਜਨ ਪ੍ਰੋਸ ਦਿਆ ਕਰ।" ਸੁਆਮੀ ਜੀ ਉਸ ਵੇਲੇ ਅਸ਼ਨਾਨ ਲਈ ਗਏ ਹੋਏ ਸਣ। ਆਪ ਵਾਪਸੀ ਤੇ ਚੌਕੇ ਤੋਂ ਬਾਹਰ ਹੀ ਬੈਠ ਗਏ। ਰਸੋਈਏ ਨੇ ਕਾਰਣ ਪੁੱਛਿਆ ਤਾਂ ਆਪ ਬੋਲੇ—"ਭਾਈ ! ਤੈਨੂੰ ਤੇ ਤੇਰੇ ਚਾਚੇ ਨੂੰ ਬਰਾਦਰੀ ਵਿੱਚੋਂ ਛੇਕੇ ਜਾਣ ਦਾ ਡਰ ਹੋਵੇਗਾ। ਮੈਂ ਕਿਧਰੇ ਵੀ ਬੈਠ ਕੇ ਭੋਜਨ ਖਾ ਸਕਦਾ ਹਾਂ। ਮੈਨੂੰ ਕਿਸੇ ਦਾ ਡਰ ਨਹੀਂ।" ਰਸੋਈਆ ਬੜਾ ਹੈਰਾਨ ਹੋਇਆ ਕਿ ਸਾਡੀ ਚਾਚੇ-ਭਤੀਜੇ ਦੀ ਗੱਲ-ਬਾਤ ਦਾ ਇਹਨਾਂ ਨੂੰ ਕਿਵੇਂ ਪਤਾ ਲੱਗ ਗਿਆ ?

8. **ਜਾਣੀਜਾਣ**—ਕਰਣਵਾਸ ਨਿਵਾਸੀ ਪੰਡਿਤ ਨੰਦ ਕਿਸ਼ੋਰ ਸੁਆਮੀ ਜੀ ਦੀ ਸੇਵਾ ਵਿੱਚ ਜਾਂਦਾ-ਜਾਂਦਾ ਰਾਹ ਵਿੱਚੋਂ ਕਾਲੇ ਸੇਮ ਦੀਆਂ ਫਲੀਆਂ ਤੋੜ ਕੇ ਲੈ ਗਿਆ। ਜਾਂ ਮਹਾਰਾਜ ਦੀ ਸੇਵਾ ਵਿੱਚ ਪੇਸ਼ ਕੀਤੀਆਂ ਤਾਂ ਆਪਨੇ 'ਚੋਰੀ ਦੀਆਂ' ਕਹਿਕੇ ਲੈਣੋ ਨਾਂਹ ਕਰ ਦਿੱਤੀ। ਪੰਡਿਤ ਬੜਾ ਸ਼ਰਮਿੰਦਾ ਹੋਇਆ।

**ਸੱਚ ਦਾ ਸੂਰਜ**—ਸੋਲ੍ਹਾਂ ਨਵੰਬਰ **ਸੰਨ** 1869 ਈ. ਨੂੰ ਕਾਸ਼ੀ ਦੇ ਸ਼ਾਸਤ੍ਰਾਰਥ ਤੋਂ ਪਹਿਲੇ ਬਲਦੇਵ ਪ੍ਰਸਾਦ ਨੇ ਸੁਆਮੀ ਜੀ ਨੂੰ ਕਿਹਾ—"ਮਹਾਰਾਜ" ਅੱਜ ਬਹੁਤ ਭੀੜ-ਭੜੱਕਾ ਹੋਵੇਗਾ" ਜੇ ਫ਼ਰੁਖ਼ਾਬਾਦ ਹੁੰਦਾ ਤਾਂ ਦਸ-ਵੀਹ ਮਨੁੱਖ ਸਾਡੇ ਵੀ ਹਮਦਰਦ ਇਕੱਠੇ ਹੋ ਜਾਂਦੇ; ਪਰ ਏਥੇ ਤਾਂ ਵਿਰੋਧੀਆਂ ਦਾ ਹੀ ਜਮਘਟ ਹੋ ਰਿਹਾ ਹੈ', ਸੁਆਮੀ ਜੀ ਇਹ ਸੁਣ ਕੇ ਹੱਸੇ ਅਤੇ ਕਹਿਣ ਲੱਗੇ—"ਬਲਦੇਵ ਜੀ ! ਚਿੰਤਾ ਨਾ ਕਰੋ। ਯੋਗੀਆਂ ਦਾ ਇੱਹ ਅਟੱਲ ਸਿਧਾਂਤ ਹੈ **ਕਿ** ਸੱਤ ਦਾ ਸੂਰਜ ਅੰਨ੍ਹੇਰੇ ਦੀ ਫ਼ੌਜ ਤੇ ਇਕੱਲਾ ਹੀ ਵਿਜਯ ਪ੍ਰਾਪਤ ਕਰ ਲੈਂਦਾ ਹੈ।" ਇਹੋ ਹੋਇਆ। ਪੰਜਾਹ ਹਜ਼ਾਰ ਦੀ ਹਾਜ਼ਰੀ ਸੀ—ਲੁੱਚੇ ਲਫੰਗੇ, ਗੁੰਡੇ-ਮੁਸ਼ਟੰਡੇ, ਵੱਡੇ-ਵੱਡੇ ਦਰਜਨਾਂ ਪੰਡਿਤ, ਕਾਸ਼ੀ ਦਾ ਰਾਜਾ ਅਤੇ ਉਸ ਦਾ ਭਰਾ ਸਭ ਦੀ ਰਲੀ-ਮਿਲੀ ਅੰਧਕਾਰ ਦੀ ਸੈਨਾ—ਸਭ—ਇੱਕ ਪਾਸੇ ਅਤੇ

ਗਿਆਨ ਦਾ ਸੂਰਜ ਯੋਗੀਰਾਜ ਸ੍ਵਾਮੀ ਦਯਾਨੰਦ ਇੱਕ ਪਾਸੇ, ਤਾਂ ਵੀ ਉਹਦਾ ਕੁਝ ਨ ਵਿਗਾੜ ਸਕੇ ।

9. **ਭਵਿੱਖ ਗਿਆਤਾ**—ਇੱਕ ਦਿਨ ਮਹਾਰਾਜਾ ਸੱਜਣ ਸਿੰਘ ਅਤੇ ਸਹਜਾਨੰਦ ਨਾਲ ਆਪ ਜੀ ਦੀ ਗਲ-ਬਾਤ ਕਰਦਿਆਂ ਸ੍ਵਾਮੀ ਜੀ ਨੇ ਕਿਹਾ—"ਪੰਡਿਤ ਸੁੰਦਰ ਲਾਲ ਜੀ ਆ ਰਹੇ ਹਨ । ਜੇ ਪਹਿਲੇ ਪਤਾ ਦਿੰਦੇ ਤਾਂ ਸਵਾਰੀ ਦਾ ਹੀ ਪ੍ਰਬੰਧ ਕਰ ਦਿੰਦੇ ।" ਮਹਾਰਾਜਾ ਸੱਜਣ ਸਿੰਘ ਨੇ ਕਿਹਾ—"ਸਵਾਰੀ ਦਾ ਤਾਂ ਹੁਣ ਵੀ ਪ੍ਰਬੰਧ ਹੋ ਸਕਦਾ ਹੈ ।" ਮਹਾਰਾਜ ਨੇ ਉੱਤਰ ਦਿਤਾ—"ਨਹੀਂ ! ਹੁਣ ਤਾਂ ਉਹ ਬੈਲ ਗੱਡੀ ਵਿਚ ਆ ਰਹੇ ਹਨ । ਗੱਡੀ ਦਾ ਇੱਕ ਬੈਲ ਚਿੱਟਾ ਤੇ ਦੂਜਾ ਕਾਲਾ ਹੈ । ਉਹ ਕਲ ਏਥੇ ਆ ਜਾਣਗੇ ।" ਅਗਲੇ ਦਿਨ ਉਹ ਗੱਲ ਬਿਲਕੁੱਲ ਠੀਕ ਨਿਕਲੀ ।

10. **ਭਵਿੱਖ ਦਰਸ਼ੀ**—ਦੂਜੀਵਾਰ ਕਾਸ਼ੀਵਾਸ ਦੇ ਦਿਨਾਂ ਵਿੱਚ ਸ੍ਵਾਮੀ ਜੀ ਦਾ ਪ੍ਰਵਚਨ ਹੋ ਰਿਹਾ ਸੀ ਕਿ ਆਪ ਬੋਲਦੇ-ਬੋਲਦੇ ਇੱਕ ਦਮ ਚੁੱਪ ਕਰ ਗਏ ਅਤੇ ਕਹਿਣ ਲਗੇ- "ਥੋੜੀ ਦੇਰ ਵੇਖੋ, ਹੁਣੇ ਇਕ ਦੁਰਘਟਨਾ ਹੋਣ ਵਾਲੀ ਹੈ !" ਇਤਨੇ ਵਿੱਚ ਇੱਕ ਬ੍ਰਾਹਮਣ ਪਾਨ ਲੈ ਕੇ ਆਇਆ । ਸ੍ਵਾਮੀ ਜੀ ਨੇ ਉਹਨੂੰ ਖੋਲ੍ਹ ਕੇ ਵੇਖਿਆ ਤਾਂ ਉਸਦੇ ਵਿੱਚ ਜ਼ਹਿਰ ਸੀ । ਪਾਨ ਫੜਾਉਂਦਾ ਹੀ ਉਹ ਨੀਚ ਦੌੜ ਗਿਆ ।

11. **ਨੇਤ੍ਰ-ਜੋਤਿ ਦਾ ਚਮਤਕਾਰ**—ਕਰਣਵਾਸ ਦੇ ਘਮੰਡੀ ਪਹਿਲਵਾਨ ਰਤਿਰਾਮ ਨੇ ਮਹਾਰਾਜ ਦੇ ਆਸ਼੍ਰਮ ਤੇ ਜਾ ਕੇ ਹੈਂਕੜ ਨਾਲ ਕਿਹਾ—"ਉਇ" ! ਇਹ ਬਾਬਾ ਤਾਂ ਖਾ-ਖਾ ਕੇ ਬੜਾ ਫਿੱਟਿਆ ਹੋਇਆ ਹੈ ।" ਸ੍ਵਾਮੀ ਜੀ ਮੂਹੋਂ ਤਾਂ ਕੁਝ ਨ ਬੋਲੇ; ਪਰ ਆਪਣੇ ਚਮਕਦੇ ਨੈਣਾਂ ਦੀ ਦਿਵਯ ਜਯੋਤਿ ਉਹਦੇ ਉੱਪਰ ਇਵੇਂ ਪਾਈ ਕਿ ਅਭਿਮਾਨੀ ਪਹਿਲਵਾਨ ਦੀ ਸਾਰੀ ਸ਼ੇਖੀ ਕਿਰਕਿਰੀ ਹੋ ਗਈ ਅਤੇ ਉਹ ਪੈਰਾਂ ਤੇ ਢਹਿ ਕੇ ਖਿਮਾਂ ਮੰਗਣ ਲੱਗ ਪਿਆ ।

12. **ਗੁਪਤ ਘਟਨਾ ਗਿਆਨ**—ਪਟਨੇ ਦੇ ਡਿਪਟੀ ਸੋਹਨ ਲਾਲ ਨੇ ਵਿਦਿਆਰਥੀ ਰਾਜ ਨਾਥ ਦੇ ਹੱਥ ਰਾਤ ਨੂੰ ਸ੍ਵਾਮੀ ਜੀ ਲਈ ਦੁੱਧ ਭੇਜਿਆ । ਮੀਂਹ ਤੇ ਹਨੇਰੀ ਦਾ ਜ਼ੋਰ ਸੀ । ਰਾਜਨਾਥ ਨੇ ਰਾਹ ਵਿੱਚ ਇੱਕ ਸੱਪ ਵੇਖਿਆ, ਡਰਦਾ ਮਾਰਿਆ ਪਿਛਾਂਹ ਮੁੜਨਾ ਚਾਹੁੰਦਾ ਸੀ ਕਿ ਇੱਕ ਸੱਪ ਪਿਛੇ ਵੀ ਖਲੋਤਾ ਸੀ । ਉਹ ਜੀ-ਭਿਆਣਾ ਛਾਲ ਮਾਰਕੇ ਉੱਤੋਂ ਦੀ ਟੱਪ ਗਿਆ । ਉਸਨੂੰ ਵੇਖਦਿਆਂ ਹੀ ਸ੍ਵਾਮੀ ਜੀ ਨੇ । ਕਿਹਾ—"ਕਿਉਂ ਭਾਈ ! ਤੂੰ ਰਾਹ ਵਿੱਚ ਸੱਪ ਤੋਂ ਡਹਿਸ ਗਿਆ ਸੀ ?" ਰਾਜਨਾਥ ਨੂੰ ਬੜੀ ਹੈਰਾਨੀ

ਹੋਈ ਕਿ ਏਥੇ ਬੈਠੇ ਸੁਆਮੀ ਜੀ ਨੂੰ ਸੱਪ ਦੇ ਮਿਲਣ ਤੇ ਮੇਰੇ ਡਰਨ ਦਾ ਪਤਾ ਕਿਵੇਂ ਹੋ ਗਿਆ ?

13. **ਜਾਣੀ ਜਾਣ**—ਰਾਜ ਨਾਥ ਵਿਦਿਆਰਥੀ ਸੁਆਮੀ ਜੀ ਨਾਲ ਰਹਿਣਾ ਚਾਹੁੰਦਾ ਸੀ। ਸੁਆਮੀ ਜੀ ਨੇ ਉਹਨੂੰ ਕਿਹਾ ਵੀ ਕਿ ਆਪਣੇ ਪਿਤਾ ਦੀ ਰਜ਼ਾਮੰਦੀ ਨਾਲ ਸਾਡੇ ਨਾਲ ਚਲੀਂ । ਪਰ ਉਹ ਨਾਲ ਚੱਲ ਹੀ ਪਿਆ । ਜਦੋਂ ਸੁਆਮੀ ਜੀ ਭਾਗਲਪੁਰ ਵਿੱਚ ਗਏ ਤਾਂ ਇੱਕ ਦਿਨ ਰਾਜ ਨਾਥ ਨੂੰ ਕਹਿਣ ਲੱਗੇ—"ਅਸਾਂ ਤੈਨੂੰ ਕਿਹਾ ਸੀ ਕਿ ਆਪਣੇ ਪਿਤਾ ਦੀ ਰਜ਼ਾ ਨਾਲ ਸਾਡੇ ਨਾਲ ਚੱਲੀਂ, ਪਰ ਐਵੇਂ ਤੂੰ ਚਲਾ ਆਇਆ। ਹੁਣ ਤੇਰੇ ਪਿਤਾ ਜੀ ਨੂੰ ਏਥੇ ਤੱਕ ਆਉਣ ਦੀ ਹਾਂਢ ਹੋਈ ਹੈ ।" ਰਾਜਨਾਥ ਨੇ ਰਸੋਈ ਤੋਂ ਬਾਹਰ ਆਕੇ ਦੇਖਿਆ, ਪਰ ਉਹਦੇ ਪਿਤਾ ਦਾ ਕਿਧਰੇ ਕੋਈ ਨਿਸ਼ਾਨ ਨਹੀਂ ਸੀ । ਪਰੰਤੂ ਥੋੜੇ ਚਿਰ ਪਿੱਛੋਂ ਉਹ ਸਚ-ਮੁਚ ਆ ਗਿਆ ? ਪੁਤ੍ਰ ਨੂੰ ਵੇਖ ਕੇ ਰੋਣ ਲੱਗ ਪਿਆ । ਸੁਆਮੀ ਜੀ ਨੇ ਰਾਜਨਾਥ ਨੂੰ ਉਹਦੇ ਨਾਲ ਭੇਜ ਦਿੱਤਾ ।

14. **ਲੰਮੀ ਸਮਾਧੀ**—ਸੁਆਮੀ ਜੀ ਨੇ ਜਿਸ ਦਿਨ ਲੰਮੀ ਸਮਾਧੀ ਲਾਉਣੀ ਹੁੰਦੀ ਸੀ, ਕਿਸੇ ਨੂੰ ਵੀ ਕੋਠੜੀ ਦੇ ਲਾਗੇ ਆਉਣ ਨਹੀਂ ਸਣ ਦਿੰਦੇ; ਪਰੰਤੂ ਸ਼੍ਰੀ ਠਾਕੁਰ ਦਾਸ ਪ੍ਰਯਾਗਵਾਸੀ ਨੂੰ ਚੁੱਪ-ਚਾਪ ਬੂਹੇ ਕੋਲ ਜਾਣ ਦੀ ਇਜਾਜ਼ਤ ਸੀ । ਉਹਨਾਂ ਆਪਣੀ ਅੱਖੀਂ ਦਰਵਾਜ਼ੇ ਦੀਆਂ ਝੀਤਾਂ ਵਿੱਚੋਂ ਵੇਖਿਆ ਸੀ ਕਿ ਸੁਆਮੀ ਜੀ ਯੋਗ ਦਾ ਅਭਿਆਸ ਕਰ ਰਹੇ ਹਨ ਤੇ ਉਹਨਾਂ ਦਾ ਸ਼ਰੀਰ ਸਮਾਧੀ ਅਵਸਥਾ ਵਿੱਚ ਹੀ ਹੋਲੀ-ਹੋਲੀ ਭੂਮੀ ਤੋਂ ਉਤਾਂਹ ਨੂੰ ਉਠ ਰਿਹਾ ਹੈ ਅਤੇ ਜ਼ਮੀਨ ਤੇ ਛੱਤ ਦੇ ਵਿਚਕਾਰੇ ਖੜਾ ਹੋ ਗਿਆ ਹੈ।

15. **ਦਿਲ ਦੀ ਬੁੱਝਣ ਵਾਲਾ**—ਮਹਾਰਾਜ ਪੰਜਾਬ ਪ੍ਰਚਾਰ ਦੇ ਦਿੱਨਾਂ ਵਿੱਚ ਮੁਲਤਾਨ ਵੀ ਗਏ ਸਣ । ਬਹੁਤ ਸਾਰੇ ਹਿੰਦੂ, ਮੁਸਲਮਾਨ ਤੇ ਈਸਾਈ ਆਪਣੇ ਦਿਲਾਂ ਵਿੱਚ ਕਈ-ਕਈ ਪ੍ਰਸ਼ਨ ਧਾਰ ਕੇ ਪੁੱਛਣ ਲਈ ਆਏ । ਮਹਾਰਾਜ ਜੀ ਨੇ ਉਹਨਾਂ ਦੇ ਵੱਖੋ-ਵੱਖਰੇ ਸਵਾਲਾਂ ਦੇ ਠੀਕ-ਠੀਕ ਉੱਤਰ ਆਪਣੇ ਵਿਆਖਿਆਨ ਵਿੱਚ ਹੀ ਦੇਣੇ ਆਰੰਭ ਕਰ ਦਿੱਤੇ ਜਿਸ ਦੇ ਨਾਲ ਸਭਨਾਂ ਦੀ ਤਸੱਲੀ ਹੋ ਗਈ ਅਤੇ ਸਭ ਨੂੰ ਪੂਰਾ ਯਕੀਨ ਹੋ ਗਿਆ ਕਿ ਸੁਆਮੀ ਜੀ ਪੂਰਣ ਯੋਗੀ ਅਤੇ 'ਪ੍ਰਤਿਭਾ' ਸਿੱਧੀ ਸੰਪੰਨ ਹਨ ।

16. **ਭਵਿਸ਼ਯ ਦਰਸ਼ੀ**—ਮੇਰਠ ਵਿੱਚ ਮਹਿਕਮਾ ਨਹਿਰ ਦੇ ਜ਼ਿਲੇਦਾਰ ਮੁਨਸ਼ੀ ਸੇਵਾ ਰਾਮ ਸਣ । ਇੱਕ ਦਿਨ ਉਹਨਾਂ ਮਹਾਰਾਜ ਨੂੰ ਕਹਿਆ—"ਜੇ ਮੈਂ ਡਿਪਟੀ ਬਣ ਜਾਵਾਂ

ਤਾਂ ਪਹਿਲੇ ਮਹੀਨੇ ਦਾ ਵੇਤਨ, ਵੇਦ ਭਾਸ਼ਸ਼ ਲਈ ਦਿਆਂਗਾ" ਥੋੜੇ ਚਿਰ ਪਿੱਛੋਂ ਹੀ ਉਸ ਦੀ ਮੁਰਾਦ ਪੂਰੀ ਹੋ ਗਈ। ਅੱਜੇ ਉਹਨੇ ਕਿਸੇ ਮਿਤ੍ਰ ਨੂੰ ਵੀ ਆਪਣੀ ਤਰੱਕੀ ਦੀ ਖ਼ਬਰ ਨਹੀਂ ਦਿੱਤੀ ਸੀ ਕਿ ਸ੍ਵਾਮੀ ਜੀ ਦਾ ਖਤ ਪਹੁੰਚ ਗਿਆ, ਜਿਸ ਵਿੱਚ ਉਹਦੇ ਬਚਨ ਨੂੰ ਯਾਦ ਕਰਾਇਆ ਗਿਆ ਸੀ।

17. **ਭਵਿਸ਼ਯ-ਦਰਸ਼ੀ**—ਮੈਡਮ ਬਲੈਵੈਟਸਕੀ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ—"ਸ੍ਵਾਮੀ ਜੀ ਨੇ ਮੈਨੂੰ ਦੱਸਿਆ ਸੀ ਕਿ "ਮੈਂ ਸੰਨ 1884 ਨਹੀਂ ਵੇਖਾਂਗਾ ਅਤੇ ਸ਼ਾਇਦ ਇਸੇ ਲਈ 1883 ਵਿੱਚ ਉਦੈਪੁਰ ਨਿਵਾਸ ਵੇਲੇ ਆਪਣੀ ਵਸੀਅਤ ਕਰ ਦਿੱਤੀ ਸੀ।

18. **ਵਡਾ ਯੋਗੀ**—ਆਗਰਾ ਕਾਲਜ ਦਾ ਵਿਦਯਾਰਥੀ ਪਰਮਾਨੰਦ ਸ੍ਵਾਮੀ ਜੀਦੇ ਦਰਸ਼ਨ ਲਈ ਉਹਨਾਂ ਦੇ ਆਸਣ ਤੇ ਪੁੱਜਾ। ਸ੍ਵਾਮੀ ਜੀ ਕੁਟੀਆ ਵਿੱਚ ਨਹੀਂ ਸਣ। ਉਸਨੇ ਪੰਡਿਤ ਭੀਮਸੇਨ ਤੇ ਪੰ. ਜ੍ਵਾਲਾ ਦੱਤ ਕੋਲੋਂ ਪੁਛਿਆ—"ਕੀ ਆਪ ਕਿਸੇ ਆਤਮ-ਗਿਆਨੀ ਯੋਗੀ ਨੂੰ ਜਾਣਦੇ ਹੋ।" ਉਹਨਾਂ ਜਵਾਬ ਦਿੱਤਾ ਕਿ ਸ੍ਵਾਮੀ ਦਯਾਨੰਦ ਨਾਲੋਂ ਵੱਡਾ ਆਤਮ-ਗਿਆਨੀ ਜੋਗੀ ਕਿਹੜਾ ਹੋਵੇਗਾ? ਅਸਾਂ ਕਈ ਵਾਰੀ ਉਹਨਾਂ ਨੂੰ ਸਮਾਧੀ ਅਵ੍ਸਥਾ ਵਿੱਚ ਵੇਖਿਆ ਹੈ। ਵੇਦ-ਭਾਸ਼ਯ ਲਿਖਾਉਣ ਵੇਲੇ ਜੇ ਕੋਈ ਗੂੜ੍ਹ, ਵਿਸ਼ਯ ਆ ਜਾਏ ਤਾਂ ਉਹ ਸਮਾਧੀ ਲਗਾ ਲੈਂਦੇ ਹਨ ਅਤੇ ਸਮਾਧੀ ਖੁਲ੍ਹਣ ਤੇ ਦਬਾ-ਦਬ ਲਿਖਾਉਣਾ ਸ਼ੁਰੂ ਕਰ ਦਿੰਦੇ ਹਨ।

19. **ਭਵਿੱਖ-ਦਰਸ਼ੀ**—ਸ੍ਵਾਮੀ ਜੀ ਅਮ੍ਰਿਤਸਰ ਵਿੱਚ ਵੇਦ-ਭਾਸ਼ਯ ਲਿਖਵਾ ਰਹੇ ਸਣ ਕਿ ਕਰਮਚਾਰੀਆਂ ਨੂੰ ਆਦੇਸ਼ ਦਿੱਤਾ ਕਿ "ਸਭ ਸਾਮਾਨ ਬਾਹਰ ਕੱਢ ਕੇ ਕਮਰਾ ਖਾਲੀ ਕਰ ਦਿਉ।" ਕਮਰਾ ਖਾਲੀ ਤਾਂ ਕਰ ਦਿੱਤਾ ਗਿਆ ਪਰ ਸਭ ਨੂੰ ਇਹੀ ਸ਼ਿਕਾਇਤ ਸੀ ਕਿ ਸ੍ਵਾਮੀ ਜੀ ਨੇ ਸਾਨੂੰ ਐਵੇਂ ਕਸ਼ਟ ਦਿੱਤਾ ਹੈ", ਪਰ ਛੇਤੀ ਹੀ ਉਹਨਾਂ ਨੂੰ ਵਿਸਮਯ-ਕਾਰਕ ਅਚੰਭਾ ਹੋਇਆ ਜਦੋਂ ਕਮਰੇ ਦੀ ਛੱਤ ਧੜੰਮ ਕਰਦੀ ਢਹਿ ਢੇਰੀ ਹੋਈ।

20. **ਨੇਤ੍ਰ ਜਯੋਤੀ ਦਾ ਚਮਤਕਾਰ**—ਨਰਮਦਾ ਕੰਢੇ ਵਿਚਰਦੇ ਸਮੇਂ ਇੱਕ ਵੱਡਾ ਬਲ-ਵਾਨ ਕਾਲਾ ਰਿੱਛ ਆਪ ਜੀ ਦੇ ਸਾਮ੍ਹਣੇ ਆ ਖਲੋਤਾ ਅਤੇ ਆਪਣੇ ਪਿਛਲੇ ਪੈਰਾਂ ਤੇ ਖੜੇ ਹੋ ਕੇ ਅਤੇ ਮੂੰਹ ਟੱਡ ਕੇ ਸ੍ਵਾਮੀ ਜੀ ਵੱਲ ਇਵੇਂ ਵਧਿਆ ਜਿਵੇਂ ਉਹਨਾਂ ਨੂੰ

ਖਾਣਾ ਚਾਹੁੰਦਾ ਹੋਵੇ ਸੁਆਮੀ ਜੀ ਨੇ ਉਹਦੇ ਉੱਤੇ ਆਪਣੇ ਪ੍ਰਕਾਸ਼ਮਾਨ ਨੇਤ੍ਰਾਂ ਦੀ ਅਦਭੁਤ ਜਯੋਤੀ ਸੁੱਟੀ ਅਤੇ ਉਹ ਪਿਛਲੇ ਪਾਸੇ ਮੂੰਹ ਕਰਕੇ ਜੰਗਲ ਵਿੱਚ ਚਲਾ ਗਿਆ।

21. **ਜਲ ਪਰ ਸਮਾਧੀ**—ਉਦੈਪੁਰ ਦੇ ਨੌ ਲੱਖਾ ਬਾਗ਼ ਦੇ ਕੋਲ ਹੀ ਇੱਕ ਵਿਸ਼ਾਲ ਸਰੋਵਰ ਹੈ। ਸ਼੍ਰੀ ਸਹਿਜਾਨੰਦ ਨੇ ਆਪ ਵੇਖਿਆ ਕਿ ਸੁਆਮੀ ਜੀ ਪਦਮਾਸਨ ਲਗਾਈ ਪਾਣੀ ਦੇ ਉੱਪਰ ਬੈਠੇ ਹਨ। ਆਪ ਲੰਮੀ ਸਮਾਧੀ ਚਵ੍ਹੀ ਘੰਟਿਆਂ ਦੀ ਤੇ ਆਮ ਸਮਾਧੀ 18-18 ਘੰਟੇ ਦੀ ਲਗਾਉਂਦੇ ਹੁੰਦੇ ਸਣ।

22. **ਜੀਵ ਮਿਤ੍ਰ**—ਗੰਗਾ ਵਿੱਚ ਮੰਜ ਨਾਲ ਹੀ ਪੈਰ ਲਟਕਾਈ ਸੁਆਮੀ ਜੀ ਬੈਠੇ ਸਣ, ਕਿ ਨੇੜੇ ਹੀ ਇੱਕ ਮਗਰ-ਮੱਛ ਨਿਕਲ ਆਇਆ। ਲੋਕਾਂ ਰੌਲਾ ਪਇਆ "ਮਹਾਰਾਜ ਮਗਰ-ਮੱਛ ਆ ਗਿਆ ਜੇ। ਹਟ ਜਾਉ।' ਸੁਆਮੀ ਜੀ ਅਡੋਲ ਬੈਠੇ ਰਹੇ ਤੇ ਕਿਹਾ—'ਸਾਡੇ ਦਿਲ ਵਿੱਚ ਇਸਦੇ ਵਾਸਤੇ ਕੋਈ ਭੈੜੀ ਭਾਵਨਾ ਨਹੀਂ ਹੈ ਤਾਂ ਇਹ ਸਾਨੂੰ ਕਿਉਂ ਕਸ਼ਟ ਦੇਵੇਗਾ ?

23. **ਭਵਿੱਖ ਦਰਸ਼ੀ**—ਕਾਇਮ ਗੰਜ ਨਿਵਾਸੀ ਸ਼੍ਰੀ ਰਾਮ ਲਾਲ, ਮਹਾਰਾਜ ਕੋਲੋਂ ਜਨੇਊ ਲੈਣ ਲਈ ਆਏ ਹੋਏ ਸਣ। ਗੱਲਬਾਤ ਕਰਕੇ ਸੁਆਮੀ ਜੀ ਨੇ ਪ੍ਰੇਮ ਭਰਿਆ ਹੱਥ ਫੇਰਕੇ ਕਿਹਾ—"ਪਿਆਰੇ! ਸਾਡਾ ਇਹ ਸ਼ਰੀਰ ਬਹੁਤ ਦੇਰ ਤੱਕ ਨਹੀਂ ਰਹੇਗਾ, ਆਪ ਨੇ ਅਸਾਡੀਆਂ ਪੁਸਤਕਾਂ ਤੋਂ ਸਾਰੀ ਉਮਰ ਸਿੱਖਿਆ ਲੈਂਦੇ ਰਹਿਣਾ; ਜਿਥੋਂ ਤੱਕ ਬਣ ਸੱਕੇ ਆਪਣੇ ਭੁੱਲੇ-ਭਟਕੇ ਭਰਾਵਾਂ ਨੂੰ ਸਿੱਧਾ ਮਾਰਗ ਦੱਸਦੇ ਰਹਿਣਾ।

24. **ਗ਼ੈਬੀ ਗੱਲਾਂ ਬੁੱਝਣ ਵਾਲਾ**—ਸ਼ਿੱਬਾ ਮੱਲ ਵੈਸ਼ਯ ਸੁਆਮੀ ਜੀ ਦਾ ਪ੍ਰੇਮੀ ਸੀ, ਦਰਸ਼ਨਾਂ ਲਈ ਆਇਆ ਤਾਂ ਮਹਾਰਾਜ ਨੇ ਆਪੇ ਪੁੱਛ ਲਿਆ—"ਰਾਹ ਵਿੱਚ ਆਪ ਨੂੰ ਸੱਪ ਦਿਸਿਆ ਸੀ ਅਤੇ ਆਪ ਡਰ ਗਏ ਸੀ ਨਾਂ ?" ਸ਼ਿੱਬਾਂ ਮੱਲ ਨੇ ਹੈਰਾਨਗੀ ਨਾਲ ਇਸ ਗੱਲ ਦਾ ਸਮਰਥਨ ਕੀਤਾ। ਫੇਰ ਆਪ ਕਹਿਣ ਲੱਗੇ—"ਛਤ੍ਰੀ ਲੈ ਲੈਂਦੇ ਤਾਂ ਮੀਂਹ ਵਿੱਚ ਭਿੱਜਣੋਂ ਬਚ ਜਾਂਦੇ।" ਉਸ ਵੇਲੇ ਬੱਦਲ ਦਾ ਕੋਈ ਰੰਗ ਨਹੀਂ ਸੀ, ਪਰ ਰਾਹ ਵਿੱਚ ਅਜਿਹਾ ਮੀਂਹ ਵਰ੍ਹਿਆ ਕਿ ਸ਼ਿੱਬਾ ਮੱਲ ਸੜਕਾਂ ਤੇ ਪਾਣੀ ਵਿਚੋਂ ਲੰਘਦਾ ਮੁਸ਼ਕਿਲ ਨਾਲ ਘਰ ਪੁੱਜਾ।

25. **ਸੋਟੇ ਵਾਲਾ ਚਰਣਾਂ ਵਿੱਚ**—ਅੰਬਾਗੜ੍ਹ ਵਿੱਚ ਉਪਦੇਸ਼ ਦੇ ਸਮੇਂ ਇੱਕ ਅੜ੍ਹਬ ਜੱਟ ਮੋਟਾ ਸਾਰਾ ਸੋਟਾ ਉਲਾਰ ਕੇ ਬੋਲਿਆ—"ਸਾਧਾ ! ਤੂੰ ਮੂਰਤੀ

ਪੂਜਾ ਦਾ ਖੰਡਨ ਕਰਦਾ ਰਹਿੰਦਾ ਹੈ, ਦੱਸ ਇਹ ਸੋਟਾ ਤੈਨੂੰ ਕਿੱਥੇ ਮਾਰਾਂ ? ਤਾਂ ਜੁ ਰੋਜ਼-ਰੋਜ ਦਾ ਝਗੜਾ ਖ਼ਤਮ ਹੋਵੇ।" ਸ੍ਵਾਮੀ ਜੀ ਗੰਭੀਰਤਾ ਨਾਲ ਬੋਲੇ—"ਚੌਧਰੀ ! ਨੂੰ ਧਰਮ ਪ੍ਰਚਾਰ ਕਰਨ ਲਈ ਮੇਰਾ ਸਿਰ ਹੀ ਮੈਨੂੰ ਪ੍ਰੇਰਨਾ ਕਰਦਾ ਹੈ। ਲੈ ਜੇ ਤੂੰ ਸੋਟਾ ਮਾਰਨਾ ਚਾਹੁੰਦਾ ਹੈਂ ਤਾਂ ਮੇਰੇ ਸਿਰ ਵਿੱਚ ਮਾਰ ਤਾਂ ਜੁ ਤੈਨੂੰ ਸ਼ਾਂਤੀ ਨਸੀਬ ਹੋਵੇ।" ਇਹ ਕਹਿਕੇ ਆਪਣੀ ਦਿਵਯ ਦ੍ਰਿਸ਼ਟੀ ਉਸ ਦੇ ਉੱਤੇ ਇਵੇਂ ਪਾਈ ਕਿ ਉਹ ਲੱਠ-ਮਾਰ ਸ੍ਵਾਮੀ ਜੀ ਦੇ ਚਰਨਾਂ ਵਿੱਚ ਲੇਟਦਾ ਨਜ਼ਰ ਆਇਆ।

26. **ਜੀਵ ਮਿਤ੍ਰ**—ਇੱਕ ਵਾਰੀ ਗੰਗਾ ਤਟ ਤੇ ਭ੍ਰਮਣ ਕਰਦੇ ਹੋਏ ਸ੍ਵਾਮੀ ਜੀ ਇੱਕ ਸੰਘਣੇ ਜੰਗਲ ਵਿੱਚ ਜਾ ਨਿਕਲੇ। ਸਾਮ੍ਹਣੇ ਤੋਂ ਇੱਕ ਸ਼ੇਰ ਆਇਆ। ਸ੍ਵਾਮੀ ਜੀ ਨਿਰਭੈ ਹੋ ਕੇ ਸਿੱਧੇ ਹੀ ਤੁਰਦੇ ਚਲੇ ਗਏ। ਨੇੜੇ ਆਉਣ ਤੇ ਜਦ ਉਹਨਾਂ ਦੀ ਅੱਖਾਂ ਚਾਰ ਹੋਈਆਂ ਤਾਂ ਸ਼ੇਰ ਮੂੰਹ ਭਵਾ ਕੇ ਜੰਗਲ ਵਿੱਚ ਚਲਾ ਗਿਆ।

# 5

# ਖਿਮਾਂ ਸਾਗਰ—ਦਯਾਨੰਦ

1, ਕਾਸ਼ੀ ਦੇ ਬ੍ਰਾਹਮੰਣਾਂ ਨੇ ਸ਼ਾਸਤ੍ਰਾਰਥ ਵਿੱਚ ਹਾਰ ਖਾ ਕੇ ਇੱਕ ਮਨੁੱਖ ਨੂੰ ਖੋਤੇ ਤੇ ਚੜ੍ਹਾਇਆ, ਅਤੇ ਉਹਦੇ ਗਲ ਵਿੱਚ ਜੁੱਤੀਆਂ ਦਾ ਹਾਰ ਪਇਆ। ਉਹਨੂੰ ਭਗਵਾ ਬਾਣਾ ਪਹਿਨਾਇਆ, ਭਗਵੇ ਚੋਲੇ ਤੇ ਲਿਖਿਆ 'ਦਯਾਨੰਦ'। ਇੱਕ ਭਗਤ ਨੇ ਇਹ ਸਾਰਾ ਬ੍ਰਿੱਤਾਂਤ ਸੁਣਾਇਆ ਤਾਂ ਆਪਨੇ ਕਿਹਾ—'ਗੁੱਸੇ ਦੀ ਗਲ ਨਹੀਂ। ਨਕਲੀ ਦਯਾਨੰਦ ਦੀ ਇਹੋ ਹਾਲਤ ਹੋਣੀ ਚਾਹੀਦੀ ਏ ?'

2. ਕਾਸ਼ੀ ਸਾਸਤ੍ਰਾਰਥ ਵਿੱਚ, ਮਹਾਰਾਜ ਕਾਸ਼ੀ ਦੀ ਸ਼ਹਿ ਨਾਲ ਪੰਡਿਤਾਂ ਦੇ ਸਿੱਖੇ-ਸਿਖਾਏ ਕੁਝ ਲੁਚਿਆਂ-ਲਫੰਗਿਆਂ ਨੇ ਹੱਲਾ-ਗੁੱਲਾ ਕਰਕੇ ਸਭਾ ਭੰਗ ਕਰਨ ਦੇ ਬਾਦ ਇੱਟਾਂ-ਰੋੜੇ-ਜੁੱਤੀਆਂ ਤੇ ਕੰਕਰ ਸੁਆਮੀ ਜੀ ਉੱਤੇ ਸੁੱਟੇ ਸਨ। ਇੱਕ ਨਿਰਮਲਾ ਸਾਧੂ ਉੱਸੇ ਸ਼ਾਮ ਨੂੰ ਇਹ ਵੇਖਣ ਲਈ ਕਿ ਸੁਆਮੀ ਜੀ ਤੇ ਏਸ ਅਪਮਾਨ ਦਾ ਕੀ ਅਸਰ ਹੋਇਆ ਹੈ, ਸੁਆਮੀ ਜੀ ਦੇ ਕੋਲ ਆਇਆ; ਪਰੰਤੂ ਉਹ ਇਹ ਵੇਖਕੇ ਹੈਰਾਨ ਰਹਿ ਗਿਆ ਕਿ ਮਹਾਰਾਜ ਨੇ ਉਸ ਹੁੱਲੜ-ਬਾਜ਼ੀ ਦਾ ਜਾਂ ਅਪਮਾਨ ਦਾ ਉਸ ਦੇ ਨਾਲ ਕੋਈ ਜ਼ਿਕਰ ਹੀ ਨ ਕੀਤਾ। ਇਹ ਵੇਖਕੇ ਉਸ ਸਾਧੂ ਨੇ ਕਿਹਾ—"ਮਹਾਰਾਜ ! ਮੈਂ ਤਾਂ ਆਪ ਨੂੰ ਨਿਰਾ ਵਿਦ੍ਵਾਨ ਪੰਡਿਤ ਹੀ ਸਮਝਦਾ ਸਾਂ; ਪਰ ਆਪ ਦ੍ਵੰਦ੍ਵਾਤੀਤ ਪੂਰਣ ਯੋਗੀ ਵੀ ਹੋ।"

3, ਲਾਹੌਰ ਵਿੱਚ ਪੌਰਾਣਿਕ ਪੰਡਿਤ ਨੇ ਸੁਆਮੀ ਜੀ ਦੇ ਪ੍ਰਚਾਰ ਤੋਂ ਤੰਗ ਆਕੇ ਰਤਨਚੰਦ ਦਾੜ੍ਹੀ ਵਾਲੇ ਨੂੰ, ਜਿਸਦੇ ਬਾਗ ਵਿੱਚ ਆਪ ਰਹਿੰਦੇ ਸਣ, ਸਿਖਾਂ-ਪੜ੍ਹਾ ਕੇ ਸੁਆਮੀ ਜੀ

ਨੂੰ ਬਾਗ ਵਿੱਚੋਂ ਕਢਵਾਂ ਦਿੱਤਾ; ਕਿਉਂਕਿ ਪੰਡਿਤਾਂ ਨੇ ਉਹਨੂੰ ਇਹ ਕਹਿ ਕੇ ਧੋਖਾ ਦਿੱਤਾ ਸੀ ਕਿ ਦਯਾਨੰਦ ਈਸਾਈਆਂ ਦਾ ਏਜੰਟ ਹੈ ਅਤੇ ਹਿੰਦੂਆਂ ਨੂੰ ਈਸਾਈ ਬਣਾਉਣਾ ਚਾਹੁੰਦਾ ਹੈ। ਪਰ ਸ੍ਵਾਮੀ ਜੀ ਤੇ ਏਸ ਇਲਜਾਮ-ਤਰਾਸ਼ੀ ਦਾ ਤੇ ਅਪਮਾਨ ਆਦਿ ਦਾ ਵੀ ਕੋਈ ਅਸਰ ਨਹੀਂ ਹੋਇਆ ਸੀ।

4. ਲਾਹੌਰ ਦੇ ਬ੍ਰਾਹਮ ਸਮਾਜੀਆਂ ਨੇ ਸ੍ਵਾਮੀ ਜੀ ਦੇ ਖ਼ਰਚੇ ਦਾ ਭਾਰ ਆਪਣੇ ਜ਼ਿੰਮੇ ਲਿਆ ਸੀ; ਪਰ ਉਹਨਾਂ ਦੇ ਜਤਨ ਦੇ ਬਾਵਜੂਦ ਜਦ ਸ੍ਵਾਮੀ ਜੀ ਵੇਦ ਦੇ ਈਸ੍ਵਰ ਕ੍ਰਿਤ ਮੰਨਣੋ ਹਟਨ ਨੂੰ ਤਿਆਰ ਨ ਹੋਏ, ਤਾਂ ਉਹਨਾਂ ਨੇ ਨ ਸਿਰਫ਼ ਅੱਗੋਂ ਲਈ ਖ਼ਰਚ ਦੇਣਾ ਬੰਦ ਕਰ ਦਿੱਤਾ, ਸਗੋਂ ਪਿਛਲਾ ਕੀਤਾ ਹੋਇਆ ਖ਼ਰਚ ਵੀ ਵਸੂਲ ਕਰ ਲਿਆ; ਪਰ ਸ੍ਵਾਮੀ ਜੀ ਤੇ ਏਸ ਵਾਦਾ-ਖ਼ਿਲਾਫ਼ੀ ਅਥਵਾ ਵਚਨ-ਭੰਗ ਦਾ ਵੀ ਕੋਈ ਅਸਰ ਨਹੀਂ ਹੋਇਆ।

5. ਮਹਾਰਾਜ ਨੇ ਜਸਟਿਸ ਮਹਾਦੇਵ ਗੋਬਿੰਦ ਰਣ ਦੇ ਦੋ ਸੱਦੇ ਤੇ ਪੂਨਾ ਸ਼ਹਿਰ ਅਤੇ ਛਾਵਣੀ ਵਿੱਚ ਪੰਜਾਹ ਵਿਆਖਿਆਨ ਦਿੱਤੇ। ਭਗਤਾਂ ਨੇ ਆਪਣੀ ਕ੍ਰਿਤਗਯਤਾ ਪ੍ਰਗਟ ਕਰਨ ਲਈ 5 ਸਿਤੰਬਰ 1875 ਨੂੰ ਉਹਨਾਂ ਦਾ ਜਲੂਸ ਕੱਢਿਆ। ਸੱਜਿਆ ਹੋਇਆ ਹਾਥੀ ਆਪ ਜੀ ਦੀ ਸ੍ਵਾਰੀ ਲਈ ਕੱਸਿਆ ਖੜਾ ਸੀ ਕਿ ਆਪ ਨੇ ਹਾਥੀ ਤੇ ਚੜ੍ਹਨੋਂ ਇਨਕਾਰ ਕਰਕੇ, ਪੈਦਲ ਚੱਲਣ ਦਾ ਆਪਣਾ ਫੈਸਲਾ ਦੱਸ ਕੇ ਨਮ੍ਰਤਾ ਦਾ ਨਮੂਨਾ ਪੇਸ਼ ਕਰ ਦਿੱਤਾ। ਏਸ ਅਵਸਰ ਤੇ ਸ਼ਰਧਾਲੂਆਂ ਨੇ ਬਹੁ-ਮੂਲਯ ਉਪਹਾਰ ਵੀ ਭੇਂਟ ਕਰਦੇ ਹੋਏ ਆਪ ਜੀ ਦੇ ਅਗਣਿਤ ਉਪਕਾਰਾਂ ਦਾ ਵੀ ਸ਼੍ਰੱਧਾ ਪੂਰਬਕ ਵਰਣਨ ਕੀਤਾ। ਓਧਰ ਵਿਰੋਧੀਆਂ ਨੇ ਇਸ ਜਲੂਸ ਦੇ ਮੁਕਾਬਲੇ ਵਿੱਚ ਇੱਕ ਖੋਤੇ ਨੂੰ ਸਜਾ ਕੇ, ਭਗਵੇ ਰੰਗ ਦੀ ਚਾਦਰ ਉੱਤੇ ਪਾ ਕੇ ਉਹਦੇ ਉੱਤੇ 'ਗਰਦਭਾਨੰਦ ਸਰਸ੍ਵਤਿ' ਲਿਖਿਆ ਅਤੇ 'ਗਰਦਭਾਨੰਦ ਸਰਸ੍ਵਤੀ ਦੀ ਜੈ,' 'ਦਯਾਨੰਦ ਗਧੇ ਦੀ ਜੈ' ਦੇ ਨਾਅਰੇ ਲਾਉਂਦੇ ਹੋਏ ਪੂਨਾ ਸ਼ਹਿਰ ਦੇ ਬਾਜ਼ਾਰਾਂ ਵਿੱਚ ਹੁੱਲੜ ਮਚਾਉਂਦੇ ਫਿਰਨ ਲੱਗੇ। ਇੱਕ ਥਾਂ ਤੇ ਦੋਹਾਂ ਜਲੂਸਾਂ ਦਾ ਟਾਕਰਾ ਆਮ੍ਹੋ-ਸਾਮ੍ਹਣੇ ਹੋ ਗਿਆ। ਵਿਰੋਧੀਆਂ ਨੇ ਚਿੱਕੜ, ਵੱਟੇ, ਪੱਥਰ-ਜੋ ਲਭ ਸੱਕਿਆ ਸ੍ਵਾਮੀ ਜੀ ਵੱਲ ਸੁੱਟਿਆ। ਸ਼੍ਰੀ ਮਹਾਦੇਵ ਗੋਬਿੰਦ ਰਣਦੇ ਵੀ ਇਸ ਤੋਂ ਨ ਬਚ ਸਕੇ। ਪਰ ਅਸ਼ਕੇ ਆਖੀਏ ਸ੍ਵਾਮੀ ਦਯਾਨੰਦ ਦੇ ਕਿ 'ਜੈਸਾ ਸੂਰਣ ਤੈਸੀ ਉਸ ਮਾਟੀ, ਜੈਸਾ ਅੰਮ੍ਰਿਤ ਤੈਸੀ ਬਿਖ ਖਾਟੀ; ਜੈਸਾ ਮਾਨ ਤੈਸਾ ਅਪਮਾਨ, ਜੈਸਾ ਰੰਕ ਤੈਸਾ ਰਾਜਾਨ, ਦੇ ਅਨੁਸਾਰ ਉਸ ਜੀਵਨ ਮੁਕਤ ਸ੍ਵਾਮੀ ਦਯਾਨੰਦ ਨੂੰ ਨ ਵਧੀਆ ਜਲੂਸ ਦੇ ਮਾਨ ਨਾਲ ਕੋਈ ਵਿਸ਼ੇਸ਼ ਹਰਖ ਹੋਇਆ ਤੇ ਨ ਵਿਰੋਧੀਆਂ ਦੇ ਅਪਮਾਨ ਦਾ ਸ਼ੋਕ।

6. ਬੰਬਈ ਨਿਵਾਸੀ ਵਿਸ਼ਨੂ ਪਰਸ-ਰਾਮ ਸ਼ਾਸਤ੍ਰੀ ਨੇ ਸ੍ਵਾਮੀ ਜੀ ਦੇ ਪ੍ਰਸ਼ਨਾਂ ਦਾ ਉੱਤਰ ਨ ਦੇ ਸਕੱਣ ਤੋਂ ਚਿੜਕੇ ਅਖਬਾਰਾਂ ਵਿੱਚ 'ਅਵਧੂਤ, ਧੂਰਤ ਅਤੇ ਝੂਠਾ' ਆਦਿ ਆਨੇਕਾਂ ਗਾਲ੍ਹੀਆਂ ਪ੍ਰਕਾਸ਼ਿਤ ਕਰਾ ਦਿੱਤੀਆਂ। ਇਹ ਸਭ ਸੁਣ ਕੇ ਵੀ ਮਹਾਰਾਜ ਨੂੰ ਕੋਈ ਉਦਵੇਗ ਨਹੀਂ ਹੋਇਆ।

7. ਕਈਆਂ ਨੇ ਮਹਾਰਾਜ ਨੂੰ ਗਾਲ੍ਹੀਆਂ ਦਿੱਤੀਆਂ, ਇੱਟਾਂ, ਪੱਥਰ ਤੇ ਲਾਠੀਆਂ ਵੀ ਮਾਰੀਆਂ, ਡੇਰਿਆਂ 'ਚੋਂ ਕਢਾਇਆ, ਇਸੇ ਤਰਹ ਬ੍ਰਿੰਦਾਬਨ ਵਿੱਚ ਇੱਕ ਭਲੇਮਾਨਸ ਨੇ ਸਵਾਹ ਦੀ ਮੁੱਠ ਭਰ ਕੇ ਸ੍ਵਾਮੀ ਜੀ ਦੇ ਸਿਰ ਵਿੱਚ ਪਾ ਦਿੱਤੀ, ਪਰੰਤੂ ਆਪ ਸਦਾ ਦੀ ਤਰ੍ਹਾਂ ਸਮੁੰਦਰ ਵਾਂਗ ਗੰਭੀਰ ਹੀ ਬਣੇ ਰਹੇ।

8. ਅਮ੍ਰਿਤਸਰ ਵਿੱਚ ਇੱਕ ਭੰਗੀ-ਚਰਸੀ ਬ੍ਰਾਹਮਣ ਮਹਾਰਾਜ ਦੇ ਖੰਡਨ ਤੋਂ ਛਿੱਥਾ ਪੈਕੇ ਮਹਾਰਾਜ ਨੂੰ ਮੋਟਾ-ਸਾਰਾ- ਸੋਟਾ ਮਾਰਨ ਆਇਆ। ਲੋਕਾਂ ਉਸ ਨੂੰ ਫੜ ਲਿਆ; ਪਰ ਮਹਾਰਾਜ ਨੇ ਉਸਨੂੰ ਛੁਡਾ ਦਿੱਤਾ ਅਤੇ ਕਿਹਾ—'ਜਾ, ਪਰਮਾਤਮਾ ਤੈਨੂੰ ਸੁਮਤਿ ਦੇਵੇ।"

9. ਕਾਨ੍ਹਪੁਰ ਨਿਵਾਸ ਦੇ ਦਿਨਾਂ ਵਿੱਚ ਇੱਕ ਗੰਗਾਪੁਤ੍ਰ (ਪੰਡਾ) ਨੇਮ ਨਾਲ ਭਗਵਾਨ ਦਯਾਨੰਦ ਨੂੰ ਸਾਮ੍ਹਣੇ ਆਕੇ ਗਾਲ੍ਹੀਆਂ ਦਿੰਦਾ ਹੁੰਦਾ ਸੀ। ਭਗਤਜਨ ਮਹਾਰਾਜ ਦੀ ਸੇਵਾ ਵਿੱਚ ਫਲ-ਮਿਠਿਆਈਆਂ ਆਦਿ ਪਦਾਰਥ ਭੇਂਟ ਕਰਦੇ ਹੁੰਦੇ ਸਣ। ਆਪ ਸਭ ਲੋਕਾਂ ਵਿੱਚ ਹੀ ਵੰਡ ਦਿੰਦੇ ਸਣ। ਇੱਕ ਦਿਨ ਕੁਝ ਪਦਾਰਥ ਅਜੇ ਬਚੇ ਪਏ ਸਣ ਕਿ ਉਹੋ ਗਾਲ੍ਹੀ-ਪ੍ਰਦਾਤਾਂ ਗੰਗਾ ਪੁਤ੍ਰ ਸਾਮ੍ਹਣੇ ਆ ਗਿਆ। ਆਪਨੇ ਉਸਨੂੰ ਸੱਦ ਕੇ ਉਹ ਸਭ ਕੁਝ ਦੇ ਦਿੱਤਾ ਅਤੇ ਨਾਲ ਇਹ ਵੀ ਕਹਿ ਦਿੱਤਾ ਕਿ 'ਰੋਜ਼ ਆਕੇ ਫਲ-ਮਿਠਿਆਈਆਂ ਲੈ ਜਾਇਆ ਕਰ।' ਉਹ ਵੀ ਪ੍ਰਤਿਦਿਨ ਆਪਣੇ ਨਿਯਮ ਅਨੁਸਾਰ ਗਾਲ੍ਹੀਆਂ ਦਿੰਦਾ ਤੇ ਮਹਾਰਾਜ ਦੀ ਉਦਾਰਤਾ ਦਾ ਲਾਭ ਉਠਾਉਂਦਾ ਰਿਹਾ। ਇੱਕ ਦਿਨ ਉਸ ਗੰਗਾ ਪੁਤ੍ਰ ਨੂੰ ਦਿਲੋਂ ਸ਼ਰਮਿੰਦਗੀ ਹੋਈ ਕਿ ਏਸ ਦੇਵਤਾ ਦਾ ਮੇਰੇ ਨਾਲ ਸਲੂਕ ਉਦਾਰਤਾ ਭਰਿਆ ਹੈ ਅਤੇ ਮੈਂ ਕਿਤਨੀ ਦੁਸ਼ਟਤਾ ਦਾ ਵਿਹਾਰ ਕਰਦਾ ਹਾਂ। ਇਹ ਸੋਚ ਕੇ ਉਹ ਮਹਾਰਾਜ ਦੇ ਚਰਣਾਂ ਤੇ ਢਹਿਕੇ ਮਾਫ਼ੀ ਮੰਗਣ ਲੱਗ ਪਿਆ ਅਤੇ ਵਿਸਾਲ ਹ੍ਰਿਦਯ ਸ੍ਵਾਮੀ ਦਯਾਨੰਦ ਨੇ ਉਸਨੂੰ ਖਿਮਾਂ ਕਰ ਦਿੱਤਾ।

10. ਵੈਸ਼ਨਵ ਮਤ ਦੇ ਖੰਡਨ ਤੋਂ ਨਾਰਾਜ ਹੋਕੇ ਬੰਬਈ ਦੇ ਜੀਵਨ ਜੀ ਗੋਸਾਈਂ ਨੇ ਮਹਾਰਾਜ ਦੇ ਸੇਵਕ ਬਲਦੇਵ ਨੂੰ ਅੱਡੋ ਲਇਆ, ਇੱਕ ਹਜ਼ਾਰ ਰੁਪਇਆ ਦੇਣ ਦਾ

ਕਾਗਜ ਲਿਖ ਦਿੱਤਾ, ਪੰਜ ਰੁਪਏ ਨਕਦ ਅਤੇ ਪੰਜ ਸੇਰ ਮਿਠਿਆਈ ਓਸੇ ਵੇਲੇ ਮੰਗਵਾ ਦਿੱਤੀ ਤਾਂ ਜੁ ਉਹ ਸੁਆਮੀ ਜੀ ਨੂੰ ਖਾਣੇ ਵਿੱਚ ਵਿਸ਼ ਦੇ ਕੇ ਉਹਨਾਂ ਨੂੰ ਸਮਾਪਤ ਕਰ ਦੇਵੇ। ਡੇਰੇ ਵਾਪਸ ਜਾਣ ਤੇ ਜਾਣੀ-ਜਾਣ ਸੁਆਮੀ ਦਯਾਨੰਦ ਨੇ, ਉਹਨੂੰ ਪੁੱਛਿਆ—"ਕਿਉਂ ਭਾਈ ਬਲਦੇਵ! ਸੱਚ ਦੱਸੀਂ ਤੂੰ ਗੁਸਾਈਆ ਦੇ ਗਿਆ ਸੈਂ ਅਤੇ ਕੀ ਫ਼ੈਸਲਾ ਕਰ ਕੇ ਆਇਆ ਹੈਂ?" ਦਿਲਾਂ ਦੀ ਬੁੱਝਣ ਵਾਲੇ ਸੁਆਮੀ ਜੀ ਦਾ ਸਿੱਧਾ ਸਵਾਲ ਸੁਣ ਕੇ ਬਲਦੇਵ ਦੇ ਹੱਥਾਂ ਤੋਂ ਤੋਤੇ ਉੱਡ ਗਏ ਅਤੇ ਕਿਸੇ ਦੈਵੀ ਪ੍ਰੇਰਣਾ ਕਰਕੇ ਉਸ ਨੇ ਸਭੋ ਕੁਝ ਸੱਚੋ-ਸੱਚ ਉਗਲ ਦਿੱਤਾ; ਸੁਆਮੀ ਜੀ ਨੇ ਕਿਹਾ-"ਮੈਨੂੰ ਕਈ ਵਾਰੀ ਜ਼ਹਿਰ ਦਿੱਤੇ ਜਾ ਚੁੱਕੇ ਹਨ, ਪਰ ਮੈਂ ਮੋਇਆ ਨਹੀਂ ਅਤੇ ਨ ਹੀ ਹੁਣ ਮਰਾਂਗਾ। ਪ੍ਰਭੂ ਨੇ ਸਦਾ ਮੇਰੀ ਜਾਨ ਬਚਾਈ ਹੈ।" ਉਸ ਨੇ ਗਿੜਗਿੜਾ ਕੇ ਮਾਫ਼ੀ ਮੰਗੀ ਤੇ ਉਦਾਰਤਾ ਦੀ ਮੂਰਤੀ ਮਹਾਰਾਜ ਨੇ ਉਸਦੇ ਕਸੂਰ ਬਖਸ ਦਿੱਤੇ।

11. ਅਮ੍ਰਿਤਸਰ ਦੇ ਇੱਕ ਪਾਂਧੇ ਨੇ ਆਪਣੇ ਮਾਸੂਮ ਸ਼ਾਗਿਰਦਾਂ ਨੂੰ ਲੱਡੂਆਂ ਦਾ ਲਾਲਚ ਦੇ ਕੇ ਸਿਖਾਇਆ ਕਿ "ਅੱਜ ਮੇਰੇ ਨਾਲ ਕਥਾ ਵਿੱਚ ਚੱਲਣਾ ਅਤੇ ਆਪ-ਣੀਆਂ ਝੋਲੀਆਂ ਵਿੱਚ ਰੋੜੇ-ਕੰਕਰ ਭਰ ਲੈ ਚਲਣਾ। ਜਦੋਂ ਮੈਂ ਇਸ਼ਾਰਾ ਕਰਾਂ ਤਾਂ ਕਥਾ ਕਰਨ ਵਾਲੇ ਤੇ ਸਭੋ ਕੁਝ ਦੇ ਮਾਰਨਾ।" ਉਹਨਾਂ ਨੇ ਆਗਿਆ ਦਾ ਪਾਲਨ ਕੀਤਾ। ਪੁਲੀਸ ਨੇ ਕੁਝ ਮੁੰਡਿਆਂ ਨੂੰ ਫੜ ਕੇ ਸੁਆਮੀ ਜੀ ਦੇ ਪੇਸ਼ ਕਰ ਦਿੱਤਾ। ਮੁੰਡਿਆਂ ਨੇ ਸਭ ਕੁਝ ਸੱਚੋ-ਸੱਚ ਦੱਸ ਦਿੱਤਾ। ਮਹਾਰਾਜ ਮੁਸਕ੍ਰਾਏ ਅਤੇ ਲੱਡੂ ਮੰਗਵਾ ਕੇ ਬੱਚਿਆਂ ਵਿੱਚ ਵੰਡ ਦਿੱਤੇ ਅਤੇ ਕਿਹਾ—"ਪਾਂਧਾ ਜੀ ਤਾਂ ਤੁਹਾਨੂੰ ਲੱਡੂ ਦੇਣਗੇ ਜਾ ਨਹੀਂ ਤੁਸੀਂ ਇਹ ਤਾਂ ਖਾਓ?" ਵੇਖਣ ਵਾਲੇ ਧੰਨ-ਧੰਨ ਕਰਨ ਲੱਗੇ।

12. ਇੱਕ ਦਿਨ ਮਹਾਰਾਜ ਕਾਸ਼ੀ ਨਿਵਾਸ ਦੇ ਦੌਰਾਨ ਧਿਆਨ ਤੋਂ ਬਾਦ ਹੱਸਦੇ-ਹੱਸਦੇ ਬਾਹਰ ਆਏ। ਪੰਡਿਤ ਸੁੰਦਰ ਲਾਲ ਨੇ ਹੱਸਣ ਦਾ ਕਾਰਣ ਪੁਛਿਆ ਤਾਂ ਆਪ ਨੇ ਕਿਹਾ—"ਹੁਣੇ ਮੇਰੇ ਵੱਲ ਇੱਕ ਮਨੁੱਖ ਆ ਰਿਹਾ ਹੈ। ਉਹ ਕੌਤੁਕ ਵੇਖਣਾ।" ਥੋੜੇ ਹੀ ਖਿਣਾਂ ਮਗਰੋਂ ਇੱਕ ਆਦਮੀ ਆਇਆ 'ਨਮੋ ਨਾਰਾਇਨ' ਕਿਹਾ, ਕੁਝ ਮਿਠਿ-ਆਈ ਸੁਆਮੀ ਜੀ ਦੇ ਅੱਗੇ ਰੱਖ ਕੇ ਬੈਠ ਗਿਆ। ਸੁਆਮੀ ਜੀ ਨੇ ਪ੍ਰਸਾਦ ਵਜੋਂ ਥੋੜੀ ਜਿਹੀ ਮਿਠਿਆਈ ਉਸਨੂੰ ਵੀ ਖਾਣ ਲਈ ਦਿੱਤੀ। ਉਸਨੇ ਇਨਕਾਰ ਕਰ ਦਿੱਤਾ ਅਤੇ ਨਾਲ ਹੀ ਉਸਨੂੰ ਕਾਂਬਾ ਛਿੜ ਗਿਆ। ਸੁਆਮੀ ਜੀ ਨੇ ਕਿਹਾ—"ਇਹ ਸਾਡੇ ਲਈ ਜ਼ਹਿਰੀਲੀ ਮਿਠਿਆਈ ਲਿਆਇਆ ਹੈ।" ਪੰਡਿਤ ਸੁੰਦਰ ਲਾਲ ਨੇ ਉਹਨੂੰ ਫੜ

ਲਿਆ। ਕੁੱਝ ਮਿਠਿਆਈ ਪਰਤਾਵਾ ਕਰਨ ਲਈ ਇੱਕ ਬਦਕਿਸਮਤ ਕੁੱਤੇ ਨੂੰ ਪਾਈ, ਜਿਸ ਨੂੰ ਖਾ ਕੇ ਥੋੜੇ ਚਿਰ ਤੱਕ ਤੜਫ਼-ਤੜਫ਼ ਕੇ ਉਹਨੇ ਪ੍ਰਾਣ ਦੇ ਦਿੱਤੇ। ਪਰ ਦਯਾਸਾਗਰ ਦਯਾਨੰਦ ਨੇ ਉਸ ਪਾਪੀ ਨੂੰ ਛੁਡਵਾ ਦਿਤਾ ਤੇ ਆਸ਼ੀਰਵਾਦ ਦਿੱਤਾ—''ਜਾ ਪ੍ਰਭੂ ਤੇਰਾ ਦੁਸ਼ਟ ਸੁਭਾਵ ਠੀਕ ਕਰੇ।

# 6

# ਦੇਸ਼ ਹਿਤੈਸ਼ੀ—ਦਯਾਨੰਦ

1. ਦਾਨਾਪੁਰ (ਬਿਹਾਰ) ਵਿੱਚ ਰਾਤ ਨੂੰ ਉੱਠਕੇ ਸੁਆਮੀ ਜੀ ਏਧਰ-ਓਧਰ ਟਹਿਲਣ ਲੱਗੇ। ਪੈਰਾਂ ਦਾ ਖੜਾਕ ਸੁਣ ਕੇ ਕਰਮਚਾਰੀਆਂ ਦੀ ਨੀਂਦ ਖੁਲ੍ਹ ਗਈ। ਉਹਨਾਂ ਨੇ ਪੁੱਛਿਆ—"ਮਹਾਰਾਜ ! ਕੋਈ ਕਸ਼ਟ ਹੋ ਗਿਆ ਹੋਵੇ ਤਾਂ ਵੈਦਜ, ਹਕੀਮ, ਡਾਕਟਰ ਨੂੰ ਬੁਲਾਈਏ ਜਾਂ ਕੋਈ ਦਵਾ-ਦਾਰੂ ਲਿਆਈਏ। ਮਹਾਰਾਜ ਨੇ ਲੰਮਾ-ਸਾਰਾ ਹਾਉਕਾ ਭਰ ਕੇ ਕਿਹਾ—"ਸੱਜਣੋ ! ਆਪ ਦੇ ਓੜ੍ਹ-ਪੋੜ੍ਹ ਜਾਂ ਵੈਦਜ, ਹਕੀਮਾਂ, ਡਾਕਟਰਾਂ ਦੇ ਇਲਾਜਾਂ ਨਾਲ ਮੇਰਾ ਦੁੱਖ ਦੂਰ ਹੋਣ ਵਾਲਾ ਨਹੀਂ ਹੈ। ਮੈਨੂੰ ਤਾਂ ਕਸ਼ਟ ਇਹ ਹੈ ਕਿ ਈਸਾਈ ਪਾਦਰੀ ਅਖੌਤੀ ਅਛੂਤ ਅਤੇ ਬਨਵਾਸੀ ਹਿੰਦੂਆਂ ਨੂੰ ਈਸਾਈ ਬਣਾਉਣ ਲਈ ਸਿਰ ਤੋਂ ਪੈਰਾਂ ਤੱਕ ਦਾ ਜ਼ੋਰ ਲਗਾ ਰਹੇ ਹਨ, ਰੁਪਿਆ ਪਾਣੀ ਵਾਂਗ ਰੋੜ੍ਹ ਰਹੇ ਹਨ; ਪਰ ਹਿੰਦੂਆਂ ਦੇ ਨੇਤਾ ਕੁੰਭਕਰਣੀ ਨੀਂਦ ਵਿੱਚ ਮਸਤ ਘੁਰਾੜੇ ਮਾਰ ਰਹੇ ਹਨ। ਜਾਤਿ ਅਤੇ ਦੇਸ਼ ਦਾ ਇਹੋ ਦੁੱਖ ਮੇਰੀ ਬੇਚੈਨੀ ਦਾ ਵੱਡਾ ਕਾਰਣ ਹੈ।"

2. ਇਕ ਅੰਗ੍ਰੇਜ਼ ਕਲੈਕਟਰ ਨੇ ਮਹਾਰਾਜ ਦਾ ਲੈਕਚਰ ਸੁਣ ਕੇ ਕਿਹਾ ਕਿ— "ਜੇ ਲੋਕ ਤੁਹਾਡੀਆਂ ਗੱਲਾਂ ਮੰਨਣ ਲੱਗ ਜਾਣ ਤਾਂ ਅਸੀਂ ਇੱਕ ਖਿਨ ਲਈ ਵੀ ਏਥੇ ਹਕੂਮਤ ਨਹੀਂ ਕਰ ਸਕਾਂਗੇ।"

3. ਉਦੈਪੁਰ ਵਿਚ ਪੰਡਿਤ ਮੋਹਣ ਲਾਲ ਵਿਸ਼ਨੂੰ ਲਾਲ ਪੰਡਿਆਨੇ ਮਹਾਰਾਜ ਕੋਲ ਪ੍ਰਸ਼ਨ ਕੀਤਾ—"ਮਹਾਰਾਜ ! ਭਾਰਤ ਦਾ ਪੂਰਣ ਹਿਤ ਅਤੇ ਜਾਤੀਯ ਉੱਨਤੀ

ਕਦੋਂ ਹੋਵੇਗੀ ?" ਆਪਨੇ ਉੱਤਰ ਦਿੱਤਾ—"ਇੱਕ ਧਰਮ, ਇੱਕ ਭਾਸ਼ਾ ਅਤੇ ਇੱਕ ਲਕਸ਼ ਬਣਾਏ ਬਿਨਾਂ ਅਜਿਹਾ ਹੋਣਾ ਮੁਸ਼ਕਿਲ ਹੈ।"

4. **ਸੂਰਾਜ ਮਹਿਮਾ**—"ਹੁਣ ਬਦਕਿਸਮਤੀ ਅਤੇ ਆਰਜਾਂ ਦੇ ਆਲਸ, ਸੁਸਤੀ, ਆਪਸੀ ਵਿਰੋਧ ਦੇ ਕਾਰਣ ਦੂਜੇ ਦੇਸ਼ਾਂ ਤੇ ਹਕੂਮਤ ਕਰਨ ਦੀ ਗੱਲ ਹੀ ਕੀ ਹੋਈ, ਸਗੋਂ ਆਰਜਾਵਰਤ ਵਿੱਚ ਵੀ ਆਰਜਾਂ ਦਾ ਅਖੰਡ, ਸੁਤੰਤ੍ਰ, ਸ੍ਵਾਧੀਨ, ਨਿਰਭੈ ਰਾਜ ਇਸ ਸਮੇਂ ਨਹੀਂ ਹੈ। ਜਿਤਨਾ ਕੁਝ ਹੈ ਵੀ ਉਹ ਵੀ ਵਿਦੇਸ਼ੀਆਂ ਦੇ ਪੈਰਾਂ ਹੇਠ ਮਿਧਿਆ ਜਾ ਰਿਹਾ ਹੈ। ਕੁਝ ਥੋੜੇ ਰਾਜਾ ਸੁਤੰਤ੍ਰ ਹਨ। ਭੈੜਾ ਦਿਨ ਜਦ ਆਉਂਦਾ ਹੈ ਤਾਂ ਦੇਸ਼ ਦੇ ਵਸਨੀਕਾਂ ਨੂੰ ਅਨੇਕ ਪ੍ਰਕਾਰ ਦੇ ਦੁੱਖ ਭੋਗਣੇ ਪੈਂਦੇ ਹਨ। **ਕੋਈ ਕਿਤਨਾ ਹੀ ਕਰੇ ਕਿੰਤੂ ਜਿਹੜਾ ਸ੍ਵਦੇਸ਼ੀ ਰਾਜ ਹੁੰਦਾ ਹੈ, ਉਹ ਸਭ ਤੋਂ ਉੱਤਮ ਤੇ ਉੱਚਾ ਹੁੰਦਾ ਹੈ ਅਥਵਾ ਮਤ-ਮਤਾਂਤਰ ਦੀ ਖਿੱਚ ਤੋਂ ਰਹਿਤ, ਆਪਣੇ ਤੇ ਪਰਾਏ ਦੇ ਪੱਖਪਾਤ ਤੋਂ ਹੀਨ, ਪ੍ਰਜਾ ਤੇ ਮਾਤਾ-ਪਿਤਾ ਦੇ ਸਮਾਨ, ਕ੍ਰਿਪਾ, ਨਿਆਇ ਅਤੇ ਦਯਾ ਦੇ ਨਾਲ ਵਿਦੇਸ਼ੀਆਂ ਦਾ ਰਾਜ ਵੀ ਪੂਰਣ ਸੁਖਦਾਈ ਨਹੀਂ ਹੁੰਦਾ।** ਪਰੰਤੂ ਭਿੰਨ ਭਿੰਨ ਭਾਸ਼ਾ, ਅੱਡ-ਅੱਡ ਵਿਦਯਾ ਤੇ ਵੱਖੋ-ਵੱਖ ਵਿਹਾਰ ਦਾ ਛੁੱਟ ਜਾਣਾ ਅਤਿ ਦੁਸ਼ਕਰ ਹੈ। ਬਿਨਾ ਇਹਦੇ ਛੁੱਟੇ ਪਰਸਪਰ ਦਾ ਪੂਰਾ ਉਪਕਾਰ ਅਤੇ ਅਭਿਪ੍ਰਾਯ ਸਿੱਧ ਹੋਣਾ ਕਠਿਨ ਹੈ। ਇਸ ਲਈ ਵੇਦ ਆਦਿ ਸ਼ਾਸਤ੍ਰਾਂ ਵਿੱਚ ਜੋ ਵਿਵਸਥਾ ਜਾਂ ਇਤਿਹਾਸ ਲਿਖੇ ਹਨ ਉਸੇ ਦਾ ਮਾਣ ਕਰਨਾ ਭਦ੍ਰ ਪੁਰਖਾਂ ਦਾ ਕੰਮ ਹੈ।" (ਸਤਯਾਰਥ ਪ੍ਰਕਾਸ਼)

**1857 ਦੇ ਪਹਿਲੇ ਸੁਤੰਤ੍ਰਤਾ ਸੰਗ੍ਰਾਮ ਵੱਲ ਇਸ਼ਾਰਾ—**

5. "ਜਦ ਸੰਮਤ 1924 (1924-57=1857) ਦੇ ਸਾਲ ਵਿੱਚ ਤੋਪਾਂ ਦੇ ਮਾਰੇ ਮੂਰਤੀਆਂ ਅੰਗ੍ਰੇਜ਼ਾਂ ਨੇ ਉਡਾ ਦਿੱਤੀਆਂ ਸਨ, ਤਦ ਮੂਰਤੀਆਂ ਕਿਥੇ ਗਈਆਂ ਸਨ ? ਸਗੋਂ ਬਾਘੇਰ ਲੋਕਾਂ ਨੇ ਜਿਤਨੀ ਵੀਰਤਾ ਕੀਤੀ ਅਤੇ ਲੜੇ, ਸ਼ਤ੍ਰੂਆਂ ਨੂੰ ਮਾਰਿਆ। ਪਰੰਤੂ ਮੂਰਤੀ ਮੱਖੀ ਦੀ ਟੰਗ ਵੀ ਨ ਭੰਨ ਸਕੀਆਂ। ਜੇ ਸ੍ਰੀਕ੍ਰਿਸ਼ਨ ਸਰੀਖਾ ਕੋਈ ਹੁੰਦਾ ਤਾਂ ਇਹਨਾਂ ਦੇ ਧੁੱਰੇ ਉਡਾ ਦਿੰਦਾ ਅਤੇ ਉਹ ਨੱਠਦੇ ਫਿਰਦੇ। ਭਲਾ ਇਹ ਤਾਂ ਦੱਸੋ ਜਿਸਦਾ ਰਾਖਾ ਮਾਰ ਖਾਏ ਉਹਦੇ ਸ਼ਰਣਾਗਤ ਕਿਉਂ ਨ ਕੁੱਟੇ ਜਾਣ ?" (ਸਤਯਾਰਥ ਪ੍ਰਕਾਸ਼ 11ਵਾਂ ਸਮੁੱਲਾਸ)

**ਆਰਜਾਂ ਦਾ ਚਕ੍ਰਵਰਤੀ ਰਾਜ—**

6. "ਸ਼੍ਰਿਸ਼ਟੀ ਤੋਂ ਲੈ ਕੇ ਪੰਜ ਹਜ਼ਾਰ ਬਰਸਾਂ ਤੋਂ ਪਹਿਲੇ ਸਮੇਂ ਤੱਕ ਆਰਜਾਂ ਦਾ ਸਾਰੇ ਸੰਸਾਰ ਤੇ ਚਕ੍ਰਵਰਤੀ ਅਰਥਾਤ ਸਾਰੇ ਭੂਮੰਡਲ ਤੇ ਸਰਵ ਸ੍ਰੇਸ਼ਠ ਇੱਕ ਮਾਤ੍ਰ ਰਾਜ ਸੀ। ਦੂਸਰੇ ਦੇਸ਼ਾਂ ਵਿੱਚ ਮਾਂਡਲਿਕ ਅਰਥਾਤ ਛੋਟੇ-ਛੋਟੇ ਰਾਜਾ ਰਹਿੰਦੇ ਸਣ। ਕਿਉਂਕਿ ਕੌਰਵਾਂ-ਪਾਂਡਵਾਂ ਪਰਯੰਤ ਏਥੋਂ ਦੇ ਰਾਜਿਆਂ ਅਤੇ ਉਹਨਾਂ ਦੇ ਰਾਜਸ਼ਾਸਨ ਵਿੱਚ ਸਾਰੇ ਸੰਸਾਰ ਦੇ ਸਭ ਰਾਜਾ ਅਤੇ ਪ੍ਰਜਾ ਚਲਦੇ ਸਣ। ਉਸ ਤੋਂ ਪਿੱਛੋਂ ਆਪਸ ਦੇ ਵਿਰੋਧ ਕਰਕੇ ਲੜਕੇ ਨਸ਼ਟ ਹੋ ਗਏ।" (ਸਤਯਾਰਥ ਪ੍ਰਕਾਸ਼ 11ਵਾਂ ਸਮੁੱਲਾਸ)

**7. ਗੋਤ੍ਰ ਹਤਿਆਰਾ ਦੁਰਯੋਧਨ—**

ਆਪਸ ਦੀ ਫੁੱਟ ਨਾਲ ਕੌਰਵ-ਪਾਂਡਵ ਅਤੇ ਯਾਦਵਾਂ ਦਾ ਸਤਯਾਨਾਸ਼ ਹੋ ਗਿਆ, ਉਹ ਤਾਂ ਹੋ ਗਿਆ, ਪਰੰਤੂ ਹੁਣ ਤੱਕ ਵੀ ਉਹੋ ਰੋਗ ਪਿੱਛੇ ਲੱਗਾ ਹੈ। ਰੱਬ ਜਾਣੇ ਇਹ ਭਿਅੰਕਰ ਰਾਖਸ਼ ਕਦੀ ਛੁੱਟੇਗਾ ਜਾਂ ਆਰਜਾਂ ਨੂੰ ਸਭ ਸੁਖਾਂ ਤੋਂ ਛੁਡਾ ਕੇ ਦੁਖ-ਸਾਗਰ ਵਿੱਚ ਡੁਬੋ ਮਾਰੇਗਾ ? **ਉਸੇ ਦੁਸ਼ਟ ਦੁਰਯੋਧਨ ਗੋਤ੍ਰ ਹਤਿਆਰੇ, ਸੁਦੇਸ਼ ਵਿਨਾਸ਼ਕ ਨੀਚ ਦੇ ਦੁਸ਼ਟ ਮਾਰਗ ਵਿੱਚ ਆਰਜ ਲੋਕ ਹੁਣ ਤੱਕ ਚੱਲਕੇ ਦੁੱਖ ਵਧਾ ਰਹੇ ਹਨ**। ਪਰਮੇਸ਼੍ਵਰ ਕ੍ਰਿਪਾ ਕਰੇ ਕਿ ਇਹ ਰਾਜ ਰੋਗ ਅਸਾਂ ਆਰਜਾਂ ਵਿੱਚੋਂ ਨਸ਼ਟ ਹੋ ਜਾਏ।" (ਸਤਯਾਰਥ ਪ੍ਰਕਾਸ਼ 11ਵਾਂ ਸਮੁੱਲਾਸ)

**ਸੁਦੇਸ਼ ਦੀ ਦੁਰਦਸ਼ਾ ਤੇ ਮਹਾਰਿਸ਼ੀ ਦਾ ਰੁਦਨ—**

8. ਇੱਕ ਦਿਨ ਮਹਾਰਿਸ਼ੀ ਆਪਣੇ ਆਸਣ ਵੱਲ ਜਾ ਰਹੇ ਸਣ ਕਿ ਇੱਕ ਬੁੱਢੀ-ਠੇਰੀ ਮਾਈ ਜਿਸਦੇ ਸ਼ਰੀਰ ਤੋਂ ਲੀਰਾਂ ਲਮਕਦੀਆਂ ਸਣ ਸ੍ਵਾਮੀ ਜੀ ਨੂੰ ਕਹਿਣ ਲੱਗੀ—"ਬਾਬਾ ! ਮੈਂ ਕਈ ਦਿਨਾਂ ਦੀ ਭੁੱਖੀ ਹਾਂ, ਮੇਰੇ ਲਈ ਭੋਜਨ ਦਾ ਪ੍ਰਬੰਧ ਕਰਦੇ।" ਦਯਾਲੂ ਦਯਾਨੰਦ ਦੇ ਪੈਰ ਉਹਦੀ ਲੜਖੜਾਉਂਦੀ ਆਵਾਜ਼ ਅਤੇ ਥਿੜਕਦੇ ਕਦਮਾਂ ਨੂੰ ਸੁਣ-ਵੇਖਕੇ ਉੱਥੇ ਹੀ ਰੁਕ ਗਏ, ਅੱਖਾਂ ਵਿੱਚੋਂ ਅਥਰੂਆਂ ਦੀ ਧਾਰ ਵਗ ਤੁਰੀ। ਅਤੇ ਸਾਥੀਆਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ—"ਕਦੀ ਉਹ ਦਿਨ ਸੀ ਕਿ ਭਾਰਤਵਰਸ਼ ਸੋਨੇ ਦੀ ਚਿੜੀ ਕਹਿਲਾਉਂਦਾ ਸੀ। ਏਥੇ ਖਾਣ-ਪੀਣ-ਪਹਿਨਣ ਦੀ ਬੇਪਰਵਾਹੀ ਸੀ। ਏਥੇ ਕੋਈ ਭੁੱਖਾ-ਨੰਗਾ ਨਹੀਂ ਸੀ। ਪਾਣੀ ਮੰਗਣ ਵਾਲੇ ਨੂੰ ਦੁੱਧ ਮਿਲਦਾ ਸੀ; ਅਤੇ ਅੱਜ ਇਹ ਹਾਲਤ ਹੈ ਕਿ ਇਸ ਭੁੱਖੀ ਮਾਈ ਨੂੰ ਇਹ

ਵੀ ਵਿਵੇਕ ਨਹੀਂ ਰਿਹਾ ਕਿ ਜਿਸਦੇ ਕੋਲੋਂ ਇਹ ਭੋਜਨ ਦੀ ਯਾਚਨਾ ਕਰ ਰਹੀ ਹੈ ਉਹ ਸ੍ਵਯੰ ਦੂਸਰੇ ਲੋਕਾਂ ਕੋਲੋਂ ਮੰਗ ਕੇ ਰੋਟੀ ਖਾਂਦਾ ਹੈ।''

9. ਸ੍ਵਾਮੀ ਜੀ ਨੇ ਆਪਣੇ ਗ੍ਰੰਥਾਂ ਵਿੱਚ ਸ੍ਵਰਾਜਯ ਸ਼ਬਦ ਦੀ ਸਭ ਤੋਂ ਪਹਿਲੇ ਵਰਤੋਂ ਕੀਤੀ; ਸ੍ਵਰਾਜਯ ਪ੍ਰਾਪਤੀ ਲਈ ਲੋਕਾਂ ਦੇ ਦਿਲਾਂ ਨੂੰ ਟੁੰਬਿਆ; ਇਹਦੀ ਉਪਲਭਧੀ ਦੇ ਤੌਰ ਤਰੀਕੇ ਵਰਣਨ ਕੀਤੇ ਅਤੇ ਇਸ ਖੰਡਿਉਂ ਤਿੱਖੇ ਤੇ ਵਾਲੋਂ ਸੂਖਮ ਰਾਹ ਤੇ ਹੌਸਲੇ, ਹਿੰਮਤ, ਉਤਸਾਹ ਅਤੇ ਆਤਮ-ਪਰਮਾਤਮ ਵਿਸ਼੍ਵਾਸ ਨਾਲ ਅਗਾਂਹ ਹੀ ਅਗਾਂਹ ਵਧਦੇ ਚਲੇ ਜਾਣ ਦੀ ਤੀਬ੍ਰ ਇੱਛਿਆ ਅਤੇ ਉਤਕਟ ਜਿਗਿਆਸਾ ਪੈਦਾ ਕਰ ਦਿੱਤੀ। ਆਪਣੀ ਨਿੱਕੀ ਜਿਹੀ ਪਰ ਬੜੀ ਪ੍ਰਸ਼ੰਸਨੀਯ ਪ੍ਰਾਰਥਨਾ ਪੁਸਤਕ "ਆਰਯਾਭਿਵਿਨਯ' ਵਿੱਚ ਅਨੇਕ ਸਥਾਨਾਂ ਤੇ ਦੇਸ਼ ਭਗਤੀ, ਸ੍ਵਰਾਜਯ ਪ੍ਰੇਮ ਅਤੇ ਚਕ੍ਰਵਰਤੀ ਰਾਜਯ ਦੀ ਖ਼੍ਵਾਹਿਸ਼ ਦੇ ਨਾਲ ਸਭ ਪ੍ਰਕਾਰ ਦੇ ਧਨ-ਦੌਲਤ-ਐਸ਼ਵਰਯ ਦੇ ਹਾਸਿਲ ਕਰਨ ਲਈ ਪਰਮੇਸ਼੍ਵਰ ਦੀ ਸੱਚੀ ਸਰਕਾਰ ਅੱਗੇ ਸਨਿਮ੍ਰ ਬੇਨਤੀਆਂ ਕਰਨ ਦੇ ਢੰਗ ਸਿਖਾਏ। ਇਹ ਆਪ ਜੀ ਦਾ ਮਹਾਨ ਉਪਕਾਰ ਹੈ।

**10. ਅਮ੍ਰਿਤਸਰ ਦੀ ਘਟਨਾ—**

ਇੱਕ ਦਿਨ ਮਹਾਰਾਜ ਦੇ ਵਚਨਾਮ੍ਰਿਤ ਸੁਣਨ ਲਈ ਕਈ ਨਿਰਮਲੇ ਸਾਧ ਆਏ, ਅਤੇ ਖੜੇ-ਖੜੇ ਹੀ ਸੁਣਦੇ ਰਹੇ। ਉਹਨਾਂ ਦੀ ਮੰਡਲੀ ਨੂੰ ਵੇਖ ਕੇ ਆਪ ਜੀ ਨੇ ਕਿਹਾ—"ਹਜ਼ਾਰਾਂ ਭਾਰਤਵਾਸੀ ਢਿੱਡ-ਭਰ ਅੰਨ ਵੀ ਪ੍ਰਾਪਤ ਨਹੀਂ ਕਰ ਰਹੇ। ਦਾਣੇ-ਦਾਣੇ ਨੂੰ ਤਰਸਦੇ ਹਨ। ਭੁੱਖ ਤੇ ਦੁੱਖ ਨਾਲ ਬਿੱਲੀ-ਕੁੱਤਿਆਂ ਦੀ ਅਣ-ਆਈ ਮੌਤੇ ਮਰ ਰਹੇ ਹਨ। ਕੋਈ ਦੱਸੇ ਕਿ ਦੇਸ਼ ਦੀ ਅਜਿਹੀ ਦੀਨ-ਹੀਨ ਦਸ਼ਾ ਵਿੱਚ ਧੜਾ-ਧੜ ਲੋਟੇਸ਼ਾਹੀ ਤੇ ਤੂੰਬੇਸ਼ਾਹੀ ਬਣਨ ਦੀ ਕੀ ਲੋੜ ਹੈ ? ਇਸ ਵੇਲੇ ਤਾਂ ਸਭ ਨੂੰ ਪਰਿ-ਸ਼੍ਰਮ ਕਰਕੇ ਆਪੋ-ਆਪਣੀ ਰੋਜ਼ੀ ਕਮਾਉਣੀ-ਖਾਣੀ ਚਾਹੀਦੀ ਹੈ।"

———

# 7

# ਨਿਸ਼ਕਲੰਕ—ਦਯਾਨੰਦ

1. ਰਾਵਲ ਪਿੰਡੀ ਦਾ ਇੱਕ ਬ੍ਰਾਹਮਣ, ਮਹਾਰਾਜ ਨੂੰ ਆਪਣਾ ਵੱਡਾ ਦੁਸ਼ਮਣ ਸਮਝਦਾ ਸੀ। ਮਹਾਰਾਜ ਦੇ ਅਕਾਲ ਚਲਾਣੇ ਦਾ ਹਾਲ ਸੁਣਕੇ ਭੁੱਬਾਂ ਮਾਰ-ਮਾਰ ਕੇ ਰੋਣ ਲੱਗ ਪਿਆ। ਲੋਕਾਂ ਪੁਛਿਆ ਕਿ—"ਉਹਨਾਂ ਦੇ ਜੀਵਨ ਵਿੱਚ ਤਾਂ ਉਹਨਾਂ ਦਾ ਵੱਡਾ ਵਿਰੋਧ ਕਰਦਾ ਹੁੰਦਾ ਸੈਂ, ਹੁਣ 'ਸ਼ਰੀਕ ਮੋਇਆ ਤੇ ਵਿਹੜਾ ਮੋਕਲਾ' ਦੇ ਅਨੁਸਾਰ ਤੈਨੂੰ ਤਾਂ ਖੁਸ਼ੀ ਦੇ ਸੋਹਲੇ ਗਾਉਣੇ ਚਾਹੀਦੇ ਹਨ, ਤੂੰ ਉਲਟਾ ਰੋਣਾ ਸ਼ੁਰੂ ਕਰ ਦਿੱਤਾ ਹੈ ?" ਬ੍ਰਾਹਮਣ ਬੋਲਿਆ—"ਮੈਨੂੰ ਉਹਦੇ ਮਰਨ ਦਾ ਤਾਂ ਕੋਈ ਦੁੱਖ ਨਹੀਂ। ਦੁੱਖ ਤਾਂ ਏਸ ਗੱਲ ਦਾ ਹੈ ਕਿ ਅਸਾਡੇ ਪੂਰਾ ਜਤਨ ਕਰਨ ਦੇ ਬਾਵਜੂਦ ਕਿ ਉਹਦੇ ਉੱਤੇ ਕੋਈ ਊਜ ਲਗਾਈਏ ਅਸੀਂ ਸਫ਼ਲ ਨਹੀਂ ਹੋਏ ਅਤੇ ਦਯਾ-ਨੰਦ ਬਿਲਕੁਲ ਨਿਸ਼ਕਲੰਕ ਮਰ ਗਿਆ ਹੈ।" ਹੁਣ ਰਹਿੰਦੀ ਦੁਨੀਆਂ ਤੱਕ ਉਹਦੇ ਬਣਾਏ ਆਰਯ ਸਮਾਜ ਦੇ ਪ੍ਰਚਾਰ-ਪ੍ਰਸਾਰ ਨੂੰ ਕੋਈ ਨਹੀਂ ਰੋਕ ਸਕੇਗਾ।"

2. ਮਥੁਰਾ ਦੇ ਪੰਡਿਆਂ ਨੇ ਇੱਕ ਕਸਾਈ ਤੇ ਇੱਕ ਕਲਾਲ ਨੂੰ ਸਿਖੱ-ਪੜ੍ਹਾਕੇ ਸੁਆਮੀ ਜੀ ਦੇ ਡੇਰੇ ਤੇ ਭੇਜਿਆ। ਸੁਆਮੀ ਜੀ ਪ੍ਰਵਚਨ ਕਰ ਰਹੇ ਸਣ। ਉਹ ਦੋਵੇਂ ਵਿੱਚੇ ਹੀ ਰੌਲਾ ਪਾਉਣ ਲੱਗ ਪਏ—"ਬਾਬਾ ! ਸਾਡਾ ਹਿਸਾਬ ਪੁਰਾਣਾ ਹੋ ਗਿਆ ਹੈ, ਸਾਡੇ ਮਾਸ-ਸ਼ਰਾਬ ਦੇ ਪਿਛਲੇ ਪੈਸੇ ਤਾਂ ਦੇ ਦੇ।" ਮਹਾਰਾਜ ਨੇ ਸ਼ਾਂਤਿ ਪੂਰਬਕ ਕਿਹਾ—"ਆਪ ਥੋੜੀ ਦੇਰ ਇੰਤਜ਼ਾਰ ਕਰੋ, ਲੈਕਚਰ ਦੇ ਖ਼ਾਤਮੇ ਤੇ ਆਪ ਦਾ ਹਿਸਾਬ ਕਰਾਂਗਾ।" ਲੈਕਚਰ ਦੇ ਖ਼ਾਤਮੇ ਤੇ ਆਪ ਨੇ ਇੱਕ ਦੀ ਗਿੱਚੀ ਸੱਜੇ ਹੱਥ

ਨਾਲ ਤੇ ਦੂਜੇ ਦੀ ਧੌਣ ਖੱਬੇ ਹੱਥ ਨਾਲ ਫੜਕੇ, ਦੋਹਾਂ ਦੇ ਸਿਰਾਂ ਨੂੰ ਜਰਾ ਟਕਰਾ ਕੇ ਪੁਛਿਆ—"ਦੱਸੋ ! ਤੁਹਾਡਾ ਕੀ ਕੀ ਹਿਸਾਬ ਹੈ ?" ਉਹਨਾਂ ਨੂੰ ਕਾਲ ਸਾਮ੍ਹਣੇ ਖੜਾ ਨਜ਼ਰ ਆਉਣ ਲੱਗਾ। ਉਹਨਾਂ ਸੋਚਿਆ ਕਿ ਇਸ ਫ਼ੌਲਾਦੀ ਪੰਜੇ ਨੇ ਹਾਲੀਂ ਤਾਂ ਆਰਾਮ ਨਾਲ ਹੀ ਸਾਡੇ ਸਿਰ ਟਕਰਾਏ ਹਨ, ਜੇ ਜ਼ਰਾ ਜ਼ੋਰ ਨਾਲ ਟਕਰਾ ਦਿੱਤੇ ਤਾਂ ਸਾਡਾ ਤਾਂ ਭੇਜਾ ਨਿਕਲ ਜਾਵੇਗਾ, ਹੱਥ ਜੋੜਨ ਤੇ ਲਿਲ੍ਹਕੀਆਂ ਲੈਣ ਲੱਗੇ ਅਤੇ ਬੋਲੇ—"ਮਹਾਰਾਜ ! ਸਾਨੂੰ ਤਾਂ ਫਲਾਣੇ ਪੰਡੇ ਤੇ ਅਮੁਕ ਪੁਜਾਰੀ ਨੇ ਆਪ ਪਰ ਮਾਸ ਖਾਣ ਤੇ ਸ਼ਰਾਬ ਪੀਣ ਦਾ ਇਲਜ਼ਾਮ ਲਗਾਉਣ ਲਈ ਭੇਜਿਆ ਸੀ। ਸਾਥੋਂ ਭੁੱਲ ਹੋਈ ਖਿਮਾ ਕਰੋ।" ਤਾਂ ਉਦਾਰ ਹ੍ਰਿਦਯ ਸ੍ਵਾਮੀ ਦਯਾਨੰਦ ਨੇ ਉਹਨਾਂ ਨੂੰ ਮਾਫ਼ ਕਰਕੇ ਛੱਡ ਦਿੱਤਾ। ਉਹਨਾਂ ਨੇ ਘਰ ਜਾ ਕੇ ਸਾਹ ਲਿਆ ਹੋਊ।

3. ਕਾਸ਼ੀ ਦੇ ਪੰਡਿਤਾਂ ਨੇ ਇੱਕ ਕੰਜਰੀ ਨੂੰ ਕੁਝ ਰਕਮ ਦੇ ਕੇ ਸ੍ਵਾਮੀ ਜੀ ਦੇ ਆਸਣ ਤੇ ਘੱਲਿਆ ਕਿ ਉਹ ਕਿਸੇ ਨਾ ਕਿਸੇ ਬਹਾਨੇ ਮਹਾਰਾਜ ਤੇ ਕੋਈ ਊਜ ਲਾ ਦੇਵੇ। ਉਹ ਦੁਸ਼ਟ ਇਸਤ੍ਰੀ ਸੋਲ੍ਹਾਂ ਸ਼ਿੰਗਾਰ ਕਰਕੇ ਪੂਰੀ ਅਪਸਰਾ ਬਣਕੇ ਇਉਂ ਗਈ ਜਿਵੇਂ ਹੁਣੇ ਇੰਦ੍ਰ ਦੇ ਨੰਦਨ ਬਨ ਵਿੱਚੋਂ ਆਈ ਹੋਵੇ। ਉਹਦੇ ਉੱਥੇ ਜਾਣ ਵੇਲੇ ਸ੍ਵਾਮੀ ਜੀ ਸਮਾਧੀ ਲਗਾਈ ਬੈਠੇ ਸਣ। ਉਹ ਸਾਮ੍ਹਣੇ ਬਹਿ ਗਈ ਅਤੇ ਉਹਨਾਂ ਦੇ ਦਿਵਯ ਓਜਸ੍ਵੀ ਚਿਹਰੇ-ਮੁਹਰੇ, ਬ੍ਰਹਮਚਰਯ ਦੇ ਤੇਜ ਨਾਲ ਚਮਕਦੇ-ਦਮਕਦੇ ਮੁਖੜੇ ਦੀ ਆਭਾ ਨੂੰ ਟਿਕਟਿਕੀ ਲਗਾ ਕੇ ਨਿਹਾਰਦੀ ਰਹੀ ਅਤੇ ਨੈਣਾਂ ਦੇ ਅਥਰੂਆਂ ਰਾਹੀਂ ਉਹਦੇ ਮਨ ਦੀ ਮੈਲ, ਚਲਨ ਦੀ ਚੰਚਲਤਾ ਅਤੇ ਪਾਪ-ਪਾਖੰਡ ਦੀ ਪੱਧਤੀ ਸਭ ਸਾਫ਼-ਸੁਥਰੇ ਪਾਣੀ ਵਾਂਗ ਸੁੱਛ ਹੋ ਗਈਆਂ। ਸ੍ਵਾਮੀ ਜੀ ਦੀ ਸਮਾਧੀ ਖੁੱਲ੍ਹੀ ਤਾਂ ਬੋਲੇ—"ਮਾਤਾ ! ਅਜਿਹੇ ਕੁ ਸਮੇਂ ਏਥੇ ਕਿਉਂ ਆਈ ਹੈਂ।" 'ਮਾਤਾ' ਦਾ ਪਵਿਤ੍ਰ ਸ਼ਬਦ ਸੁਣ ਕੇ ਉਹ ਅਧੀਰ ਹੋ ਕੇ ਜ਼ੋਰ-ਜ਼ੋਰ ਨਾਲ ਰੋਣ ਤੇ ਮਾਫ਼ੀਆਂ ਮੰਗਣ ਲੱਗ ਪਈ; ਆਪਣੀ ਪਾਪ-ਬ੍ਰਿਤੀ ਤੋਂ ਕੰਨਾਂ ਨੂੰ ਹੱਥ ਲਾ ਕੇ ਉਹਨਾਂ ਭਲੇਮਾਣਸਾਂ ਦਾ ਨਾਮ ਪਤਾ ਦੱਸਣ ਲੱਗੀ। ਮਹਾਰਾਜ ਨੇ ਉਹਦਾ ਅਪਰਾਧ ਖਿਮਾਂ ਕਰ ਦਿੱਤਾ ਅਤੇ ਵਚਨ ਕੀਤਾ—"'ਜਾ, ਮਾਤਾ ! ਜਿਹੜੀ ਸਦ ਭਾਵਨਾ ਤੇਰੇ ਹ੍ਰਿਦਯ ਵਿੱਚ ਅੱਜ ਪੈਦਾ ਹੋਈ ਹੈ, ਪਰਮਾਤਮਾ ਉਹਨੂੰ ਪੱਕੀ ਕਰੇ।' ਇਹ ਆਸ਼ੀਰਵਾਦ ਪ੍ਰਾਪਤ ਕਰਕੇ ਉਹ ਇਸਤ੍ਰੀ ਜਿਹੜੀ ਪਾਪ-ਵਾਸਨਾਂ ਨਾਲ ਬੱਝ ਕੇ ਆਈ ਸੀ, ਘਰ ਨੂੰ ਚਲੀ ਗਈ ਅਤੇ ਹਮੇਸ਼ਾਂ ਲਈ ਸ਼ੁੱਧ ਚਰਿਤ੍ਰ ਵਾਲੀ ਦੇਵੀ ਬਣ ਗਈ।

# 8

# ਨਿਰਭੀਕ-ਨਿਡਰ—ਦਯਾਨੰਦ

ਜੈਪੁਰ ਦਾ ਰਾਜਾ ਸੁਆਮੀ ਜੀ ਦਾ ਬੜਾ ਵਿਰੋਧੀ ਸੀ। ਸ੍ਰੀ ਪ੍ਰਸਾਦ ਨੇ ਉਹਦੇ ਮੰਤ੍ਰੀ ਠਾਕੁਰ ਫਤਹਿ ਸਿੰਘ ਦੁਆਰਾ ਰਾਜੇ ਨੂੰ ਕਹਿਆ, ਤਾਂ ਉਹ ਬੋਲਿਆ—"ਜੇ ਮੇਰਾ ਵੱਸ ਚੱਲੇ ਤਾਂ ਦਯਾਨੰਦ ਨੂੰ ਕੁੱਤਿਆਂ ਕੋਲੋਂ ਪੜਵਾ ਦਿਆਂ।" ਸ੍ਰੀ ਪ੍ਰਸਾਦ ਨੇ ਇਹ ਸੁਣਕੇ ਸੁਆਮੀ ਜੀ ਅਗੇ ਬੇਨਤੀ ਕੀਤੀ—"ਮਸਾਰਾਜ ਲੋਕੀਂ ਆਪ ਦੇ ਵਿਰੋਧੀ ਹੋ ਰਹੇ ਹਨ। ਕ੍ਰਿਪਾ ਕਰਕੇ ਖੰਡਨ ਦਾ ਝਗੜਾ ਛੱਡ ਦਿਓ ਅਤੇ ਏਥੋਂ ਕਿਧਰੇ ਹੋਰ ਥਾਂ ਚਲੇ ਜਾਉ, ਏਥੇ ਰਹਿਣਾ ਠੀਕ ਨਹੀਂ।" ਤਾਂ ਸੁਆਮੀ ਜੀ ਨੇ ਜਵਾਬ ਦਿੱਤਾ—"ਤੁਸੀ ਤਾਂ ਰਾਜੇ ਦੇ ਨੌਕਰ ਹੋ, ਉਹਦਾ ਆਦੇਸ਼ ਮੰਨਦੇ ਫਿਰੋ। ਮੈਂ ਤਾਂ ਕਿਸੇ ਦਾ ਨੌਕਰ ਨਹੀਂ। ਮੈਂ ਤਾਂ ਹਾਲੀਂ ਏਥੇ ਰਹਿ ਕੇ ਧਰਮ ਪ੍ਰਚਾਰ ਕਰਾਂਗਾ।" ਏਸ ਘਟਨਾ ਤੋਂ ਬਾਦ ਵੀ ਆਪ 9 ਦਿਨ ਉੱਥੇ ਨਿਰੰਤਰ ਆਪਣੀ ਪੱਧਤੀ ਅਨੁਸਾਰ ਪ੍ਰਚਾਰ ਕਰਦੇ ਰਹੇ।

2. ਮੇਰਠ ਵਿੱਚ ਕੁਝ ਕਿਰਾਏ ਦੇ ਗੁੰਡੇ, ਲਾਠੀਆਂ ਲੈਕੇ, ਇੱਕ ਗਲੀ ਵਿੱਚ, ਜਿੱਥੋਂ ਦੀ ਰੋਜ਼ ਸੁਆਮੀ ਜੀ ਲੰਘਦੇ ਹੁੰਦੇ ਸਣ, ਲੁਕ ਕੇ ਬੈਠ ਰਹੇ। ਭਗਤਾਂ ਨੇ ਆਪ ਨੂੰ ਬੰਦ ਗੱਡੀ ਵਿੱਚ ਜਾਣ ਦਾ ਸੁਝਾਉ ਦਿੱਤਾ, ਪਰ ਆਪ ਨਹੀਂ ਮੰਨੇ ਅਤੇ ਉਸੇ ਗਲੀ ਵਿੱਚੋਂ ਨਿਡਰ ਹੋਕੇ ਲੰਘੇ, ਪਰ ਕਿਸੇ ਦਾ ਹੌਸਲਾ ਹੀ ਨਹੀਂ ਪਿਆ ਕਿ ਉਹਨਾਂ ਦੀ ਹਵਾ ਵੱਲ ਵੀ ਵੇਖ ਸਕੇ।

3. ਮਸੂਦਾ ਦੇ ਮੌਲਵੀ ਇਮਦਾਦ ਹੁਸੈਨ ਨੂੰ ਸੁਆਮੀ ਜੀ ਨੇ ਦੱਸਿਆ ਕਿ—"ਇੱਕ ਦਿਨ ਉਹ ਸ਼ੌਚ ਕਰ ਰਹੇ ਸਣ ਤਾਂ ਇੱਕ ਜਣਾ ਨੰਗੀ ਤਲਵਾਰ ਲੈ ਕੇ ਉਹਨਾਂ ਦਾ ਸਿਰ ਵੱਢਣ ਲਈ ਤਿਆਰ ਖੜਾ ਸੀ। ਸੁਆਮੀ ਜੀ ਨੇ ਸ਼ੌਚ ਕਰ ਲੈਣ ਦੀ ਮੁਹਲਤ ਮੰਗੀ ਅਤੇ ਕਿਹਾ ਕਿ ਇਸ ਤੋਂ ਪਿੱਛੋਂ ਤੂੰ ਆਪਣਾ ਕੰਮ ਕਰ ਲਵੀਂ।" ਉਹ ਰੁਕ ਗਿਆ। ਅਤੇ ਵਿਹਲੇ ਹੋਣ ਤੋਂ ਬਾਦ ਸੁਆਮੀ ਜੀ ਨੇ ਉਹਦੇ ਅੱਗੇ ਧੌਣ ਝੁਕਾ ਕੇ ਵਾਰ ਕਰਨ ਲਈ ਕਹਿ ਦਿੱਤਾ। ਪਰ ਉਹਦੇ ਉਤੇ ਅਜਿਹਾ ਪ੍ਰਭਾਵ ਪਿਆ ਕਿ ਉਹ ਚੁੱਪ ਕਰਕੇ ਚਲਿਆ ਗਿਆ।

4. ਅਜਮੇਰ ਦੇ ਇੱਕ ਪਾਦਰੀ ਨੇ ਬਾਈਬਲ ਖੰਡਨ ਤੋਂ ਚਿੜਕੇ ਕਿਹਾ ਕਿ—"ਅਜਿਹੀਆਂ ਗੱਲਾਂ ਨਾਲ ਤਾਂ ਆਪ ਜੇਲ੍ਹ ਵੀ ਭੇਜੇ ਜਾ ਸਕਦੇ ਹੋ।" ਸੁਆਮੀ ਜੀ ਨੇ ਨਿਰਭੀਕ ਹੋ ਕੇ ਉੱਤਰ ਦਿੱਤਾ ਕਿ—"ਜੇਲ੍ਹ ਭੇਜੇ ਜਾਣ ਦੇ ਡਰਾਵਿਆਂ ਨਾਲ ਮੈਂ ਸੱਚ ਕਹਿਣੋਂ ਨਹੀਂ ਰੁਕ ਸਕਦਾ।"

5. ਫ਼ੱਰੁਖਾਬਾਦ ਦੇ ਲਾਲਾ ਜਗਨਨਾਥ ਨੇ ਪ੍ਰਸਤਾਵ ਕੀਤਾ ਕਿ—"ਜਿੱਥੇ ਆਪ ਰਹਿੰਦੇ ਹੋ ਉਹ ਚੰਗਾ ਸੁਰਖਜਤ ਸਥਾਨ ਨਹੀਂ, ਦੂਜੀ ਜਗਹ ਤੇ ਚਲੇ ਚੱਲੋ।" ਆਪ ਨੇ ਉੱਤਰ ਦਿੱਤਾ—"ਮੈਨੂੰ ਮਨੁੱਖੀ-ਰਕਸ਼ਾ ਦੀ ਲੋੜ ਨਹੀਂ, ਮੇਰਾ ਰਾਖਾ ਪਰਮੇਸੁਰ ਹੈ, ਜਿਸਦੇ ਆਸਰੈ ਮੈਂ ਉਹਦੀ ਸ੍ਰਿਸ਼ਟੀ ਵਿੱਚ ਹਰ ਥਾਂ ਤੇਆਪਣੇ-ਆਪ ਨੂੰ ਮਹਿਫ਼ੂਜ਼ ਸਮਝਦਾ ਹਾਂ।"

6. ਫ਼ੱਰੁਖ਼ਾਬਾਦ ਦੇ ਪਾਦਰੀ ਲੂਕਸ ਨੇ ਕਿਹਾ ਕਿ—"ਜੇ ਤੁਹਾਨੂੰ ਤੋਪ ਦੇ ਮੂੰਹ ਅੱਗੇ ਖੜਾ ਕਰਕੇ ਆਖਿਆ ਜਾਵੇ ਕਿ ਮੂਰਤੀ ਨੂੰ ਮੱਥਾ ਟੇਕੋ ਤਾਂ ਹੀ ਤੁਹਾਨੂੰ ਛੱਡਿਆ ਜਾਇਗਾ, ਤਾਂ ਤੁਸੀਂ ਕੀ ਆਖੋਗੇ।" ਸੁਆਮੀ ਜੀ ਨੇ ਉੱਤਰ ਦਿੱਤਾ—"ਮੈਂ ਕਹਾਂਗਾ—ਛੇਤੀ ਕਰੋ, ਚਲਾਉ ਗੋਲਾ ਤੇ ਉਡਾਉ ਮੈਨੂੰ; ਕਿਉਂਕਿ ਮੈਂ ਮੂਰਤੀ ਨੂੰ ਤਾਂ ਮੱਥਾ ਨਹੀਂ ਟੇਕਣਾ।" ਸੁਆਮੀ ਜੀ ਦਾ ਜਵਾਬ ਸੁਣਕੇ ਪਾਦਰੀ ਆਪਦੀ ਨਿਰਭੀਕਤਾ ਦਾ ਕਾਇਲ ਹੋ ਗਿਆ।

7. ਜਨਰਲ ਰਾਬਰਟਸ ਕਮਾਂਡਰ-ਇਨ-ਚੀਫ਼ ਇੱਕ ਦਿਨ ਆਪ ਦਾ ਵਿਆਖਿਆਨ ਸੁਣ ਰਹੇ ਸਣ। ਸੁਆਮੀ ਜੀ ਨੇ ਬਾਈਬਲ ਅਤੇ ਈਸਾਈਯਤ ਦਾ ਘੋਰ ਖੰਡਨ ਕੀਤਾ। ਲੈਕਚਰ ਦੇ ਖਾਤਮੇ ਤੇ ਜਨਰਲ ਸਾਹਿਬ ਨੇ ਟੋਪ ਉਤਾਰ ਕੇ ਆਪ ਨੂੰ

ਸਲਾਮ ਕੀਤੀ ਅਤੇ ਕਿਹਾ—"ਆਪ ਜਿਹਾ ਨਿਡਰ ਕੋਈ ਆਦਮੀ ਮੈਂ ਨਹੀਂ ਦੇਖਿਆ ਜਿਹੜਾ ਮੇਰੇ ਸਾਮ੍ਹਣੇ ਵੀ ਮੇਰੇ ਮਜ਼ਹਬ ਦਾ ਖੰਡਨ ਕਰਨੋਂ ਨ ਡਰੇ।"

8. ਅਮ੍ਰਿਤਸਰ ਦੇ ਇੱਕ ਵਿਆਖਿਆਨ ਵਿੱਚ ਆਪਨੇ ਕਿਹਾ—"ਲੋਕ ਆਖਦੇ ਹਨ ਕਿ ਅੰਗ੍ਰੇਜ਼ ਅਧਿਕ ਧਨੀ ਤੇ ਦੇਸੀ ਲੋਕ ਨਿਰਧਨ ਹੁੰਦੇ ਜਾਂਦੇ ਹਨ। ਇਹਦੀ ਚਿੰਤਾ ਨਹੀਂ ਕਰਨੀ ਚਾਹੀਦੀ; ਕਿਉਂਕਿ ਗੋਰੇ ਜਿਤਨੇ ਧਨੀ ਹੋਣਗੇ ਉਤਨੇ ਹੀ ਸੁਸਤ ਹੁੰਦੇ ਜਾਣਗੇ ਅਤੇ ਜਿਤਨੇ ਸੁਸਤ ਹੋਣਗੇ ਉਤਨੇ ਹੀ ਕਮਜ਼ੋਰ ਹੋਣਗੇ। ਦੇਸੀ ਲੋਕ ਨਿਰਧਨ ਹੋਣ ਕਰਕੇ ਤਕੜੇ ਹੋਣਗੇ ਅਤੇ ਫ਼ਾਇਦੇ ਵਿੱਚ ਰਹਿਣਗੇ।" ਇਹ ਸੁਣਕੇ ਡਿਪਟੀ ਬਿਹਾਰੀ ਲਾਲ ਕਹਿਣ ਲੱਗੇ ਆਪਨੂੰ ਅਜਿਹੀ ਗੱਲ ਨਹੀਂ ਕਹਿਣੀ ਚਾਹੀਦੀ।" ਤਾਂ ਆਪਨੇ ਉਹਨੂੰ ਉੱਤਰ ਦਿੱਤਾ ਕਿ—"ਸੱਚ ਕਹਿਣ ਵਿੱਚ ਮੈਨੂੰ ਕਿਸੇ ਦਾ ਡਰ ਨਹੀਂ।

9. **ਵਿਨਾਸ਼ ਦੇ ਹੇਤੂ**—ਵਿਦੇਸ਼ੀਆਂ ਦਾ ਆਰਯਾਵਰਤ ਵਿੱਚ ਰਾਜ ਹੋਣ ਦੇ ਕਾਰਣ ਆਪਸੀ ਫੁੱਟ, ਮਤਭੇਦ, ਬ੍ਰਹਮਚਰਜ ਦਾ ਸੇਵਨ ਨ ਕਰਨਾ, ਵਿਦਯਾ ਨ ਪੜ੍ਹਨਾ-ਪੜ੍ਹਾਉਣਾ, ਬਾਲ ਵਰੇਸ ਵਿੱਚ ਵਿਆਹ, ਵਿਸ਼ਯਾਸਕਤੀ, ਝੂਠ ਬੋਲਣਾ ਆਦਿ ਕੁਲੱਖਣ, ਵੇਦ ਵਿਦਯਾ ਦਾ ਪ੍ਰਚਾਰ ਨ ਹੋਣਾ ਆਦਿ ਕੁਕਰਮ ਹਨ। ਜਦ ਭਰਾ-ਭਰਾ ਆਪਸ ਵਿੱਚ ਲੜਦੇ ਹਨ, ਤਾਂ ਤੀਸਰਾ ਵਿਦੇਸ਼ੀ ਆ ਕੇ ਪੰਚ ਬਣ ਬਹਿੰਦਾ ਹੈ। ਕੀ ਤੁਸੀਂ ਮਹਾਭਾਰਤ ਦੀਆਂ ਗੱਲਾਂ ਜਿਹੜੀਆਂ ਪੰਜ ਹਜ਼ਾਰ ਵਰ੍ਹਾ ਪਹਿਲੇ ਹੋਈਆਂ ਸਣ, ਭੁੱਲ ਗਏ। ਆਪਸ ਦੀ ਫੁੱਟ ਨਾਲ ਕੌਰਵਾਂ-ਪਾਂਡਵਾਂ ਅਤੇ ਯਾਦਵਾਂ ਦਾ ਸਤਯਾਨਾਸ਼ ਹੋ ਗਿਆ, ਉਹ ਤਾਂ ਹੋ ਗਿਆ, ਪਰੰਤੂ ਅਜੇ ਤੱਕ ਵੀ ਉਹੀ ਰੋਗ ਪਿੱਛੇ ਲੱਗਾ ਹੈ। ਨ ਜਾਣੀਏ ਇਹ ਭਯੰਕਰ ਰਾਕਸ਼ ਕਦੇ ਛੁੱਟੇਗਾ ਜਾਂ ਆਰਯਾਂ ਨੂੰ ਸਭ ਸੁਖਾਂ ਤੋਂ ਛੁਡਾ ਕੇ ਦੁੱਖ ਸਾਗਰ ਵਿੱਚ ਡੁਬਾ ਮਾਰੇਗਾ ?" (ਸਤਯਾਰਥ ਪ੍ਰਕਾਸ਼ 11ਵਾਂ ਸਮੁੱਲਾਸ)

10. ਜਾਲੰਧਰ ਵਿੱਚ ਮਹਾਰਾਜ ਨੇ ਇੱਕ ਦਿਨ ਕਿਹਾ ਸੀ—"ਅੱਜ ਕੱਲ ਦੇ ਰਾਜਿਆਂ ਦੀ ਕੀ ਹਾਲਤ ਹੈ ? ਅੰਗ੍ਰੇਜ਼ ਲੋਕ ਆਪਣੇ ਆਦਮੀਆਂ ਦਾ ਬਹੁਤ ਲਿਹਾਜ਼ ਕਰਦੇ ਹਨ। ਜੇ ਕੋਈ ਅੰਗ੍ਰੇਜ਼ ਕਿਸੇ ਦੇਸੀ ਨੂੰ ਕਤਲ ਕਰ ਦੇਵੇ, ਤਾਂ ਉਹਨੂੰ ਛੱਡ ਦਿੰਦੇ ਹਨ। ਜੇ ਇਹ ਇਸੇ ਤਰ੍ਹਾਂ ਜ਼ਿਆਦਾ ਜ਼ੁਲਮ ਕਰਨਗੇ ਤਾਂ ਇਹਨਾਂ ਦਾ

ਰਾਜ ਵਧੇਰੇ ਦਿਨ ਤੱਕ ਨਹੀਂ ਟਿਕੇਗਾ। ਜਿਹਾ ਕਿ ਇਹਨਾਂ ਲਖਨਊ ਦੇ ਬਲਵੇ ਵਿੱਚ ਕੀਤਾ ਸੀ ਅਰਥਾਤ ਚੰਦ ਗੋਰਿਆਂ ਨੇ ਬਦਲੇ ਸੈਂਕੜੇ ਦੇਸੀ ਬੇਗੁਨਾਹ ਮਾਰ ਦਿੱਤੇ ਸਣ।"

11. ਜਦ ਮਹਾਰਾਜ ਚਿਤੌੜ ਗਏ ਸਣ, ਗਵਰਨਰ ਜਨਰਲ ਵੀ ਓਥੇ ਹੀ ਸੀ। ਉਹਨੇ ਮਹਾਰਾਜਾ ਸੱਜਣ ਸਿੰਘ ਕੋਲੋਂ ਚਿਤੌੜ ਦਾ ਕਿਲਾ ਮੰਗ ਲਿਆ। ਮਹਾਰਾਣਾ ਉਸ ਸਮੇਂ ਚੁੱਪ ਰਹੇ, ਪਰ ਜਦ ਸੁਆਮੀ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਰਾਜਪੂਤ ਸਰਦਾਰਾਂ ਨੂੰ ਬੁਲਾ ਕੇ ਕਿਹਾ—"ਤੁਸੀਂ ਇੱਕ-ਇੱਕ ਕਰਕੇ ਲਾਟ ਸਾਹਿਬ ਨੂੰ ਕਹੋ ਕਿ ਰਾਣਾ ਸਾਹਿਬ ਇਕੱਲੇ ਦਾ ਇਹ ਗੜ੍ਹ ਨਹੀਂ ਹੈ, ਸਗੋਂ ਸਾਰੇ ਰਾਜਪੂਤਾਂ ਦੀ ਸਾਂਝੀ ਵਿਰਾਸਤ ਹੈ। ਮਹਾਰਾਣਾ ਦਾ ਇਕੱਲੇ ਇਹਨੂੰ ਦੇ ਦੇਣ ਦਾ ਕੋਈ ਅਧਿਕਾਰ ਨਹੀਂ। ਅਸੀਂ ਆਪਣੇ ਵੱਡੇ-ਵਡੇਰਿਆਂ ਦੀ ਅਮਾਨਤ ਸੁਖੀਂ-ਸਾਂਦੀ ਕਿਸੇ ਨੂੰ ਦੇਣ ਨਹੀਂ ਦਿਆਂਗੇ।" ਰਾਜਪੂਤ ਸਰਦਾਰਾਂ ਨੇ ਇਵੇਂ ਹੀ ਕੀਤਾ ਤਾਂ ਗਵਰਨਰ ਜਨਰਲ ਨੇ ਆਪਣਾ ਇਰਾਦਾ ਬਦਲ ਲਿਆ।

12. ਹਰਿਦੁਆਰ ਦੇ ਕੁੰਭ ਤੇ ਇੱਕ ਦਿਨ ਮਹਾਰਾਜ ਨੇ ਪ੍ਰੇਮ ਵਿਭੋਰ ਹੋ ਕੇ ਕਿਹਾ ਕਿ —"ਇਸ ਦੇਸ਼ ਦੀ ਭੂਮੀ ਬੜੀ ਉਪਜਾਊ ਹੈ। ਸੁਰਾਜ ਪ੍ਰਾਪਤ ਹੋਣ ਤੋਂ ਥੋੜੀ ਹੀ ਦੇਰ ਪਿਛੋਂ ਇਹ ਧਨ-ਧਾਨ ਨਾਲ ਭਰਪੂਰ ਹੋ ਜਾਏਗੀ।"

13. ਵੇਖੋ (ਅੰਗਰੇਜ਼) ਆਪਣੇ ਦੇਸ਼ ਦੇ ਬਣੇ ਜੂਤੇ ਨੂੰ ਆਫ਼ਿਸ ਅਤੇ ਕਚਹਿਰੀ ਵਿੱਚ ਜਾਣ ਦਿੰਦੇ ਹਨ, ਇਸ ਦੇਸੀ ਜੂਤੇ ਨੂੰ ਨਹੀਂ...ਇਤਨੇ ਵਿੱਚ ਹੀ ਸਮਝ ਲਉ ਕਿ ਆਪਣੇ ਦੇਸ਼ ਦੇ ਬਣੇ ਜੂਤੇ ਦਾ ਵੀ ਕਿਤਨੀ ਮਾਨ-ਪ੍ਰਤਿਸ਼ਠਾ ਕਰਦੇ ਹਨ ਉਤਨਾਂ ਦੂਜੇ ਦੇਸ-ਵਾਸੀਆਂ ਦਾ ਨਹੀਂ ਕਰਦੇ।" (ਸਤਯਾਰਥ ਪ੍ਰਕਾਸ਼ 11ਵਾਂ ਸਮੁੱਲਾਸ)।

14. ਇਸ ਲਈ ਜੋ ਉੱਨਤੀ ਕਰਨਾ ਚਾਹੁੰਦ ਹੋ ਤਾਂ ਆਰਯ ਸਮਾਜ ਦੇ ਨਾਲ ਮਿਲ ਕੇ ਉਹਦੇ ਉੱਦੇਸ਼ ਦੇ ਅਨੁਸਾਰ ਆਚਰਣ ਕਰਨਾ ਸ੍ਵੀਕਾਰ ਕਰੋ। ਨਹੀਂ ਤੇ ਕੁਝ ਵੀ ਹੱਥ ਨਹੀਂ ਲੱਗੇਗਾ, ਕਿਉਂਕਿ ਸਾਨੂੰ-ਤੁਹਾਨੂੰ ਅਤਿ ਉਚਿਤ ਹੈ ਕਿ ਜਿਸ ਦੇਸ਼ ਦੇ ਪਦਾਰਥ ਨਾਲ ਆਪਣਾ ਸ਼ਰੀਰ ਬਨਿਆ, ਹੁਣ ਵੀ ਪਾਲਣ-ਪੋਸਣ ਹੁੰਦਾ ਹੈ ਅੱਗੇ ਹੋਵੇਗਾ ਉਹਦੀ ਉੱਨਤੀ, ਤਨ, ਮਨ, ਧਨ ਨਾਲ ਸੱਭੇ ਜਣੇ ਮਿਲਕੇ ਪ੍ਰੀਤਿ ਨਾਲ ਕਰੀਏ

ਇਸ ਕਰਕੇ ਜਿਵੇਂ ਆਰਯਾ ਸਮਾਜ, ਆਰਯ ਵਰਤ ਦੇਸ਼ ਦੀ ਉੱਨਤੀ ਦਾ ਕਾਰਨ ਹੋ ਸਕਦਾ ਹੈ ਉਜਿਹਾ ਦੂਸਰਾ ਨਹੀਂ ਹੋ ਸਕਦਾ। ਜੇ ਇਸ ਸਮਾਜ ਨੂੰ ਮੁਨਾਸਿਬ ਸਹਾਇਤਾ ਦਿਉ ਤਾਂ ਬਹੁਤ ਹੱਛੀ ਗੱਲ ਹੈ ਕਿਉਂ ਕਿ ਸੁਭਾਗ ਦਾ ਵਧਾਉਣਾ ਸਮੁਦਾਇ ਦਾ ਕੰਮ ਹੈ ਇੱਕ ਵਿਅਕਤੀ ਦਾ ਨਹੀਂ (ਸਤਯਾਰਥ ਪ੍ਰਕਾਸ਼ 11ਸਮੁੱਲਾਸ)

15. ਬਰੇਲੀ ਦੇ ਇੱਕ ਵਿਆਖਿਆਨ ਵਿੱਚ ਕਮਿਸ਼ਨਰ, ਕੁਲੈਕਟਰ, ਪਾਦਰੀ ਸਕਾਟ ਤੇ ਕਈ ਦੂਸਰੇ ਅੰਗ੍ਰੇਜ਼ ਅਫ਼ਸਰ ਮੌਜੂਦ ਸਣ। ਪੋਰਾਣਿਕ ਗੱਲਾਂ ਦਾ ਖੰਡਨ ਸੁਣਕੇ ਸਭ ਅੰਗ੍ਰੇਜ਼ ਹੱਸ ਰਹੇ ਸਣ। ਉਹਨਾਂ ਦੇ ਦਿਲਾਂ ਦੀ ਗੱਲ ਤਾੜ ਕੇ ਸ੍ਵਾਮੀ ਜੀ ਨੇ ਝੱਟ ਮਜ਼ਮੂਨ ਬਦਲਕੇ ਕਹਿਣਾ ਸ਼ੁਰੂ ਕੀਤਾ—"ਇਹ ਤਾਂ ਹੋਈ ਪੌਰਾਣਿਕਾਂ ਦੀ ਲੀਲਾ, ਹੁਣ ਕਿਰਾਨੀਆਂ ਦੀ ਗੱਲ ਸੁਣੋ। ਉਹ ਕੁਆਰੀ ਦੇ ਪੇਟੋਂ ਪੁਤ੍ਰ ਦਾ ਪੈਦਾ ਹੋਣਾ ਮੰਨਦੇ ਹਨ ਅਤੇ ਦੋਸ਼ ਪਰਮਾਤਮਾ ਤੇ ਲਾਉਂਦੇ ਹਨ। ਇਹ ਲੋਕ ਅਜਿਹੀ ਪਾਪ ਦੀ ਗੱਲ ਕਹਿੰਦੇ ਸ਼ਰਮਾਉਂਦੇ ਨਹੀਂ ਹਨ।" ਝਟ ਕੁ ਪਹਿਲੇ ਖੜ-ਖਿਲੀਆ ਮਾਰਨ ਵਾਲੇ ਗੋਰਿਆਂ ਦੇ ਮੂੰਹ ਲਾਲ ਹੋ ਗਏ; ਪਰੰਤੂ ਮਹਾਰਾਜ ਤੇ ਇਸ ਦਾ ਕੀ ਅਸਰ ? ਉਹਨਾਂ ਇੱਕਤਾਰ ਈਸਾਈ ਮਤ ਦਾ ਖੰਡਨ ਜ਼ਾਰੀ ਰੱਖਿਆ।

16. ਜੋਧਪੁਰ ਨਿਵਾਸ ਦੇ ਦਿਨਾਂ ਵਿੱਚ ਮਹਾਰਾਜ ਨੇ ਰਜਵਾੜਿਆਂ ਦੇ ਵਿਭਚਾਰਾਂ ਦਾ ਜ਼ੋਰਦਾਰ ਖੰਡਨ ਕਰਦਿਆਂ ਹੋਇਆਂ ਕਿਹਾ—"ਇਹ ਲੋਕੀਂ ਕੰਜਰੀਆਂ ਦੇ ਮਗਰ ਕੁੱਤਿਆਂ ਵਾਂਗ ਫਿਰਦੇ ਹਨ। ਇਸ ਤੋਂ ਛੁੱਟ ਆਪਨੇ ਰਾਜਾ ਸਰ ਪ੍ਰਤਾਪ ਸਿੰਘ ਨੂੰ ਪਤ੍ਰ ਲਿਖਕੇ ਮਹਾਰਾਜ ਜੋਧਪੁਰ ਦਾ ਚਰਿਤ੍ਰ ਸੁਧਾਰਨ ਲਈ ਨਿਧੜਕ ਹੋ ਕੇ ਮਸ਼ਵਰਾ ਦਿੱਤਾ ਸੀ।

17. ਜਾਲੰਧਰ ਦੇ ਸਰਦਾਰ ਬਿਕ੍ਰਮ ਸਿੰਘ ਨੇ, ਜਿਸਦੇ ਸਥਾਨ ਤੇ ਮਹਾਰਾਜ ਦਾ ਡੇਰਾ ਸੀ, ਕੰਜਰੀ ਰੱਖੀ ਹੋਈ ਸੀ। ਇੱਕ ਦਿਨ ਸਰਦਾਰ ਤੋਂ ਇਲਾਵਾ ਹੋਰ ਵੀ ਕਈ ਸੱਜਣ ਮੌਜੂਦ ਸਣ ਤਾਂ ਮਹਾਰਾਜ ਨੇ ਕਹਿ ਦਿੱਤਾ—"ਜਿਹੜੇ ਲੋਕ ਕੰਜਰੀਆਂ ਰੱਖਦੇ ਹਨ, ਉਹ ਕੰਜਰ ਹੀ ਹੁੰਦੇ ਹਣ।" ਇਹ ਸੁਣ ਕੇ ਸਰਦਾਰ ਨੇ ਕਿਹਾ—"ਮਹਾਰਾਜ! ਅੱਜ ਸਾਡੇ ਤੇ ਵੀ ਵਰ੍ਹ ਗਏ।" ਜਵਾਬ ਮਿਲਿਆ—"ਅਸੀਂ ਤਾਂ ਸੱਚੀ ਗੱਲ ਨਿਡਰ ਹੋ ਕੇ ਸਪਸ਼ਟ ਤੇ ਸਾਫ਼ ਕਹਿੰਦੇ ਹਾਂ, ਕਿਸੇ ਕੋਲੋਂ ਡਰਦੇ ਨਹੀਂ।"

18. ਮਹਾਰਾਜ ਨੂੰ ਕਈ ਵਾਰ ਭਗਤਾਂ ਨੇ ਬੇਨਤੀ ਕੀਤੀ ਕਿ—"ਨਿਰਭੀਕ ਹੋਕੇ ਸੱਚੀ ਗੱਲ ਕਹਿੰਦੇ ਰਹਿਣ ਦੇ ਕਾਰਣ ਲੋਕੀਂ ਨਾਰਾਜ਼ ਹੋ ਜਾਂਦੇ ਹਨ। ਕ੍ਰਿਪਾ ਕਰਕੇ

ਜ਼ਰਾ ਨੀਤੀ ਤੋਂ ਕੰਮ ਲਿਆ ਕਰੋ ।'' ਪਰ ਮਹਾਰਾਜ ਨੇ ਸਦਾ ਇਹੋ ਉੱਤਰ ਦਿੱਤਾ —''ਮੈਂ ਸੱਚ ਦਾ ਪ੍ਰਚਾਰ ਝੂਠ ਨਾਲ ਕਦਾਪੀ ਨਹੀਂ ਕਰਾਂਗਾ' ਭਾਵੇਂ ਜਾਨ ਵੀ ਕਿਉਂ ਨ ਚਲੀ ਜਾਵੇ ।'

19. ਸ੍ਵਾਮੀ ਜੀ ਪਟਨੇ ਤੋਂ ਚੱਲਕੇ ਰਾਤ ਦੇ ਬਾਰਾਂ ਵਜੇ ਜਮਾਲਪੁਰ ਜੰਕਸ਼ਨ ਤੇ ਮੁੰਗੇਰ ਵਾਲੀ ਗੱਡੀ ਨੂੰ ਉਡੀਕ ਕਰ ਰਹੇ ਸਣ, ਜਿਸਦੇ ਵਿੱਚ ਅਜੇ ਇੱਕ ਘੰਟੇ ਦੀ ਦੇਰੀ ਸੀ । ਆਪ ਸਟੇਸ਼ਨ ਤੇ ਟਹਿਲ ਰਹੇ ਸਣ ਕਿ ਇੱਕ ਅੰਗ੍ਰੇਜ਼ ਇੰਜੀਨੀਅਰ ਜਿਸਦੇ ਨਾਲ ਉਸਦੀ ਮੇਮ ਵੀ ਸੀ, ਸ੍ਵਾਮੀ ਜੀ ਨੂੰ ਨੰਗੇ ਫਿਰਦੇ ਵੇਖ ਕੇ ਸਟੇਸ਼ਨ ਮਾਸਟਰ ਨੂੰ ਕਹਿਣ ਲੱਗਾ, ''ਇਹਨੂੰ ਕਹੋ 'ਇੱਕ ਪਾਸੇ ਹੋ ਜਾਏ ।'' ਸਟੇਸ਼ਨ ਮਾਸਟਰ ਨੇ ਇੱਕ ਪਾਸੇ ਕੁਰਸੀ ਡਾਹ ਕੇ ਉਸਦੇ ਉਤੇ ਬਹਿਣ ਦੀ ਆਪ ਦੇ ਅੱਗੇ ਪ੍ਰਾਰਥਨਾ ਕੀਤੀ ਤਾਂ ਆਪਨੇ ਕਿਹਾ—''ਜਿਸਨੇ ਸਾਨੂੰ ਏਥੋਂ ਹਟਾਉਣ ਲਈ ਆਪਨੂੰ ਕਿਹਾ ਹੈ, ਜਾਉ ਉਸਨੂੰ ਕਹਿ ਦਿਉ ਕਿ ਅਸੀਂ ਉਸ ਜ਼ਮਾਨੇ ਦੇ ਲੋਕ ਹਾਂ ਜਦ ਬਾਬਾ ਆਦਮ ਤੇ ਮਾਈ ਹਵਾ ਅਦਨ ਦੇ ਬਾਗ਼ ਵਿੱਚ ਆਲਿਫ ਨੰਗੇ ਫਿਰਦੇ ਸ਼ਰਮ ਮਹਿਸੂਸ ਨਹੀਂ ਸਣ ਕਰਦੇ (ਅਸਾਂ ਤੇ ਫੇਰ ਕੋਪੀਨ ਬੱਧੀ ਹੋਈ ਹੈ ।) ਇਹ ਕਹਿਕੇ ਆਪ ਪਹਿਲੇ ਦੀ ਤਰ੍ਹਾਂ ਹੀ ਟਹਿਲਣ ਲੱਗ ਪਏ । ਸਹਿਬ ਨੇ ਫਿਰ ਸਟੇਸ਼ਨ ਮਾਸਟਰ ਦਾ ਧਿਆਨ ਦਵਾਇਆ ਤਾਂ ਉਸਨੇ ਕਿਹਾ—''ਸ਼੍ਰੀਮਾਨ ਜੀ ! ਇਹ ਕੋਈ ਭਿਖ-ਮੰਗਾ ਫ਼ਕੀਰ ਤਾਂ ਹੈ ਨਹੀਂ ਜੋ ਮੇਰੀ ਜਾਂ ਤੇਰੀ ਗੱਲ ਮੰਨ ਕੇ ਇੱਕ ਪਾਸੇ ਤੋਂ ਜਾਵੇ । ਇਹ ਤਾਂ ਸ੍ਰੀ ਸ੍ਵਾਮੀ ਦਯਾਨੰਦ ਸਰਸ੍ਵਤੀ ਹਨ ਜਿਨ੍ਹਾਂ ਦੀ ਚਰਨ ਧੂੜ ਨੂੰ ਲੱਖਾਂ ਲੋਕ ਤਰਸਦੇ ਹਨ ।'' ਇਹ ਸੁਣ ਕੇ ਇੰਜੀਨੀਅਰ ਕਹਿਣ ਲਗਾ—''ਹੱਛਾ, ਇਹ ਹਨ ਵੱਡੇ ਸੁਧਾਰਕ ਸ੍ਵਾਮੀ ਦਯਾਨੰਦ ਸਰਸ੍ਵਤੀ ?'' ਬਸ ਫੇਰ ਉਹ ਮੁੰਗੇਰ ਵਾਲੀ ਗੱਡੀ ਕੋਲ ਚਲਾ ਗਿਆ, ਸ੍ਵਾਮੀ ਜੀ ਨਾਲ ਗੱਲ-ਬਾਤ ਕਰਦਾ ਰਿਹਾ ਅਤੇ ਗੱਡੀ ਤੁਰਨ ਤੇ ਉਹਨਾਂ ਨੂੰ ਸਲਾਮ ਕਰਕੇ ਆਪਣੀ ਥਾਂ ਤੇ ਗਿਆ ।

20. ਇੱਕੇਰਾਂ ਸ੍ਵਾਮੀ ਜੀ ਕਲਕੱਤਾ ਨਿਵਾਸ ਦੇ ਦਿਨੀਂ ਲਾਰਡ ਨਾਰਥ ਬ੍ਰੁਕ ਵਾਇਸ-ਰਾਇ ਨੂੰ ਮਿਲੇ । ਉਹਨੇ ਸ੍ਵਾਮੀ ਜੀ ਦੀ ਜਾਨ ਦੀ ਰਾਖੀ ਲਈ ਫ਼ੌਜੀ ਸਿਪਾਹੀ ਨਾਲ ਰੱਖਣ ਅਤੇ ਸਾਰੇ ਦੇਸ਼ ਵਿੱਚ ਘੁੰਮਣ ਲਈ ਪਹਿਲੇ ਦਰਜੇ ਦਾ ਫ੍ਰੀ ਪਾਸ ਦੇਣ ਦੀ ਪੇਸ਼ਕਸ਼ ਕੀਤੀ । ਮਹਾਰਾਜ ਨੇ ਧੰਨਵਾਦ ਸਹਿਤ ਇਹ ਸ੍ਵੀਕਾਰ ਕਰਨ ਤੋਂ ਨਾਂਹ

ਕਰਨ ਦਾ ਕਾਰਣ ਇਹ ਦੱਸਿਆ ਕਿ—"ਇਹਦੇ ਨਾਲ ਲੋਕ ਇਹ ਸਮਝਣਗੇ ਕਿ ਮੈਂ ਸਰਕਾਰ ਦਾ ਨੌਕਰ ਹਾਂ ਅਤੇ ਈਸਾਈਆਂ ਦਾ ਏਜੰਟ, ਮੈਂ ਸੱਚੀ ਸਰਕਾਰ ਦੀ ਨੌਕਰੀ ਕੀਤੀ ਹੋਈ ਹੈ ਇਸ ਕਰਕੇ ਹੋਰ ਕਿਸੇ ਦਾ ਨੌਕਰ ਬਣਨ ਦੀ ਮੈਨੂੰ ਲੋੜ ਨਹੀਂ।" ਵਾਇਸਰਾਇ ਨੇ ਕਹਿ ਦਿੱਤਾ ਕਿ—"ਚੰਗਾ।" ਜਦ ਤੁਸੀਂ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦੇ ਹੋ ਤਾਂ ਅੰਗ੍ਰੇਜ਼ੀ ਸਰਕਾਰ ਦੇ ਚਿਰ ਕਾਲ ਤਕ ਟਿਕੇ ਰਹਿਣ ਦੀ ਪ੍ਰਾਰਥਨਾ ਵੀ ਕਰ ਦਿਆ ਕਰੋ ਤਾਂ ਆਪਨੇ ਨਿਡਰ ਹੋ ਕੇ ਕਹਿ ਦਿਤਾ—"ਮੈਂ ਕੋਈ ਅਜਿਹੀ ਗੱਲ ਮਨਜ਼ੂਰ ਨਹੀਂ ਕਰ ਸਕਦਾ। ਮੈਂ ਤਾਂ ਹਰ ਰੋਜ਼ ਸਵੇਰੇ ਤੇ ਸ਼ਾਮ ਪ੍ਰਭੂ ਅਗੇ ਪ੍ਰਾਰਥਨਾ ਕਰਦਾ ਹਾਂ ਕਿ ਮੇਰੇ ਦੇਸ਼ ਤੋਂ ਵਿਦੇਸ਼ੀਆਂ ਦਾ ਰਾਜ ਜਿਤਨੀ ਛੇਤੀ ਹਟੇ ਉਤਨਾਂ ਹੀ ਚੰਗਾ ਹੈ, ਤਾਕਿ ਅਸੀਂ ਵੀ ਦੁਨੀਆਂ ਦੀਆਂ ਕੌਮਾਂ ਦੀ ਬਰਾਦਰੀ ਵਿੱਚ ਬਾਇੱਜ਼ਤ ਜਗਹ ਹਾਸਿਲ ਕਰ ਸਕੀਏ।" ਇਹ ਗੱਲ ਸੁਣ ਕੇ ਲਾਰਡ ਨਾਰਥ ਬ੍ਰੂਕ ਨੇ ਗੱਲਬਾਤ ਦਾ ਸਿਲਸਿਲਾ ਬੰਦ ਕਰ ਦਿੱਤਾ ਅਤੇ ਏਸ **'ਬਾਗੀ ਫ਼ਕੀਰ'** ਦੀ ਪੂਰੀ ਨਿਗਰਾਨੀ ਰੱਖਣ ਲਈ ਆਪਣੀ ਸੀ. ਆਈ. ਡੀ. ਦੀ ਡਿਊਟੀ ਲਗਾ ਦਿੱਤੀ ਜਿਹੜੀ ਉਹਨਾਂ ਦੇ ਪਿੱਛੇ ਪਰਲੋਕ ਗਮਨ ਤਕ ਲੱਗੀ ਰਹੀ।

21. ਲਾਹੌਰ ਨਿਵਾਸ ਦੇ ਦਿਨੀਂ ਪੰਡਿਤ ਮਨਫੂਲ ਨੇ ਕਿਹਾ—"ਮੂਰਤੀ ਪੂਜਨ ਦਾ ਖੰਡਨ ਕਰਨ ਕਰਕੇ ਸਭ ਲੋਕ ਆਪਦੇ ਵਿਰੋਧੀ ਹੋ ਰਹੇ ਹਨ ਜੇ ਤੁਸੀਂ ਇਹ ਕੰਮ ਛੱਡ ਦਿਉ ਤਾਂ ਮਹਾਰਾਜ ਜੰਮੂ ਕਸ਼ਮੀਰ ਵੀ ਆਪ ਤੇ ਬਹੁਤ ਪ੍ਰਸੰਨ ਹੋ ਜਾਣਗੇ।" ਸ੍ਵਾਮੀ ਜੀ ਨੇ ਉੱਤਰ ਦਿੱਤਾ—"ਮੈਂ ਮਹਾਰਾਜ ਜੰਮੂ ਕਾਸ਼ਮੀਰ ਨੂੰ ਪ੍ਰਸੰਨ ਕਰਾਂ ਜਾਂ ਈਸ਼੍ਵਰੀਯ ਗਿਆਨ ਵੇਦ ਦੇ ਆਦੇਸ਼ ਦੇ ਅਨੁਸਾਰ ਚੱਲਾਂ?" ਭਾਵੇਂ ਕੁਝ ਵੀ ਹੋ ਜਾਵੇ ਮੈਂ ਵੇਦ ਆਗਿਆ ਨੂੰ ਭੰਗ ਨਹੀਂ ਕਰ ਸਕਦਾ।"

22. ਆਤਮਾ ਦਾ ਸ੍ਵਰੂਪ ਵਰਣਨ ਕਰਦੇ ਹੋਏ ਸ੍ਵਾਮੀ ਜੀ ਨੇ ਕਿਹਾ—"ਲੋਕ ਕਹਿੰਦੇ ਹਨ ਕਿ ਸੱਤ ਦਾ ਪ੍ਰਚਾਰ ਨ ਕਰੋ; ਕਿਉਂਕਿ ਕਲੈਕਟਰ ਗੁੱਸੇ ਹੋ ਜਾਏਗਾ; ਕਮਿਸ਼ਨਰ ਪ੍ਰਸੰਨ ਨਹੀਂ ਰਹੇਗਾ, ਜਾਂ ਗਵਰਨਰ ਪੀੜਾ ਪਹੁੰਚਾਏਗਾ ਭਾਈ! ਭਾਵੇਂ ਚਕ੍ਰਵਰਤੀ ਰਾਜਾ ਵੀ ਅਪ੍ਰਸੰਨ ਕਿਉਂ ਨ ਹੋ ਜਾਵੇ ਅਸੀਂ ਤਾਂ ਸਤਯ ਹੀ ਕਹਾਂਗੇ।"

23. ਜੋਧਪੁਰ ਦੇ ਰਾਜਾ ਤੇਜ ਸਿੰਘ ਨੇ ਬੇਨਤੀ ਕੀਤੀ—"ਸ੍ਵਾਮੀ ਜੀ ! ਕ੍ਰਿਪਾ ਕਰਕੇ ਆਪਣੇ ਵਿਆਖਿਆਨਾਂ ਵਿੱਚ ਮਹਾਰਾਜਾ ਜੋਧਪੁਰ ਦੇ ਆਚਾਰ-ਵਿਚਾਰ ਦੇ **ਸੰਬੰਧ** ਵਿੱਚ ਕੁਝ ਕਹਿਣਾ ।" ਸ੍ਵਾਮੀ ਜੀ ਦ੍ਰਿੜ੍ਹਤਾ ਨਾਲ ਬੋਲੇ—"ਕੀ ਆਪ ਮੈਥੋਂ ਝੂਠ ਬੁਲਵਾਉਣਾ ਚਾਹੁੰਦੇ ਹੋ ? ਯਾਦ ਰੱਖੋ ਮੈਂ ਤਾਂ ਜੋ ਕੁਝ ਕਹਾਂਗਾ ਸੱਚ ਹੀ ਕਹਾਂਗਾ ।"

———

# 9

# ਨਿਰਲੋਭ–ਦਯਾਨੰਦ

**1. ਏਕ ਲਿੰਗ ਮਹਾਦੇਵ ਦੀ ਗੱਦੀ ਦਾ ਪ੍ਰਲੋਭਨ—**

ਸ੍ਵਾਮੀ ਦਯਾਨੰਦ ਸਰਸ੍ਵਤੀ ਰਿਆਸਤ ਉਦੈਪੁਰ ਵਿੱਚ ਪਧਾਰੇ। ਮਹਾਰਾਣਾ ਆਪਦੇ ਸ਼੍ਰੱਧਾਲੂ ਭਗਤ ਸਨ, ਪਰ ਰਿਆਸਤ ਦੀ ਸਾਰੀ ਪ੍ਰਜਾ ਘੋਰ ਮੂਰਤੀ ਪੂਜਕ ਸੀ। ਪਰ ਸ੍ਵਾਮੀ ਜੀ ਸਦਾ ਦੀ ਤਰ੍ਹਾਂ ਮੂਰਤੀ ਪੂਜਨ ਦਾ ਲਗਾਤਾਰ ਖੰਡਨ ਕਰਦੇ ਰਹਿੰਦੇ ਸਣ । ਅਵਸਰ ਪਾ ਕੇ ਇੱਕ ਦਿਨ ਮਹਾਰਾਣਾ ਨੇ ਕਿਹਾ—"ਮਹਾਰਾਜ ! ਅਸਾਡੀ ਸਾਰੀ ਰਿਆਸਤ ਵਾਸਤਵ ਵਿੱਚ **'ਇੱਕ ਲਿੰਗ ਮਹਾਦੇਵ'** ਦੀ ਸੰਪੱਤੀ ਹੈ, ਅਸਾਡੀ ਕੁਲ ਏਕ ਲਿੰਗ ਮਹਾਦੇਵ ਦੇ ਗੁਮਾਸ਼ਤੇ ਦੇ ਤੋਰ ਤੇ ਉਹਦੇ ਨਾਮ ਤੇ ਹੀ ਹਕੂਮਤ ਕਰਦੀ ਹੈ। ਓਦਾਂ ਵੀ ਜੇ ਵੇਖਿਆ ਜਾਵੇ ਤਾਂ ਇਸ ਮੰਦਿਰ ਦੀ ਸਾਰੀ ਜਾਗੀਰ ਦੀ ਆਮਦਨੀ ਲੱਖਾਂ ਰੁਪਏ ਸਾਲਾਨਾ ਹੈ। ਜੇ ਆਪ ਇਹ ਬੇਨਤੀ ਮੰਨ ਕੇ ਮੂਰਤੀ ਪੂਜਨ ਦਾ ਖੰਡਨ ਕਰਨਾ ਛੱਡ ਦਿਉ ਤਾਂ ਇਸ ਮੰਦਿਰ ਦੀ ਗੱਦੀ ਆਪਦੇ ਹਵਾਲੇ ਕੀਤੀ ਜਾ ਸਕਦੀ ਹੈ ਅਤੇ ਸਾਰੀ ਜਾਗੀਰ ਦੀ ਆਮਦਨੀ ਦੇ ਵੀ ਆਪ ਮਾਲਿਕ ਹੋ ਜਾਉਗੇ। ਫੇਰ ਆਪ ਨੂੰ ਮੂਰਤੀ ਪੂਜਨ ਕਰਨ ਲਈ ਵੀ ਨਹੀਂ ਕਿਹਾ ਜਾਇਗਾ।" ਇਹ ਸ਼ਬਦ ਸੁਣ ਕੇ ਸ੍ਵਾਮੀ ਜੀ ਦਾ ਮੁਖ ਮੰਡਲ ਲਾਲ-ਸੁਰਖ ਹੋ ਗਿਆ ਅਤੇ ਉਦਵੇਗ ਦੇ ਕਾਰਣ ਤਮ-ਤਮਾ ਉਠਿਆ। ਆਪ ਸ਼ੇਰ ਵਾਂਙ ਗੱਜੇ ਅਤੇ ਕਹਿਣ ਲੱਗੇ—"ਮਹਾਰਾਣਾ ! ਆਪਨੂੰ ਇਹ ਤਜਵੀਜ਼ ਕਰਨ ਦਾ ਹੌਸਲਾ ਕਿੱਦਾਂ ਹੋਇਆ। ਅੱਜ ਤੋਂ ਪਿਛੋਂ ਮੁੜ ਅਜਿਹਾ ਸਾਹਸ ਨ ਕਰ ਬੈਠਨਾ, ਮੈਂ ਆਪਨੂੰ ਪ੍ਰਸੰਨ ਕਰਾ ਜਾਂ ਵੇਦ-ਪ੍ਰਦਾਤਾ ਪਰਮੇਸ੍ਵਰ ਨੂੰ ? ਆਪਦੇ ਰਾਜ ਵਿੱਚੋਂ ਤਾਂ ਮੈਂ ਇੱਕ ਦੋੜ ਲਗਾ ਕੇ

ਨਿਕਲ ਸਕਦਾ ਹਾਂ; ਪਰੰਤੂ ਉਸ ਅਨੰਤ, ਸਰਵ ਸ਼ਕਤੀਮਾਨ ਪਰਮੇਸ਼੍ਰ ਦੀ ਅਸੀਮ ਰਿਆਸਤ ਵਿੱਚੋਂ ਜਨਮ-ਜਨਮਾਂਤਰਾਂ ਤੱਕ ਜਤਨ ਕਰਠ ਦੇ ਬਾਵਜੂਦ ਵੀ ਨਹੀਂ ਨਿਕਲ ਸਕਦਾ। ਈਸ਼੍ਰੀ ਗਿਆਨ ਵੇਦ, ਮੂਰਤੀ ਪੂਜਾ ਦੀ ਬਿਲਕੁਲ ਆਗਿਆ ਨਹੀਂ ਦਿੰਦਾ। ਮੈਂ ਵੇਦ ਦਾ ਭਗਤ ਹਾਂ, ਵੇਦ ਦਾ ਅਨੁਯਾਈ ਹਾਂ ਇਹ ਪ੍ਰਲੋਭਨ ਜੋ ਆਪਨੇ ਪੇਸ਼ ਕੀਤਾ ਹੈ, ਜਾਂ ਇਸ ਤੋਂ ਵੀ ਵੱਡਾ ਲਾਲਚ ਮੈਨੂੰ ਵੇਦ ਦੀ ਆਗਜ਼ਾ ਨੂੰ ਤੋੜਨ ਵਿੱਚ ਸਮਰਥ ਨਹੀ ਹੋ ਸਕਦਾ, ਮੈਨੂੰ ਮਾਰਗ ਤੋਂ ਵਿਚਲਿਤ ਨਹੀਂ ਕਰ ਸਕਦਾ।

**2. ਓਖੀ ਮਠ ਦੀ ਮਹੰਤੀ ਦਾ ਪ੍ਰਲੋਭਨ**—ਮਹਾਂ ਰਿਸ਼ੀ ਦਯਾਨੰਦ ਉੱਤਰਾ ਖੰਡ ਦੀ ਯਾਤ੍ਰਾ ਦੇ ਦੌਰਾਨ ਮਸ਼ਹੂਰ ਓਖੀ ਮਠ ਵੀ ਗਏ ਸਣ ਅਤੇ ਸਿੱਧ ਯੋਗੀਆਂ ਦੀ ਉਡੀਕ ਵਿੱਚ ਓਥੇ ਵੀ ਕੁਝ ਦਿਨ ਠਹਿਰੇ ਸਣ। ਮਹੰਤ ਨੇ ਆਪਦੀ ਅਗਾਧ ਵਿਦਯਾ ਅਦਭੁਤ ਅਖੰਡ ਬ੍ਰਹਮਚਰਯ, ਵਿਸ਼ਾਲ ਭਾਲ, ਚੌੜੀ ਛਾਤੀ, ਚਮਕਦਾਰ ਨੈਣ, ਓਜਸ੍ਵੀ ਚਿਹਰਾ-ਮੁਹਰਾ ਅਤੇ ਸੁੰਦਰ-ਸੁਡੌਲ ਸ਼ਰੀਰ ਨੂੰ ਦੇਖ ਕੇ ਪ੍ਰਸਤਾਵ ਕੀਤਾ ਕਿ—"ਦਯਾਨੰਦ ਜੀ ! ਹੁਣ ਹੋਰਥੇ ਕਿਧਰੇ ਭਟਕਦੇ ਫਿਰਨ ਦੀ ਆਪ ਨੂੰ ਲੋੜ ਨਹੀਂ, ਬਸ ਮੇਰੇ ਚੇਲੇ ਬਣ ਜਾਉ, ਏਥੇ ਹੀ ਟਿਕੇ ਰਹੋ, ਮੇਰੇ ਬਾਦ ਆਪ ਹੀ ਇਸ ਵਿਸਤ੍ਰਿਤ-ਵਿਸ਼ਾਲ-ਸੰਪੱਤੀਸ਼ਾਲੀ ਮਠ ਦੇ ਮਠਾਧੀਸ਼ ਬਣਕੇ ਇਸ ਦੀ ਲੱਖਾਂ ਰੁਪਏ ਸਾਲਾਨਾ ਦੀ ਆਮਦਨੀ ਦੇ ਵਾਰਸ ਬਣ ਜਾਉਗੇ ਅਤੇ ਮੇਰੇ ਵੀ ਅੰਤਿਮ ਦਿਨ ਨਿਸ਼ਚਿੰਤ ਹੋ ਕੇ ਗੁਜ਼ਰਨਗੇ; ਕਿਉਂਕਿ ਆਪ ਵਰਗਾ ਸਰਵਗੁਣ ਸੰਪੰਨ ਉੱਤਰਾ-ਧਿਕਾਰੀ ਪ੍ਰਾਪਤ ਕਰਕੇ ਮੈਂ ਆਪਣੇ ਆਪ ਨੂੰ ਧੰਨ-ਧੰਨ ਸਮਝਾਂਗਾ।" ਮਹੰਤ ਜੀ ਦਾ ਭਾਸ਼ਣ ਸੁਣਕੇ ਸ੍ਵਾਮੀ ਜੀ ਬੋਲੇ—"ਮਹੰਤ ਜੀ! ਆਪ ਦੀਆਂ ਭਾਵਨਾਵਾਂ ਵਾਸਤੇ ਧੰਨਯਵਾਦ। ਪਰੰਤੂ ਯੋਗ-ਸਾਧਨ ਅਤੇ ਮੌਤ ਤੇ ਫ਼ਤਿਹ ਹਾਸਿਲ ਕਰਨ ਦੇ ਜਿਸ ਉੱਚ ਆਦਰਸ਼ ਨੂੰ ਮੁੱਖ ਰਖਕੇ ਮੈਂ ਖਾਂਦੇ-ਪੀਂਦੇ ਅਮੀਰ ਘਰਾਨੇ ਨੂੰ ਛੱਡਕੇ ਕਈਆਂ ਬਰਸਾਂ ਤੋਂ ਜੰਗਲਾਂ-ਪਹਾੜਾਂ ਤੇ ਕੰਟਕਾਕੀਰਣ ਮਾਰਗਾਂ ਵਿੱਚ ਭਤਕਦਾ ਫਿਰਦਾ ਹਾਂ, ਕੋਈ ਵੀ ਸਾਂਸਾਰਿਕ ਵਾਸਨਾਂ ਉਸ ਰਾਹ ਤੋਂ ਮੈਨੂੰ ਹਟਾ ਨਹੀਂ ਸਕਦੀ। ਜਿੱਥੋਂ ਤਕ ਆਪ ਦੇ ਮਠ ਦੀ ਜਾਇਦਾਦ ਅਤੇ ਸਾਲਾਨਾ ਲੱਖਾਂ ਦੀ ਆਮਦਨ ਦੇ ਲਾਲਚ ਦਾ ਪ੍ਰਸ਼ਨ ਹੈ, ਇਹ ਵੀ ਮੇਰੇ ਲਈ ਕੋਈ ਆਕਰਖਣ ਦੀ ਵਸਤੂ ਨਹੀਂ ਹੈ ਕਿਉਂਕਿ ਮੇਰੇ ਪਿਤਾ ਦੀ ਸੰਪੱਤੀ ਆਪਦੇ ਮਠ ਦੀ ਜਾਇਦਾਦ ਨਾਲੋਂ ਕਿਸੇ ਵੀ ਅੰਸ਼ ਵਿੱਚ ਘੱਟ ਨਹੀਂ ਸੀ; ਮੈਂ ਆਪਣੇ ਨਿਰਧਾਰਿਤ ਲਕਸ਼ ਨੂੰ ਮੁਖ

ਰੱਖਕੇ ਉਹਨੂੰ ਆਪਣੀ ਮਰਜ਼ੀ ਨਾਲ ਲੱਤ ਮਾਰ ਕੇ ਅਤੇ ਉਹਦਾ ਪਰਿਤਿਆਗ ਕਰਕੇ ਨਿਕਲ ਤੁਰਿਆ ਹਾਂ ਤਾਂ ਇਸ ਅਸਥਾਈ ਸੰਪੱਤੀ ਦੀ ਮੈਂ ਕੀ ਪਰਵਾਹ ਸਕਦਾ ਹਾਂ।" ਇਤਨਾ ਜਵਾਬ ਦਿੱਤਾ ਅਤੇ ਓਥੋਂ ਚਲਦੇ ਬਣੇ।

**3. ਸਾਰਾ ਰਾਜ ਵੀ ਉੱਦੇਸ਼ ਤੋਂ ਡੇਗ ਨਹੀਂ ਸਕਦਾ**—ਰਾਮਨਗਰ ਦੇ ਨਰੇਸ਼ ਮਹਾਰਾਜਾ ਈਸ਼੍ਵਰੀ ਪ੍ਰਸਾਦ ਨਾਰਾਇਣ ਸਿੰਘ ਨੇ ਆਪਣੇ ਕਿਸੇ ਵਿਸ਼੍ਵਾਸ-ਪਾਤ੍ਰ ਅਧਿਕਾਰੀ ਦੇ ਹੱਥ ਸ੍ਵਾਮੀ ਜੀ ਨੂੰ ਸੰਦੇਸ਼ਾ ਭੇਜਿਆ ਕਿ—"ਜੇ ਮਹਾਤਮਾ ਜੀ ਮੂਰਤੀ ਪੂਜਨ ਦਾ ਖੰਡਨ ਬੰਦ ਕਰ ਦੇਣ ਤਾਂ ਰਿਆਸਤ ਵਲੋਂ ਸਾਰੀ ਉਮਰ ਲਈ ਇੱਕ ਸੌ ਰੁਪਿਆ ਬੰਨ੍ਹ ਦਿੱਤਾ ਜਾਵੇਗਾ।" ਇਹ ਸੁਨੇਹਾ ਸੁਣਕੇ ਸ੍ਵਾਮੀ ਜੀ ਨੇ ਉੱਤਰ ਦਿੱਤਾ—"ਮਹਾਰਾਜ ਜੇ ਮੂਰਤੀ ਪੂਜਾ ਖੰਡਨ ਬੰਦ ਕਰਨ ਦੇ ਬਦਲੇ ਆਪਣਾ ਸਾਰਾ ਰਾਜ ਵੀ ਮੈਨੂੰ ਸੌਂਪ ਦੇਣ, ਤਾਂ ਵੀ ਮੈਂ ਉਹਨਾਂ ਦੀ ਮੰਗ ਪੂਰੀ ਨਹੀਂ ਕਰ ਸਕਦਾ, ਨਗੂਣੇ ਇੱਕ ਸੌ ਮਾਸਿਕ ਵਜ਼ੀਫ਼ੇ ਦੀ ਤਾਂ ਹੈਸੀਅਤ ਹੀ ਕੀ ਹੈ ?'

**4. ਸ਼ਿਵ ਜੀ ਦਾ ਅਵਤਾਰ ਬਣਨਾ ਵੀ ਆਦਰਸ਼ ਤੋਂ ਵਿਚਲਿਤ ਨਹੀਂ ਕਰ ਸਕਦਾ**—

ਸ੍ਰੀ ਜੇਠਾਲਾਲ ਨਾਮ ਦੇ ਇੱਕ ਵਕੀਲ ਸੱਜਣ ਨੇ ਸ੍ਵਾਮੀ ਜੀ ਦੇ ਅੱਗੇ ਤਜਵੀਜ਼ ਪੇਸ਼ ਕੀਤੀ ਕਿ—"ਜੇ ਆਪ ਮੂਰਤੀ ਪੂਜਾ ਦਾ ਮੰਡਨ ਵੇਦਾਂ-ਸ਼ਾਸਤ੍ਰਾਂ ਦੇ ਆਧਾਰ ਦੇ ਕਰਨਾ ਅਰੰਭ ਕਰ ਦਿਉ ਤਾਂ ਆਪ ਦੇ ਸ਼ਿਵਜੀ ਦਾ ਅਵਤਾਰ ਹੋਣ ਦੀ ਘੋਸ਼ਣਾ ਕਰਕੇ ਅਸੀਂ ਇਹਦਾ ਹਰ ਥਾਂ ਤੇ ਪ੍ਰਚਾਰ-ਪ੍ਰਸਾਰ ਕਰਨ ਦਾ ਜ਼ਿੰਮਾ ਲੈਂਦੇ ਹਾਂ।" ਸ੍ਵਾਮੀ ਜੀ ਨੇ ਹੱਸਦੇ ਹੋਏ ਉੱਤਰ ਦਿੱਤਾ—"ਵਕੀਲ ਸਾਹਿਬ ! ਇਹ ਪ੍ਰਲੋਭਨ ਵੀ ਮੇਰੇ ਵਾਸਤੇ ਨਵਾਂ ਨਹੀਂ; ਕਿਉਂਕਿ ਇਸ ਤੋਂ ਪਹਿਲੇ ਕਾਸ਼ੀ ਦੇ ਮਹਾਰਾਜ ਨੇ ਵੀ ਸ਼ਿਵਸ਼ੰਕਰ, ਵਿਸ਼੍ਵਨਾਥ ਆਦਿ ਦੀ ਪਦਵੀ ਮੇਰੇ ਵਾਸਤੇ ਪੇਸ਼ ਕੀਤੀ ਸੀ। ਇਹੋ ਜਿਹਾ ਵੀ ਕੋਈ ਲਾਲਚ ਮੈਨੂੰ ਵਿਸ਼੍ਵਪਤੀ ਭਗਵਾਨ ਦੀ ਆਗਜ਼ਾ ਨੂੰ ਤੋੜਨ ਅਥਵਾ ਮੂਰਤੀ ਪੂਜ ਾਖੰਡਨ ਦੇ ਮਹਾਨ ਉੱਦੇਸ਼ ਤੋਂ ਇੱਕ ਖਿਣ ਲਈ ਵੀ ਦੂਰ ਨਹੀਂ ਕਰ ਸਕਦਾ।"

---

# 10

# ਨਿਰਭਿਮਾਨ—ਦਯਾਨੰਦ

1, ਗੁਜਰਾਤ (ਪੰਜਾਬ) ਵਿੱਚ ਆਪਨੇ ਆਪਣੇ ਇੱਕ ਵਿਆਖਿਆਨ ਵਿੱਚ ਕਿਹਾ—"ਸਤਜ ਦੇ ਗ੍ਰਹਣ ਅਤੇ ਅਸਤਜ ਦੇ ਪਰਿਤਜਾਗ ਲਈ ਸਰਵਦਾ ਤਿਆਰ ਰਹਿਣਾ ਚਾਹੀਦਾ ਏ। ਮੈਂ ਵਿਸ਼੍ਵਾਸ ਦਿਲਾਉਂਦਾ ਹਾਂ ਕਿ ਮੈਂ ਇਹ ਨਹੀਂ ਚਾਹੁੰਦਾ ਕਿ ਮੈਂ ਜੋ ਕੁਝ ਆਪਨੂੰ ਕਹਾਂ ਆਪ ਉਹਨੂੰ ਅੱਖਾਂ ਮੀਟ ਕੇ ਮੰਨ ਲਵੋਂ। ਜੇ ਉਹ ਸੱਚ ਦਿਸੇ ਤਾਂ ਉਹਦੇ ਤੇ ਚੱਲੋ, ਜੇ ਝੂਠ ਦਿੱਸੇ, ਤਾਂ ਉਹਦੇ ਵੱਲ ਕੋਈ ਧਿਆਨ ਨ ਦੇਵੋ। ਇਹੋ ਜਿਹਾ ਅੰਧ-ਵਿਸ਼੍ਵਾਸ ਹੀ ਅਸਾਡੇ ਮਹਾ ਨਾਸ਼ਦਾ ਕਾਰਣ ਹੈ......"

2. ਸ੍ਵਾਮੀ ਜੀ ਦੇ ਭਗਤਾਂ ਨੇ ਆਪਦੇ ਨਿਧਨ ਦੇ ਬਾਦ ਆਪ ਦੀ ਸਮਾਧੀ ਬਣਾਉਣ ਦੀ ਇਜਾਜ਼ਤ ਮੰਗੀ ਤਾਂ ਆਪ ਨੇ ਸਭ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ—"ਇਹਦੇ ਨਾਲ ਗੁਰੂਡਮ ਚੱਲ ਪਏਗਾ, ਜਿਸਦਾ ਮੈਂ ਸਾਰੀ ਉਮਰ ਵਿਰੋਧ ਕਰਦਾ ਰਿਹਾ ਹਾਂ। ਇਸ ਲਈ ਮੇਰੀ ਭਸਮ ਨੂੰ ਕਿਸੇ ਗ਼ਰੀਬ ਕਿਰਸਾਣ ਦੇ ਖੇਤ ਵਿੱਚ ਪਾ ਦੇਣਾ ਤਾਂ ਜੁ ਖਾਦ (ਰੂੜੀ) ਦਾ ਕੰਮ ਦੇਵੇ ਅਤੇ ਆਰਯ ਸੰਤਾਨ ਲਈ 'ਚਾਰ ਦਾਣੇ' ਵਧ ਉਪਜਾਉਣ ਦਾ ਕਾਰਣ ਬਣ ਸਕੇ।

3. ਜੇਠਾਲਾਲ ਵਕੀਲ ਨੇ ਮਹਾਰਾਜ ਨੂੰ ਕਿਹਾ ਕਿ—"ਜੇ ਤੁਸੀਂ ਸ਼ਾਸਤ੍ਰਾਂ ਦੇ ਆਧਾਰ ਤੇ ਮੂਰਤੀ ਪੂਜਾ ਦਾ ਮੰਡਨ ਕਰਨ ਲਗ ਜਾਉ ਤਾਂ ਅਸੀਂ ਤੁਹਾਨੂੰ ਸ਼ਿਵਜੀ ਦਾ ਅਵਤਾਰ ਮੰਨਣ ਲੱਗ ਜਾਵਾਂਗੇ।" ਮਹਾਰਾਜ ਨੇ ਉੱਤਰ ਦਿੱਤਾ—"ਮੈਨੂੰ ਵਿਸ਼੍-

ਨਾਥ ਦੀ ਪਦਵੀ ਦਾ ਲਾਲਚ ਇਕੇਰਾਂ ਕਾਂਸ਼ੀ ਨਰੇਸ਼ ਨੇ ਵੀ ਦਿੱਤਾ ਸੀ, ਪਰੰਤੂ ਮੈਂ ਕਿਸੇ ਵੀ ਸੰਸਾਰੀ ਵਾਸਨਾ ਦੇ ਅਧੀਨ ਹੋ ਕੇ ਸੱਚਾਈ ਦਾ ਪਰਿਤਯਾਗ ਨਹੀਂ ਕਰ ਸਕਦਾ।''

4. ਪੰਡਿਤ ਕਿਸ਼ਨਰਾਮ ਇੱਛਾਰਾਮ ਨੂੰ ਇੱਕ ਵਾਰੀ ਤਾਪ ਚੜ੍ਹ ਗਿਆ। ਉਹਦਾ ਅੰਗ-ਅੰਗ ਦੁਖਣ ਤੇ ਸਿਰ ਪੀੜ ਕਰਨ ਲੱਗ ਗਿਆ। ਮਹਾਰਾਜ ਆਪੇ ਹੀ ਉਹਦਾ ਸਿਰ ਘੁੱਟਣ ਲਗ ਪਏ। ਉਹਨੇ ਚੌਂਕਿਆ ਤੇ ਕਿਹਾ—''ਮਹਾਰਾਜ! ਮੈਂ ਆਪਦਾ ਦਾਸ ਹਾਂ, ਸਿਰ ਘੁੱਟ ਕੇ ਆਪ ਮੇਰੇ ਸਿਰ ਤੇ ਅਧਿਕ ਬੋਝ ਨ ਚੜ੍ਹਾਉ ਅਤੇ ਨ ਹੀ ਪਾਪ ਦਾ ਭਾਗੀ ਬਣਾਉ।'' ਮਹਾਰਾਜ਼ ਨੇ ਉੱਤਰ ਦਿਤਾ ਕਿ—''ਇਹਦੇ ਵਿੱਚ ਕੋਈ ਦੋਸ਼ ਨਹੀਂ। ਇੱਕ-ਦੂਜੇ ਦੀ ਸਹਾਇਤਾ ਅਤੇ ਸੇਵਾ ਕਰਨਾ ਹੀ ਮਨੁੱਖ ਦਾ ਧਰਮ ਹੈ। ਜੇ ਵੱਡੇ, ਛੋਟਿਆਂ ਦੀ ਸੇਵਾ ਨ ਕਰਨ ਤਾਂ ਛੋਟਿਆਂ ਦੇ ਅੰਦਰ ਵੱਡਿਆਂ ਦੀ ਸੇਵਾ ਕਰਨ ਦਾ ਭਾਵ ਹੀ ਪੈਦਾ ਨਹੀਂ ਹੋ ਸਕਦਾ।

5. **ਮੰਨਤਵਯ ਅਮਨਬਤਵਯ ਵਿੱਚੋਂ**—''ਮੈਂ ਆਪਣਾ ਮਨਤਵਯ ਉਸੇ ਨੂੰ ਜਾਣਦਾ ਹਾਂ ਕਿ ਜਿਹੜਾ ਤਿੰਨ ਕਾਲ ਵਿੱਚ ਸਭ ਲਈ ਇਕੋ ਜਿਹਾ ਮੰਨਣ ਜੋਗ ਹੋਵੇ। ਮੇਰਾ ਕੋਈ ਨਵੀਨ ਕਲਪਨਾ ਜਾਂ ਮਤਮਤਾਂਤਰ ਚਲਾਉਣ ਦਾ ਲੇਸ਼ ਮਾਤ੍ਰ ਵੀ ਅਭਿਪ੍ਰਾਯ ਨਹੀਂ ਹੈ ਕਿੰਤੂ ਜੋ ਸਤਯ ਹੈ ਉਹਨੂੰ ਮੰਨਣਾ ਮਨਵਾਉਣਾ ਅਤੇ ਜੋ ਅਸਤਯ ਹੈ ਉਹਨੂੰ ਛੱਡਣਾ ਛੁਡਾਉਣਾ ਮੈਨੂੰ ਪਿਆਰਾ ਹੈ। ਜੇ ਮੈਂ ਪੱਖ-ਪਾਤ ਕਰਦਾ ਤਾਂ ਆਰਯਾਵਰਤ ਵਿੱਚ ਪ੍ਰਚਾਰਿਤ ਮਤਾਂ ਵਿੱਚੋਂ ਕਿਸੇ ਇੱਕ ਦਾ ਹੋ ਰਹਿੰਦਾ ਆਰਯਾਵਰਤ ਜਾਂ ਦੂਸਰੇ ਦੇਸ਼ਾਂ ਵਿੱਚ ਅਧਰਮਯੁਕਤ ਚਾਲ ਚਲਨ ਹੈ ਉਹਨੂੰ ਮੰਨਦਾ ਨਹੀਂ ਅਤੇ ਜੋ ਧਰਮ ਯੁਕਤ ਗੱਲਾਂ ਹਨ ਉਹਨਾਂ ਦਾ ਤਿਆਗ ਨਹੀਂ ਕਰਦਾ ਨ ਕਰਨਾ ਚਾਹੁੰਦਾ ਹਾਂ; ਕਿਉਂਕਿ ਅਜਿਹਾ ਕਰਨਾ ਮਨੁੱਖ ਦੇ ਧਰਮ ਤੋਂ ਬਾਹਰ ਹੈ... ਅਨਿਆਇਕਾਰੀ ਬਲਵਾਨ ਕੋਲੋਂ ਵੀ ਨ ਡਰੇ, ਧਰਮਾਤਮਾ ਨਿਰਬਲ ਤੋਂ ਵੀ ਡਰਦਾ ਰਹੇ......ਅਰਥਾਤ ਜੋ ਜੋ ਗੱਲ ਸਭ ਦੇ ਸਾਮ੍ਹਣੇ ਮੰਨਣ ਯੋਗ ਹੈ ਉਸਨੂੰ ਮੰਨਦਾ ਅਰਥਾਤ ਜਿਵੇਂ ਸਚ ਬੋਲਣਾ ਸਭ ਦੇ ਸਾਮਨੇ ਚੰਗਾ ਅਤੇ ਮਿਥਿਆ ਬੋਲਣਾ ਬੁਰਾ ਹੈ, ਅਜਿਹੇ ਸਿੱਧਾਂਤਾਂ ਨੂੰ ਸ੍ਵੀਕਾਰ ਕਰਦਾ ਹਾਂ ਅਤੇ ਜੋ ਮਤਮਤਾਂਤਰਾਂ ਦੇ ਪਰਸਪਰ ਵਿਰੁੱਧ ਝਗੜੇ ਹਨ ਉਹਨਾਂ ਨੂੰ ਮੈਂ ਪਸੰਦ ਨਹੀਂ ਕਰਦਾ; ਕਿਉਂਕਿ ਇਹਨਾਂ ਮਤ-ਵਾਲਿਆਂ ਨੇ ਆਪਣੇ ਮਤਾਂ ਨੂੰ ਪ੍ਰਚਾਰ ਕਰਕੇ ਮਨੁੱਖਾਂ ਨੂੰ ਫਸਾ ਕੇ ਆਪਸ ਵਿਚ

ਸ਼ਤ੍ਰ ਬਣਾ ਦਿੱਤੇ ਹਨ... ...ਸਰਵ ਸ਼ਕਤੀਮਾਨ ਪਰਮਾਤਮਾ ਦੀ ਕ੍ਰਿਪਾ, ਸਹਾਇਤਾ ਅਤੇ ਭਲੇ ਮਾਨਵਾਂ ਦੀ ਸਹਾਨੁਭੂਤੀ ਨਾਲ ਇਹ ਸਿੱਧਾਂਤ ਸਰਵਤ੍ਰ ਭੂਗੋਲ ਵਿੱਚ ਛੇਤੀ ਫੈਲ ਜਾਏ ਜਿਸ ਨਾਲ ਸਭ ਲੋਕ ਸਹਿਜ ਹੀ ਧਰਮ, ਅਰਥ, ਕਾਮ, ਅਤੇ ਮੋਖ ਦੀ ਸਿੱਧੀ ਕਰਕੇ, ਸਦਾ ਉੱਨਤ ਅਤੇ ਆਨੰਦਿਤ ਹੁੰਦੇ ਰਹਿਣ, ਇਹੋ ਮੇਰਾ ਮੁੱਖ ਪ੍ਰਯੋਜਨ ਹੈ।''

# 11

# ਅਦਭੁਤ ਯੋਧਾ—ਦਯਾਨੰਦ

1. ਗਾਜ਼ੀਘਾਟ ਤੇ ਦੋ ਤਲਵਾਰ ਬੰਦ ਤੇ ਦੋ ਲਠੈਤ ਸ੍ਵਾਮੀ ਜੀ ਤੇ ਘਾਤਕ ਪ੍ਰਹਾਰ ਕਰਨ ਆਏ; ਪਰ ਸ੍ਵਾਮੀ ਜੀ ਦੇ ਚੇਲੇ ਬਲਦੇਵ ਪਹਿਲਵਾਨ ਨੇ ਚਵ੍ਹਾਂ ਨੂੰ ਸਿੱਧੇ ਤੀਰ ਕਰਕੇ ਭੇਜਿਆ।

2. ਕਰਣਵਾਸ ਦੇ ਤਿੰਨਾਂ ਗੁੰਡਿਆਂ ਨੂੰ ਰਾਵ ਕਰਣ ਸਿੰਘ ਨੇ ਸ੍ਵਾਮੀ ਜੀ ਦਾ ਸਿਰ ਵੱਢਣ ਲਈ ਰਾਤ ਦੇ ਦੋ ਵਜੇ ਸ੍ਵਾਮੀ ਜੀ ਦੀ ਕੁਟੀਆ ਤੇ ਭੇਜਿਆ। ਇਹ ਕੁਟੀਆ ਦੇ ਦਰਵਾਜੇ ਤੇ ਜਾ ਕੇ ਕਹਿਣ ਲੱਗੇ—"ਕੁਟੀਆ ਵਿੱਚ ਕੌਣ ਹੈ ?" ਮਹਾਰਾਜ ਨੇ ਅਗਾਂਹ ਵੱਧਕੇ ਅਜਿਹਾ ਖੰਘੂਰਾ ਮਾਰਿਆ ਕਿ ਉਹਨਾਂ ਨੂੰ ਸੱਟੀ-ਪੱਟੀ ਭੁੱਲ ਗਈ ਅਤੇ ਚਾਰੇ ਗੁੰਡੇ ਮੂੰਹ ਦੇ ਭਾਰ ਡਿੱਗ ਪਏ, ਤਲਵਾਰਾਂ ਹੱਥੋਂ ਛੁੱਟ ਗਈਆਂ ਅਤੇ ਨੱਠ ਜਾਣ ਵਿੱਚ ਹੀ ਉਹਨਾਂ ਨੂੰ ਆਪਣੀ ਕਲਿਆਣ ਦਿੱਸੀ।

3. ਸ਼ਾਹ ਜਹਾਨਪੁਰ ਵਿੱਚ, ਦੋ ਵੈਰਾਗੀ ਸਾਧ ਸ੍ਵਾਮੀ ਜੀ ਦੀ ਜਾਨ ਲੈਣ ਲਈ ਆਏ ਤਾਂ ਸਹੀ; ਪਰੰਤੂ ਸ੍ਵਾਮੀ ਜੀ ਦਾ ਤੇਜਸ੍ਵੀ ਮੁਖ ਮੰਡਲ ਵੇਖਦੇ ਹੀ ਨੇੜੇ ਜਾਣ ਦਾ ਹੌਂਸਲਾ ਨ ਪਿਆ ਅਤੇ ਜਿਧਰੋਂ ਆਏ ਸਣ ਓਧਰੇ ਚਲੇ ਗਏ।

4. ਫ਼ਰੁਖ਼ਾਬਾਦ ਵਿੱਚ ਵੀ ਪੰਡਿਤ ਠਾਕੁਰ ਦਾਸ 20-25 ਲੱਠ ਬੰਦ-ਗੁੰਡਿਆਂ ਨੂੰ ਨਾਲ ਲੈ ਕੇ ਸ੍ਵਾਮੀ ਜੀ ਤੇ ਪ੍ਰਾਣ ਘਾਤਕ ਆਕ੍ਰਮਣ ਕਰਨ ਦੀ ਨੀਯਤ ਨਾਲ ਗਿਆ।

ਪਰ ਸ੍ਵਾਮੀ ਜੀ ਦੇ ਤੇਜਸ੍ਵੀ ਵਯਕਤਿਤ੍ਵ ਦਾ ਉਹਨਾਂ ਤੇ ਅਜਿਹਾ ਪ੍ਰਭਾਵ ਪਿਆ ਕਿ ਉਹ ਕੁਝ ਵੀ ਨ ਕਰ ਸਕੇ।

5. ਕਾਨ੍ਹਪੁਰ ਵਿੱਚ ਕੁਝ ਲਠ ਬੰਦ ਗੁੰਡੇ ਅਤੇ ਉਹਨਾਂ ਦੇ ਸਾਥੀ ਇੱਟਾਂ-ਰੋੜੇ ਲੈ ਕੇ ਸ੍ਵਾਮੀ ਜੀ ਤੇ ਹਮਲਾ ਕਰਨ ਆਏ। ਇੱਕ ਨੇ ਅਗਾਹ ਵਧ ਕੇ ਲਾਠੀ ਵੀ ਉਲੇਰੀ। ਸ੍ਵਾਮੀ ਜੀ ਨੇ ਉਹਦੀ ਲਾਠੀ ਖੋਹਕੇ ਇੱਕੋ ਧੱਕਾ ਦਿੱਤਾ ਤੇ ਉਹ ਗੰਗਾ ਵਿੱਚ ਜਾ ਪਿਆ। ਅਤੇ ਉਹਦੇ ਸਾਥੀ ਦੌੜ ਗਏ।

6. ਅਮ੍ਰਿਤਸਰ ਦੇ ਨਿਹੰਗਾਂ ਨੇ ਚੈਲੇਂਜ ਦਿੱਤਾ ਕਿ—"ਜੇ ਸ੍ਵਾਮੀ ਦੇ ਕੋਲ ਰਾਤ ਨੂੰ ਕੋਈ ਆਦਮੀ ਨ ਸਵੇਂ ਤਾਂ ਅਸੀਂ ਉਹਦਾ ਸਿਰ ਵੱਢ ਲਿਆਈਏ।" ਸ੍ਵਾਮੀ ਜੀ ਨੇ ਇਹ ਗੱਲ ਸੁਣੀ ਤਾਂ ਰਾਤ ਨੂੰ ਇਕੱਲੇ ਹੀ ਸੁੱਤੇ, ਪਰ ਕਿਸੇ ਦਾ ਹੌਸਲਾ ਹੀ ਨਹੀਂ ਪਿਆ ਕਿ ਉਹਨਾਂ ਵੱਲ ਟੇਢੀ ਨਜ਼ਰ ਨਾਲ ਦੇਖ ਵੀ ਸਕੇ।

7. ਇੱਕ ਸਥਾਨ ਦੇ ਵਾਮਮਾਰਗੀਆਂ ਨੇ ਸ੍ਵਾਮੀ ਜੀ ਦੀ ਮਿੰਨਤ ਖ਼ੁਸ਼ਾਮਦ ਕਰਕੇ ਉਹਨਾਂ ਨੂੰ ਆਪਣੇ ਉਤਸਵ ਦੇ ਅਵਸ਼ਰ ਤੇ ਆਪਣੇ ਮੰਦਿਰ ਵਿੱਚ ਜਾਣ ਲਈ ਮਜਬੂਰ ਕੀਤਾ, ਮੰਦਿਰ ਦੇ ਅੰਦਰ ਜਾਣ ਤੇ ਮੂਰਤੀ ਅੱਗੇ ਸਿਰ ਝੁਕਾ ਕੇ ਪ੍ਰਣਾਮ ਕਰਨ ਦੀ ਬੇਨਤੀ ਕੀਤੀ, ਸ੍ਵਾਮੀ ਜੀ ਨੇ ਮੂੰਹ ਭਵਾ ਕੇ ਵੇਖਿਆ ਕਿ ਇੱਕ ਆਦਮੀ ਤਲਵਾਰ ਸੂਤ ਕੇ ਵਾਰ ਕਰਨ ਨੂੰ ਤਿਆਰ ਖੜਾ ਹੈ। ਸ੍ਵਾਮੀ ਜੀ ਮੰਦਿਰ 'ਚੋਂ ਬਾਹਰ ਨਿਕਲ ਆਏ ਪਰ ਬਾਹਰ ਕਈ ਸ਼ਸਤ੍ਰ ਧਾਰੀਆਂ ਨੂੰ ਮੰਦਿਰ ਦੇ ਵਿਹੜੇ ਵਿੱਚ ਤਿਆਰ ਖੜੇ ਵੇਖਿਆ। ਜਾਂ ਬਾਹਰ ਜਾਣ ਲੱਗੇ ਤਾਂ ਵੱਡੇ ਗੇਟ ਨੂੰ ਜੰਦਰਾ ਲੱਗਾ ਹੋਇਆ ਸੀ। ਸ੍ਵਾਮੀ ਜੀ ਉੱਛਲ ਕੇ ਬਾਹਰਲੇ ਕੋਟ ਤੇ ਜਾ ਚੜ੍ਹੇ ਅਤੇ ਛਾਲ ਮਾਰ ਕੇ ਬਾਹਰ ਨਿਕਲ ਗਏ। ਉਹ ਰਾਤ ਤਾਂ ਨਿਕਟ ਦੇ ਜੰਗਲ ਵਿੱਚ ਕੱਟੀ। ਦੂਸਰੇ ਦਿਨ ਕਿਸੇ ਹੋਰ ਪਿੰਡ ਵਿੱਚ ਜਾ ਪਹੁੰਚੇ।

8. ਸ਼ਿਵ ਭਗਤਾਂ ਨੇ ਇੱਕ ਕਾਲਾ ਫਣੀਅਰ ਸੱਪ ਸ੍ਵਾਮੀ ਜੀ ਦੇ ਪੈਰਾਂ ਵਿੱਚ ਸੁੱਟਦੇ ਹੋਏ ਕਿਹਾ—"ਹੁਣ ਇਹ ਵਾਸੁਕੀ (ਨਾਗ) ਹੀ ਇਹ ਫ਼ੈਸਲਾ ਕਰੇਗਾ ਕਿ ਤੂੰ ਸੱਚਾ ਹੈਂ ਜਾਂ ਸਾਡਾ ਇਹ ਦੇਵਤਾ।" ਸੱਪ ਵੀ ਸ੍ਵਾਮੀ ਜੀ ਦੀ ਲੱਤ ਨਾਲ ਲਿਪਟ ਗਿਆ। ਸ੍ਵਾਮੀ ਜੀ ਨੇ ਇੱਕ ਝਟਕੇ ਨਾਲ ਵਾਸੁਕੀ ਨੂੰ ਪਰੇ ਸੁੱਟ ਦਿੱਤਾ ਅਤੇ ਜ਼ੋਰ ਨਾਲ ਅੱਡੀ ਮਾਰਕੇ ਉਹਦੀ ਸਿਰੀ ਚਿੱਥ ਸੁੱਟੀ, ਪੂਛੋਂ ਫੜਕੇ ਭਗਤਾਂ ਦੇ ਸਾਮ੍ਹਣੇ

ਲਟਕਾ ਕੇ ਕਿਹਾ—"ਤੁਹਾਡਾ ਦੇਵਤਾ ਡਾਢਾ ਢਿੱਲਾ ਨਿਕਲਿਆ, ਮੈਂ ਹੀ ਪਹਿਲੇ ਇਹਦਾ ਫ਼ੈਸਲਾ ਕਰ ਦਿੱਤਾ ਹੈ।"

9. ਇੱਕੇਰਾਂ ਬੈਰਾਗੀਆਂ ਨੇ ਆਪ ਦੀ ਕੱਖਾਂ ਦੀ ਕੁੱਲੀ ਨੂੰ ਅੱਗ ਲਾ ਦਿੱਤੀ ਤਾਂ ਜੁ ਸੁਆਮੀ ਜੀ ਅੰਦਰ ਹੀ ਦਗਧ ਹੋ ਜਾਣ। ਪਰ ਸੁਆਮੀ ਜੀ ਛੱਤ ਨੂੰ ਉਤਾਂਹ ਚੁੱਕ ਕੇ ਸਹੀ-ਸਲਾਮਤ ਬਾਹਰ ਨਿਕਲ ਆਏ।

10. ਬੰਗਾਲ ਵਿੱਚ ਗੰਗਾ ਦੇ ਕੰਢੇ ਤੇ ਕਈ ਮੂਰਖ ਮਾਪੇ ਆਪਣੀਆਂ ਲੜਕੀਆਂ ਬ੍ਰਾਹਮਣਾਂ ਨੂੰ ਮਣਸ ਕੇ ਦੇ ਰਹੇ ਸਣ। ਮਹਾਰਾਜ ਨੇ ਦੁੱਖੀ ਹ ਕੇ ਇਸ ਭੈੜੀ ਪ੍ਰਥਾ ਦਾ ਘੋਰ ਖੰਡਨ ਕੀਤਾ ਅਤੇ ਭੋਲੇ ਲੋਕਾਂ ਨੂੰ ਏਸ ਭੈੜੀ ਪ੍ਰਥਾ ਤੋਂ ਬਚਾਇਆ। ਮੰਦਿਰ ਦੇ ਇੱਕ ਪੁਜਾਰੀ ਨੇ ਇੱਕ ਭਾਂਡੇ ਵਿੱਚੋਂ ਸੱਪ ਕੱਢਕੇ ਸੁਆਮੀ ਜੀ ਨੂੰ ਮਾਰਿਆ; ਪਰ ਉਹ ਕੁਝ ਵੀ ਵਿਗਾੜ ਨਹੀਂ ਸਕਿਆ।

11. ਕਿਸ਼ਨਗੜ੍ਹ ਦੇ ਠਾਕੁਰ ਗੋਪਾਲ ਸਿੰਘ 30-40 ਜਣਿਆਂ ਨੂੰ ਨਾਲ ਲੈ ਕੇ ਹਮਲਾ ਕਰਨ ਲਈ ਆਇਆ। ਸੁਆਮੀ ਜੀ ਨੇ ਉਹਨਾਂ ਦੇ ਆਉਣ ਦਾ ਕਾਰਣ ਪੁੱਛਿਆ ਤਾਂ ਵੱਲਭ ਸੰਪ੍ਰਦਾਈ ਨੇ ਇੱਕ ਪੁਸਤਕ ਪੜ੍ਹਨ ਲਈ ਦਿੱਤੀ। ਸੁਆਮੀ ਜੀ ਨੇ ਕਿਹਾ—"ਤੁਸੀਂ ਆਪੇ ਪੜ੍ਹ, ਮੈਂ ਉੱਤਰ ਦਿਆਂਗਾ।" ਪੋਥੀ ਪੜ੍ਹੀ ਗਈ, ਸੁਆਮੀ ਜੀ ਨੇ ਉਹਦੇ ਲੇਖ ਦਾ ਖੰਡਨ ਕੀਤਾ। ਉਹ ਸੱਭੇ ਜਣੇ ਹਮਲਾ ਕਰਨ ਨੂੰ ਤਿਆਰ ਹੋ ਗਏ। ਤਾਂ ਸੁਆਮੀ ਜੀ ਨੇ ਤਖਤਪੋਸ਼ ਤੇ ਖਲੋਕੇ ਕਿਹਾ—"ਮੈਨੂੰ ਨਿਰਾ ਸਾਧੂ ਨ ਸਮਝੋ। ਜੋ ਸ਼ਾਸਤ੍ਰਾਰਥ ਕਰਨਾ ਹੋਵੇ ਤਾਂ ਵੀ ਤਿਆਰ ਹਾਂ ਤੇ ਜੇ ਗੜਬੜ ਕਰਨਾ ਚਾਹੋ ਤਾਂ ਮੈਂ ਤੁਹਾਡੇ ਸਾਰਿਆਂ ਲਈ ਇਕੱਲਾ ਹੀ ਕਾਫ਼ੀ ਹਾਂ। ਇਤਨੇ ਨੂੰ ਕੁਝ ਹੋਰ ਲੋਕ ਆ ਗਏ ਅਤੇ ਸਭ ਦੁਸ਼ਟ ਨੱਸ-ਭੱਜ ਗਏ।

12. ਆਗਰੇ ਵਿੱਚ ਇੱਕ ਦਿਨ ਸੁਆਮੀ ਜੀ ਸਮਾਧੀ ਵਿੱਚ ਬੈਠੇ ਸਣ ਕਿ ਇੱਕ ਦੁਸ਼ਟ ਤਲਵਾਰ ਦਾ ਵਾਰ ਕਰਨਾ ਚਾਹੁੰਦਾ ਸੀ। ਮਹਾਰਾਜ ਦੀ ਸਮਾਧੀ ਖੁਲ੍ਹ ਗਈ ਤਾਂ ਆਪ ਜੀ ਦੇ ਇੱਕੋ 'ਹੁੰਕਾਰ' ਨਾਦ ਸੁਣਦੇ ਸਾਰ ਹੀ ਪਾਪੀ ਪੁਰਸ਼ ਦੇ ਪ੍ਰਾਣ ਖ਼ੁਸਕ ਹੋ ਗਏ ਅਤੇ ਉਹਨੇ ਨੱਸ ਜਾਣ ਵਿੱਚ ਹੀ ਕਲਿਆਣ ਸਮਝਿਆ।

13. ਪ੍ਰਿੰਸ ਔਫ ਵੇਲਜ਼ (ਐਡਵਰਡ ਸਪਤਮ) ਭਾਰਤ ਆਏ। ਆਗਰੇ ਵਿੱਚ ਭਾਰੀ ਦਰਬਾਰ ਹੋਇਆ। ਰਾਜੇ-ਮਹਾਰਾਜੇ ਵੱਡੀ ਸੰਖਿਆ ਵਿੱਚ ਸ਼ਾਮਿਲ ਹੋਏ। ਇੱਕ

ਭਾਰੀ ਜਨ-ਸਭਾ ਵਿੱਚ ਮਹਾਰਾਜ ਨੇ ਸ਼ੈਵ ਮਤ ਦਾ ਘੋਰ ਖੰਡਨ ਕੀਤਾ। ਇੱਕ ਰਾਜਾ ਤੈਸ਼ ਵਿੱਚ ਆ ਗਿਆ। ਤਲਵਾਰ ਨੰਗੀ ਕਰਕੇ ਸੁਆਮੀ ਜੀ ਵੱਲ ਅਗਾਂਹ ਵਧਿਆ। ਸੁਆਮੀ ਜੀ ਨੇ ਕਿਹਾ ਕਿ—"ਆਪ ਖਤ੍ਰੀ ਹੋ ਤੇ ਮੈਂ ਸੰਨਿਆਸੀ ਹਾਂ। ਆਪਦਾ ਕੰਮ ਤਲਵਾਰ ਚਲਾਉਣਾ ਹੈ ਤੇ ਮੇਰਾ ਫ਼ਰਜ਼ ਧਰਮ ਉਪਦੇਸ ਕਰਨਾ, ਤੁਸੀਂ ਆਪਣਾ ਕੰਮ ਕਰੋ, ਮੈਂ ਆਪਣਾ ਕਰਦਾ ਹਾਂ।" ਅਤੇ ਵਿਆਖਿਆਨ ਜਾਰੀ ਰੱਖਿਆ। ਪਰ ਰਾਜਾ ਤੇ ਅਜਿਹਾ ਆਤੰਕ ਛਾਇਆ ਕਿ ਉਹ ਨਿਮੋਝੂਣਾ ਹੋ ਕੇ ਪਿਛਾਂਹ ਹਟ ਗਿਆ ਅਤੇ ਉਹਦੇ ਕੋਲੋਂ ਕੁਝ ਵੀ ਨ ਸਰਿਆ।

# 12

# ਅਦੁਤੀ ਵਿਦ੍ਵਾਨ—ਦਯਾਨੰਦ

ਸ੍ਵਾਮੀ ਦਯਾਨੰਦ ਸਰਸ੍ਵਤੀ ਨੇ ਆਪਣੀ ਪੁਸਤਕ "ਭ੍ਰਾਂਤੀ 'ਨਿਵਾਰਣ' ਵਿੱਚ ਲਿਖਿਆ ਹੈ ਕਿ—"ਮੈਂ ਰਿਗਵੇਦ ਤੋਂ ਲੈਕੇ ਪੂਰਵਮੀਮਾਂਸਾ ਤੱਕ ਅਨੁਮਾਨ ਲਗ-ਪਗ ਤਿੰਨ ਹਜ਼ਾਰ ਗ੍ਰੰਥਾਂ ਨੂੰ ਪ੍ਰਮਾਣਿਕ ਮੰਨਦਾ ਹਾਂ।"

ਏਸ ਤੋਂ ਸਹਿਜੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸ੍ਵਾਮੀ ਜੀ ਦਾ ਸ੍ਵਾਧਯਾਯ ਕਿਤਨਾ ਵਿਸ਼ਾਲ ਤੇ ਵਿਸਤ੍ਰਿਤ ਹੋਵੇਗਾ!

# 13

# ਬੇਜ਼ਬਾਨਾਂ ਦਾ ਵਕੀਲ—ਦਯਾਨੰਦ

1. ਉਦੈਪੁਰ ਵਿੱਚ ਦਸਹਿਰੇ ਦੇ ਅਵਸਰ ਤੇ ਸੈਂਕੜੇ ਬੱਕਰਿਆਂ ਅਤੇ ਸੰਢਿਆਂ ਦੀ ਬਲੀ ਦਿੱਤੀ ਜਾਂਦੀ ਸੀ। ਰਾਣਾ ਜੀ ਉਤਸਵ ਤੋ ਵਾਪਸ ਆਏ ਤਾਂ ਸ੍ਵਾਮੀ ਜੀ ਉਹਨਾਂ ਨੂੰ ਮਿਲੇ ਅਤੇ ਕਿਹਾ—"ਆਪ ਰਾਜਾ ਹੋ, ਨਿਆਇਆਧੀਸ਼ ਹੋ। ਮੈਂ ਬੱਕਰਿਆਂ ਤੇ ਸੰਢਿਆਂ ਦਾ ਵਕੀਲ ਹੋ ਕੇ ਬੇਨਤੀ ਕਰਦਾ ਹਾਂ ਕਿ ਉਹਨਾਂ ਬੇਜ਼ਬਾਨਾਂ ਦਾ ਮਾਰਨਾ ਅਨਆਇ ਹੈ ਅਤੇ ਪਾਪ ਤੋਂ ਸਿਵਾ ਹੋਰ ਕੋਈ ਸਿੱਧੀ ਨਹੀਂ।"

ਮਹਾਰਾਣਾ ਨੇ ਗਹੁ ਨਾਲ ਸੁਆਮੀ ਜੀ ਦੀ ਗੱਲ ਸੁਣੀ ਅਤੇ ਧੀਰੇ-ਧੀਰੇ ਪਸ਼ੂ ਬਲੀ ਘੱਟ ਕਰਨ ਦਾ ਰਿਆਸਤ ਵਿੱਚ ਫ਼ਰਮਾਨ ਵੀ ਜਾਰੀ ਕਰ ਦਿੱਤਾ।'

# 14

## ਸੂਦੇਸ਼ੀ ਦਾ ਪ੍ਰੇਰਕ—ਦਯਾਨੰਦ

'1. ਠਾਕੁਰ ਊਧੋ ਸਿੰਘ ਆਪਣੇ ਪਿਤਾ ਅਤੇ ਠਾਕੁਰ ਗੋਪਾਲ ਸਿੰਘ ਦੇ ਨਾਲ ਸੁਆਮੀ ਜੀ ਦੇ ਦਰਸ਼ਨਾਂ ਨੂੰ ਆਏ। ਉਸ ਦਿਨ ਊਧੋ ਸਿੰਘ ਨੇ ਵਿਲਾਇਤੀ ਕੱਪੜੇ ਦੇ ਵਸਤ੍ਰ ਪਹਿਨੇ ਹੋਏ ਸਣ। ਆਪ ਨੇ ਬੜੇ ਪ੍ਰੇਮ ਨਾਲ ਕਿਹਾ—"ਊਧੋ! ਵੇਖ ਤੇਰੇ ਪਿਤਾ ਜੀ ਕਿਵੇਂ ਸਾਦੇ, ਮੋਟੇ ਤੇ ਦੇਸੀ ਕੱਪੜੇ ਪਹਿਨਦੇ ਹਨ। ਉਹਨਾਂ ਦਾ ਕਿਤਨਾ ਮਾਣ ਹੈ। ਕੀ ਤੂੰ ਵਿਦੇਸ਼ੀ ਕੱਪੜੇ ਦੇ ਬਣੇ ਨਵੇਂ ਭੇਸ ਵਿੱਚ ਆਪਣੇ ਪਿਤਾ ਜੀ ਨਾਲੋਂ ਵਧੇਰੀ ਇੱਜ਼ਤ ਪਾ ਲਈ ਹੈ? ਊਧੋ! ਆਪਣੇ ਹੀ ਦੇਸ਼ ਦੇ ਬਣੇ ਕੱਪੜੇ ਤੇ ਵੇਸ਼ ਵਿੱਚ ਆਦਮੀ ਦੀ ਸ਼ੋਭਾ ਹੁੰਦੀ ਹੈ।" ਊਧੋ ਨੇ ਆਦੇਸ਼ ਮੰਨ ਕੇ ਉਸੇ ਵੇਲੇ ਡੇਰੇ ਤੇ ਜਾ ਕੇ ਦੇਸੀ ਕੱਪੜੇ ਪਾ ਲਏ ਅਤੇ ਸਦਾ ਲਈ ਸੂਦੇਸ਼ੀ ਵਸਤ੍ਰ ਅਪਣਾ ਲਏ।

# 15

## ਨਾਰੀ-ਨਿਸਤਾਰਕ—ਦਯਾਨੰਦ

ਸੁਆਮੀ ਦਯਾਨੰਦ ਸਰਸੁਤੀ ਦੇ ਆਗਮਨ ਤੋਂ ਪਹਿਲੇ ਸਾਡੇ ਦੇਸ਼ ਦੇ ਨਾਰੀ ਸਮਾਜ ਦੀ ਹਾਲਤ ਬਹੁਤ ਬੁਰੀ ਸੀ। ਗੋਸਾਈਂ ਤੁਲਸੀ ਦਾਸ ਨੇ ਲਿਖਿਆ—

**"ਢੋਲ ਗਵਾਰ ਸ਼ੂਦ੍ਰ ਪਸ਼ੂ ਨਾਰੀ—ਇਹ ਸਭ ਤਾੜਨ ਕੇ ਅਧਿਕਾਰੀ"**

ਸੁਆਮੀ ਸ਼ੰਕਰ ਆਚਾਰਯਨੇ ਕਿਹਾ —

**"ਨਾਰੀ ਹੀ ਨਰਕ ਦਾ ਇਕ ਮਾਤ੍ਰ ਦਰਵਾਜ਼ਾ ਹੈ—"**

ਇਸਲਾਮ ਨੇ ਤੇ ਕਮਾਲ ਹੀ ਕਰ ਦਿੱਤਾ ਅਤੇ ਕਿਹਾ—

**"ਇਸਤ੍ਰੀਆਂ ਤੁਹਾਡੀਆਂ ਖੇਤੀਆਂ ਹਨ; ਜਾਉ ਆਪਣੀ ਖੇਤੀ ਵਿੱਚ ਜਿੱਥੋਂ ਚਾਹੋ"**

ਈਸਾਈ ਮੰਨਦੇ ਸਣ—

**"ਮਾਂ ਪਾਪ-ਯੋਨੀ ਹੈ ਖ਼ਾਸ ਤੌਰ ਤੇ ਜੇ ਉਸ 'ਚੋਂ ਕੁੜੀ ਜੰਮ ਪਵੇ"।**

ਜੈਨੀਆਂ ਨੇ ਪ੍ਰਚਾਰ ਕੀਤਾ—

**"ਨਾਰੀ ਰੂਪੀ ਪਿਸ਼ਾਚਿਨੀ ਜਿਸ ਦੀ ਛਾਤੀ ਤੇ ਦੋ ਮਾਸ ਪਿੰਡ ਉਭਰ ਆਉਂਦੇ ਹਨ ਅਤੇ ਹਰ ਵੇਲੇ ਆਪਣੀਆਂ ਭਾਵਨਾਂ ਨੂੰ ਬਦਲਦੀ ਰਹਿੰਦੀ ਹੈ, ਦੀ ਕਦੀ ਵੀ ਅਭਿਲਾਸ਼ਾ ਨਹੀਂ ਕਰਨੀ ਚਾਹੀਦੀ।"**

ਪਰ ਸੁਆਮੀ ਦਯਾਨੰਦ ਨੇ ਆ ਕੇ ਮਨੂ ਦੇ ਹਵਾਲਿਆਂ ਨਾਲ ਲੋਕਾਂ ਨੂੰ ਸਮਝਾ ਦਿੱਤਾ ਕਿ **"ਜਿੱਥੇ ਇਸਤ੍ਰੀਆਂ ਦਾ ਮਾਣ ਹੁੰਦਾ ਹੈ ਓਥੇ ਦੇਵਤਿਆਂ ਦਾ ਨਿਵਾਸ ਹੁੰਦਾ ਹੈ; ਜਿਸ ਕੁਲ ਵਿੱਚ ਇਸਤ੍ਰੀਆਂ ਤੰਗ-ਹਾਲ ਰਹਿੰਦੀਆਂ ਹਨ ਉਹ ਕੁਲ ਝਬਦੇ ਨਸ਼ਟ ਹੋ ਜਾਂਦਾ ਹੈ; ਪਰ ਜਿਸ ਪਰਿਵਾਰ ਵਿੱਚ ਇਹ ਸੁਖੀ ਰਹਿੰਦੀਆਂ ਹਨ ਉਹ ਕੁਲ ਵੱਧਦੀ-ਫੁੱਲਦੀ ਹੈ।" ਫੇਰ ਇਸ ਗੱਲ ਤੇ ਵੀ ਜ਼ੋਰ ਦਿਤਾ ਕਿ ਇੱਕ ਆਚਾਰਯ ਦਸਾਂ ਉਪਾਧਿਆਇਆਂ ਦੇ ਬਰਾਬਰ, ਇੱਕ ਪਿਤਾ ਸੌ ਆਚਾਰਯਾਂ ਦੇ ਸਮਾਨ, ਅਤੇ ਇੱਕ ਮਾਤਾ ਇੱਕ ਹਜ਼ਾਰ ਪਿਤਾ ਦੇ ਤੁੱਲ ਹੁੰਦੀ ਹੈ—ਅਰਥਾਤ ਇੱਕ ਮਾਤਾ $1 \times 10 \times 100 \times 1000 = 10,00,000$ ਦਸ ਲੱਖ ਉਪਾਧਿਆਇਆ ਦੇ ਬਰਾਬਰ ਹੁੰਦੀ ਹੈ। ਏਸ ਤਰ੍ਹਾਂ ਇਸਤ੍ਰੀ ਜਾਤੀ ਦੀ ਮਹਾਨਤਾ ਪ੍ਰਦਰਸ਼ਿਤ ਕੀਤੀ।**

ਸੁਆਮੀ ਜੀ ਦੇ ਅਕਾਲ ਚਲਾਣੇ ਦੇ ਬਾਦ, ਸੁਆਮੀ ਜੀ ਦੇ ਪ੍ਰਚਾਰ ਦਾ ਫਲ ਇਹ ਹੋਇਆ ਕਿ ਲੋਕਾਂ ਦੇ ਕਰੜੇ ਵਿਰੋਧ ਦੇ ਬਾਵਜੂਦ ਆਰੀਯ ਸਮਾਜੀਆਂ ਨੇ ਪੁਤ੍ਰੀ ਪਾਠਸ਼ਾਲਾਂ, ਕੰਨਯਾ ਗੁਰੂ ਕੁਲਾਂ, ਲੜਕੀਆਂ ਦੇ ਸਕੂਲਾਂ ਅਤੇ ਕਾਲਜਾਂ ਦਾ ਦੇਸ਼ ਭਰ ਵਿੱਚ ਵਿਸ਼ਾਲ ਜਾਲ ਵਿਛਾ ਦਿੱਤਾ ਅਤੇ ਅੱਜ ਦੇਵੀਆਂ ਹਰ ਖੇਤ੍ਰ ਵਿੱਚ ਪੁਰਸ਼ਾਂ ਦੇ ਬਰਾਬਰ ਸਫਲਤਾ ਪੂਰਬਕ ਗ੍ਰਿਹਸਥ ਚਲਾਉਂਦੀਆਂ, ਬੱਚਿਆਂ ਦੀ ਸਿੱਖਿਆ-ਦੀਖਿਆ ਵਿੱਚ ਹੱਥ ਵਟਾਉਂਦੀਆਂ, ਏਥੋਂ ਤੱਕ ਕਿ ਰਾਜਨੀਤੀ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੀਆਂ ਅਤੇ ਸਰਕਾਰੀ ਅਹੁਦਿਆਂ ਤੇ ਵੀ ਸਫਲਤਾ ਨਾਲ ਸੇਵ ਕਰ ਰਹੀਆਂ ਹਨ।

# 16

# ਗ਼ਰੀਬ ਨਿਵਾਜ਼–ਦਯਾਨੰਦ

1. ਮਹਾਰਾਜ ਗੰਗਾ ਤਟ ਤੇ ਪ੍ਰਕ੍ਰਿਤੀ ਦੀ ਸੁੰਦਰਤਾ ਨਿਹਾਰਦੇ ਬੈਠੇ ਸਣ ਕਿ ਇੱਕ ਅਬਲਾ ਆਪਣੇ ਜਿਗਰਦੇ ਟੁਕੜੇ ਨੂੰ ਬਾਹਵਾਂ ਤੇ ਧਰੀ ਰੋਂਦੀ ਕੁਰਲਾਉਂਦੀ ਗੰਗਾ ਦੇ ਕੁਝ ਡੂੰਘੇ ਪਾਣੀ ਵਿੱਚ ਵੜ ਗਈ। ਮੁਰਦਾ ਬੱਚੇ ਨੂੰ ਤਾਂ ਗੰਗਾਂ ਦੀਆਂ ਤੇਜ਼ ਲਹਿਰਾਂ ਦੇ ਹਵਾਲੇ ਕਰ ਦਿੱਤਾ; ਪਰ ਉਹਦੇ ਉੱਪਰ ਲਿਪਟੇ ਕਪੜੇ ਦੇ ਟੁਕੜੇ ਨੂੰ ਧੋਕੇ ਹਵਾ ਵਿੱਚ ਸੁਕਾਉਂਦੀ ਹੋਈ ਘਰ ਨੂੰ ਜਾਂਦੀ ਆਪਦੀ ਨਜ਼ਰੇ ਪੈ ਗਈ। ਸੁਾਮੀ ਜੀ ਦਾ ਹ੍ਰਿਦਯ ਪੰਘਰ ਗਿਆ ਅਤੇ ਦੁਖੀ ਦਿਲ ਨਾਲ ਡੂੰਘਾ ਹਾਉਕਾ ਭਰ ਕੇ ਕਹਿਣ ਲੱਗੇ "ਹਾਇ। ਅੱਜ ਸਾਡਾ ਭਾਰਤ ਦੇਸ਼ ਕਿਤਨਾ ਕੰਗਾਲ ਹੋ ਗਿਆ ਹੈ ਕਿ ਇਹ ਮਾਂ ਆਪਣੇ ਜਿਗਰ ਦੇ ਟੋਟੇ ਨੂੰ ਗੰਗਾ ਦੀਆਂ ਲਹਿਰਾਂ ਦੇ ਸਪੁਰਦ ਕਰ ਦਿੰਦੀ ਹੈ; ਪਰ ਅੱਧ ਗਜ਼ ਕਪੜਾ ਉਹਦੇ ਨਾਲ ਨਹੀਂ ਰੋੜ੍ਹ ਸਕਦੀ; ਕਿਉਂਕਿ ਇਹਦੇ ਬਗ਼ੈਰ ਉਹਦਾ ਗੁਜ਼ਾਰਾ ਨਹੀਂ ਹੋ ਸਕਦਾ। ਇਸ ਤੋਂ ਵਧ ਕੇ ਦਰਿਦ੍ਰਤਾ ਦਾ ਹੋਰ ਕਿਹੜਾ ਦ੍ਰਿਸ਼ਟਾਂਤ ਹੋ ਸਕਦਾ ਹੈ?" ਮਹਾਰਾਜ ਨੇ ਉਸ ਸਮੇਂ ਤੋਂ ਗਰੀਬਾਂ ਦੇ ਨਿਸਤਾਰੇ ਲਈ ਅਧਿਕ ਦ੍ਰਿੜ੍ਹਤਾ ਨਾਲ ਕੰਮ ਕਰਨ ਦਾ ਸੰਕਲਪ ਕਰ ਲੀਤਾ।

2. ਪ੍ਰਯਾਗ ਦੇ ਲਾਲਾ ਬੰਸੀਧਰ ਵਿਦਯਾਰਥੀਆਂ ਵਿੱਚ ਰਾਮਾਇਣ ਦੀਆਂ ਪੁਸਤਕਾਂ ਵੰਡਦੇ ਹੁੰਦੇ ਸਣ। ਵੰਡਣ ਵਾਲਾ ਪੰਡਿਤ ਆਪਣੇ ਵਾਕਿਫ਼ਕਾਰਾਂ ਨੂੰ ਤਾਂ

ਸਹਿਜੇ ਹੀ ਪੁਸਤਕ ਦੇ ਦਿੰਦਾ ਸੀ, ਪਰ ਨਾਵਾਕਿਫ਼ਾਂ ਨੂੰ ਕਈ ਕਈ ਫੇਰੇ ਪਾ ਕੇ ਵੀ ਰਾਮਾਇਣ ਨਹੀਂ ਸੀ ਮਿਲਦਾ । ਇੱਕ ਵਿਦਜਾਰਥੀ ਫੇਰੇ ਮਾਰ-ਮਾਰ ਕੇ ਥੱਕ ਗਿਆ; ਪਰ ਪੁਸਤਕ ਪ੍ਰਾਪਤ ਨਹੀਂ ਹੋ ਸਕੀ । ਉਹਨੇ ਸੁਆਮੀ ਜੀ ਕੋਲ ਸ਼ਿਕਾਇਤ ਕੀਤੀ ਤਾਂ ਮਹਾਰਾਜ ਆਪ ਉਸ ਵਿਦਿਆਰਥੀ ਨਾਲ ਲਾਲਾ ਬੰਸੀਧਰ ਦੇ ਘਰ ਗਏ ਅਤੇ ਪੁਸਤਕ ਦਿਵਾ ਦਿੱਤੀ ।

3. ਮੇਰਠ ਵਿੱਚ ਅਨੇਕ ਤਿਲਕ-ਕੰਠੀ ਧਾਰੀ ਬ੍ਰਾਹਮਣਾਂ ਦੇ ਬੈਠਿਆਂ-ਬੈਠਿਆਂ ਕਿਸੇ ਨੇ ਮਹਾਰਾਜ ਨੂੰ ਨਮਸਕਾਰ ਕਰਕੇ ਕੁਸ਼ਲ ਪੁੱਛੀ ਤਾਂ ਆਪਨੇ ਲੰਮਾ ਸਾਹ ਲੈਕੇ ਕਿਹਾ ਕਿ "ਸਾਨੂੰ ਕੁਸ਼ਲ ਕਿੱਥੇ ? ਇਹਦੇ ਤੋਂ ਵੱਧ ਖੇਦ ਅਤੇ ਕਸ਼ਟ ਦੀ ਹੋਰ ਕੀ ਗੱਲ ਹੋ ਸਕਦੀ ਹੈ ਕਿ ਇਹ ਬ੍ਰਾਹਮਣ ਜਿਹੜੇ ਸਾਡੇ ਕੋਲ ਬੈਠੇ ਹਨ ਆਪਣੇ ਕਰਤਵਜ਼ ਕਰਮ ਤੋਂ ਕਈ ਕੋਹ ਦੂਰ ਪਏ ਹਨ । ਬਾਹਰ ਦੇ ਅਡੰਬਰ ਅਤੇ ਪਾਖੰਡ ਨਾਲ ਇਹਨਾਂ ਦਾ ਵਧੇਰੇ ਪਿਆਰ ਹੈ । ਧਰਮ ਦੇ ਪ੍ਰਚਾਰ ਦਾ ਅਤੇ ਪਰੋਪਕਾਰ ਦਾ ਇਹਨਾਂ ਨੂੰ ਧਿਆਨ ਨਹੀਂ ।" ਮਹਾਰਾਜ ਦਾ ਸੁਭਾਵ ਬੜਾ ਕੋਮਲ ਸੀ । ਜਦ ਦੇਸ਼, ਧਰਮ ਅਤੇ ਜਾਤਿ ਦੀ ਦੁਰਦਸ਼ਾ ਦਾ ਵਰਣਨ ਕਰਨ ਲੱਗਦੇ ਤਾਂ ਉਹਨਾਂ ਦਾ ਜੀਅ ਭਰ ਆਉਂਦਾ ਅਤੇ ਅੱਖਾਂ ਵਿੱਚ ਮੋਟੇ-ਮੋਟੇ ਗਲ੍ਹੇਡੂ ਝਲਕਣ ਲਗ ਪੈਂਦੇ ਸਣ ।

4. ਫਤਿਹਗੜ੍ਹ ਵਿੱਚ ਬੈਠੇ ਆਮ ਸ਼ੰਕਾ ਸਮਾਧਾਨ ਕਰ ਰਹੇ ਸਣ ਕਿ ਸੁਆਮੀ ਜੀ ਦੇ ਕੋਲੋਂ ਇੱਕ ਇਸਤ੍ਰੀ ਮਰੇ ਹੋਏ ਬੱਚੇ ਨੂੰ ਮੈਲੇ ਕੁਚੈਲੇ ਅਤੇ ਫਟੇ-ਪੁਰਾਣੇ ਕਪੜੇ ਦੇ ਟੋਟੇ ਵਿੱਚ ਵਲ੍ਹੇਟ ਕੇ ਲਈ ਜਾਂਦੀ ਪਈ ਸੀ । ਮਹਾਰਾਜ ਨੇ ਪੁਛਿਆ—

"ਮਾਈ ! ਆਪਣੇ ਏਸ ਬੱਚੇ ਤੇ ਚਿੱਟਾ, ਸੁਥਰਾ, ਨਵਾਂ ਕਪੜਾ ਕਿਉਂ ਨਹੀਂ ਪਾਇਆ ?" ਉਹਨੇ ਰੋ ਕੇ ਜਵਾਬ ਦਿੱਤਾ—"ਮਹਾਰਾਜ ! ਮੇਰੇ ਵਰਗੀ ਦੀਨ-ਹੀਨ ਅਬਲਾ ਦੇ ਕੋਲ ਸਾਫ਼-ਸੁਥਰਾ, ਚਿੱਟਾ, ਨਵਾਂ ਕਪੜਾ ਕਿੱਥੇ ਹੈ, ਜਿਸ ਦੇ ਵਿੱਚ ਇਹਨੂੰ ਵਲ੍ਹੇਟਦੀ ?" ਇਹ ਸੁਣਕੇ ਸੁਆਮੀ ਦਯਾਨੰਦ ਦੇ ਧੀਰਜ ਦਾ ਬੰਨ੍ਹ ਟੁੱਟ ਗਿਆ ਉਹਨਾਂ ਦੀਆਂ ਅੱਖਾਂ ਵਿੱਚੋਂ ਅਥਰੂਆਂ ਦੀ ਝੜੀ ਲੱਗ ਗਈ; ਕਹਿਣ ਲੱਗੇ—"ਕਦੀ ਇਹ ਭਾਰਤ ਧਨ-ਦੌਲਤ ਦਾ ਭੰਡਾਰ ਸੀ; ਹਰ ਪ੍ਰਕਾਰ ਦੀ ਸੁਖ-ਸਾਮਗ੍ਰੀ ਦਾ ਧਾਮ ਸੀ; ਪਰੰਤੂ ਅੱਜ ਇਹ ਦਸ਼ਾ ਹੋ ਗਈ ਹੈ ਕਿ ਮਰੇ ਹੋਏ ਬੱਚਿਆਂ ਦੇ ਤਨ

ਕੱਜਣ ਲਈ ਉਹਨਾਂ ਦੇ ਘਰ ਵਾਲਿਆਂ ਨੂੰ ਗਜ਼-ਦੋ ਗਜ਼ ਨਵਾਂ ਕਪੜਾ ਵੀ ਨਹੀਂ ਲੱਭਦਾ।'

5. ਇੱਕ ਦਿਨ ਅੱਧੀ ਰਾਤ ਮਹਾਰਾਜ ਜਾਗਕੇ ਬੇਚੈਨੀ ਦੀ ਹਾਲਤ ਵਿੱਚ ਏਧਰ-ਓਧਰ ਟਹਿਲਣ ਲਗ ਪਏ, ਇੱਕ ਕਰਮਚਾਰੀ ਨੇ ਪੁੱਛਿਆ—"ਮਹਾਰਾਜ ! ਕੋਈ ਸ਼ਾਰੀਰਿਕ ਕਸ਼ਟ ਹੋ ਗਿਆ ਹੋਵੇ ਤਾਂ ਡਾਕਟਰ ਵੈਦਾਂ ਨੂੰ ਬੁਲਾਵਾਂ ਜਾਂ ਕੋਈ ਘਰੇਲੂ ਔਖਧ ਸੁੰਢ-ਜਵੈਣ ਆਦਿ ਦਾ ਕਾੜ੍ਹਾ ਬਣਾਵਾਂ..?" ਮਹਾਰਾਜ ਨੇ ਡੂੰਘਾ ਹਉਕਾ ਭਰਕੇ ਕਿਹਾ—"ਭਾਈ ! ਮੇਰੀ ਤਕਲੀਫ਼ ਤਾਂ ਦਮ-ਬ-ਦਮ ਵਧਦੀ ਜਾ ਰਹੀ ਹੈ; ਪਰ ਡਾਕਟਰੀ ਨੁਸਖ਼ਿਆਂ, ਹਕੀਮੀ ਦਵਾਦਾਰੂ ਜਾਂ ਘਰ ਦੇ ਔੜ੍ਹ-ਪੌੜ੍ਹ ਨਾਲ ਇਹ ਹਟਣ ਵਾਲੀ ਨਹੀਂ। ਇਹ ਵੇਦਨਾ ਤਾਂ ਭਾਰਤ ਦੇ ਮਿਹਨਤੀ ਲੋਕਾਂ ਦੀ ਦੁਰਦਸ਼ਾ ਦਾ ਚਿੰਤਨ ਕਰਨ ਨਾਲ ਪੈਦਾ ਹੋਈ ਹੈ ਅਤੇ ਬਾਰ-ਬਾਰ ਯਾਦ ਆਉਣ ਕਰਕੇ ਇਹਦੇ ਵਿੱਚ ਨਿਰੰਤਰ ਵਾਧਾ ਹੁੰਦਾ ਜਾ ਰਿਹਾ ਹੈ। ਈਸਾਈ ਮਿਸ਼ਨਰੀ ਕੋਲ-ਭੀਲ ਸੰਥਾਲ ਆਦਿ ਬਨਵਾਸੀ ਭਾਰਤੀਯ ਜਾਤੀਆਂ ਨੂੰ ਈਸਾਈ ਬਣਾਉਣ ਦੇ ਪੱਕੇ-ਪੀਡੇ ਬਾਨ੍ਹਣੂ ਬੰਨ੍ਹ ਰਹੇ ਹਨ। ਲੱਖਾਂ ਕਰੋੜਾਂ ਰੁਪਇਆ ਪਾਣੀ ਵਾਂਗ ਰੋੜ੍ਹ ਰਹੇ ਹਨ। ਕੌਮ ਦੇ ਪੁਰੋਹਿਤ ਕੁੰਭ ਕਰਣੀ ਨੀਂਦ ਵਿੱਚ ਬੇਫ਼ਿਕਰ ਸੁੱਤੇ ਘੁਰਾੜੇ ਮਾਰ ਰਹੇ ਹਨ। ਉਹਨਾਂ ਦੇ ਕੰਨ ਤੇ ਜੂੰ ਨਹੀਂ ਸਰਕਦੀ। ਬੱਸ ਇਸੇ ਦੁੱਖ ਨੇ ਮੈਨੂੰ ਬੇਚੈਨ ਕਰ ਰੱਖਿਆ ਹੈ ਅਤੇ ਅੰਦਰੋ-ਅੰਦਰ ਘੁਣ ਵਾਂਗੂ ਖਾਈ ਤੁਰਿਆ ਜਾ ਰਿਹਾ ਹੈ। ਪ੍ਰਭੂ ਛੇਤੀ ਕੌਮੀ ਨੇਤਿਆਂ ਨੂੰ ਸੋਝੀ ਪਾਵੇ।"

6. ਬੰਬਈ ਵਿੱਚ ਸ੍ਵਾਮੀ ਜੀ ਨੇ ਕਿਸੇ ਸੱਜਣ ਨੂੰ ਪੁਛਿਆ—"ਆਪ ਕੌਣ ਹੋ ਤੇ ਕੀ ਕੰਮ ਕਰਦੇ ਹੋ ? ਉਹਨੇ ਕਿਹਾ—"ਮਹਾਰਾਜ ! ਮੈਂ ਬ੍ਰਾਹਮਣ ਹਾਂ, ਸੰਸਕ੍ਰਿਤ ਨਹੀਂ ਪੜ੍ਹਿਆ, ਪਰ ਕਰਮ ਕਾਂਡ ਦੇ ਕੁਝ ਸ਼ਲੋਕ ਆਦਿ ਜਾਣਦਾ ਹਾਂ। ਕੰਮ ਕੋਈ ਨਹੀਂ ਕਰਦਾ, ਪੇਨਸ਼ਨ ਤੇ ਗੁਜ਼ਾਰਾ ਕਰਦਾ ਹਾਂ।" ਸ੍ਵਾਮੀ ਜੀ ਨੇ ਉਹਨੂੰ ਕਿਹਾ—"ਬ੍ਰਾਹਮਣ ਕੁਲ ਵਿੱਚ ਪੈਦਾ ਹੋਏ ਹੋ, ਗੁਜ਼ਾਰੇਦੀ ਤੁਹਾਨੂੰ ਕੋਈ ਚਿੰਤਾ ਨਹੀਂ। ਆਪਦੇ ਬਜ਼ੁਰਗ ਲੋਕਾਂ ਨੂੰ ਸਿੱਧੇ ਰਾਹੇ ਪਾਉਂਦੇ ਹੁੰਦੇ ਸਣ। ਉਹਨਾਂ ਦਾ ਜੀਵਨ ਪਰੋਪਕਾਰ ਦੇ ਕੰਮਾਂ ਵਿੱਚ ਹੀ ਬੀਤਦਾ ਹੁੰਦਾ ਸੀ। ਕਿੰਨਾ ਚੰਗਾ ਹੋਵੇ ਜੇ ਆਪ ਵੀ ਉਹਨਾਂ ਮਹਾਪੁਰਖਾਂ ਦੀਆਂ ਉਕ੍ਰੀਆਂ ਹੋਈਆਂ ਲੀਹਾਂ ਤੇ ਚੱਲਣ ਦਾ ਜਤਨ ਕਰੋ। ਜਿੱਥੋਂ ਤੱਕ ਹੋ ਸਕੇ ਲੱਕ ਬੰਨ੍ਹਕੇ ਈਸਾਈ ਪਾਦਰੀਆਂ ਦੀਆਂ ਕੁਚਾਲਾਂ ਤੋਂ ਬਨਵਾਸੀ

ਕੋਲਾਂ, ਭੀਲਾਂ, ਸੰਥਾਲਾਂ ਨੂੰ ਬਚਾਉਣ ਦਾ ਉਪਰਾਲਾ ਕਰੋ । ਦੇਸ ਤੇ ਕੌਮ ਆਪ ਜੀ ਦਾ ਆਭਾਰ ਮੰਨੇਗੀ, ਅਤੇ ਆਪ ਦਾ ਜੀਵਨ ਵੀ ਸਫਲ ਹੋ ਜਾਏਗਾ ।" ਪਰ ਦੇਵਤਾ ਨੇ ਸੱਜੇ ਕੰਨੋਂ ਸੁਣਕੇ ਖੱਬੇ ਕੰਨੋਂ ਇਹ ਸਾਰੇ ਉਪਦੇਸ਼ ਕੱਢ ਦਿਤੇ. ਜਿਸਦਾ ਮਹਾਰਾਜ ਨੂੰ ਘੋਰ ਦੁੱਖ ਹੋਇਆ ।

# 17

# ਗੋਪਾਲ–ਦਯਾਨੰਦ

1. ਜ੍ਵਾਲਾਪੁਰ (ਹਰਿਦ੍ਵਾਰ) ਦੇ ਇੱਕ ਅਮੀਰ ਮੁਸਲਮਾਨ ਰਾਵ ਉਜਖ਼ਾਨ ਨੇ ਮਹਾਰਾਜ ਅੱਗੇ ਪ੍ਰਸ਼ਨ ਕੀਤਾ—"ਕੀ, ਗਊ ਰੱਖਿਆ ਸਭਨਾਂ ਜੀਵਾਂ ਦੀ ਰੱਖਿਆ ਨਾਲੋਂ ਹੱਛੀ ਹੈ ?" ਤਾਂ ਸ੍ਵਾਮੀ ਜੀ ਨੇ ਉੱਤਰ ਦਿੱਤਾ—"ਹਾਂ, ਗਊ ਰੱਖਿਆ ਸਭ ਤੋਂ ਉੱਤਮ ਹੈ ਅਤੇ ਇਹਦੇ ਨਾਲ ਸਭ ਤੋਂ ਅਧਿਕ ਲਾਭ ਹੁੰਦਾ ਹੈ। ਏਸੇ ਕਰਕੇ ਗਊ ਰੱਖਿਆ ਸਭ ਮਨੁੱਖਾਂ ਦਾ ਫ਼ਰਜ਼ ਹੈ।"

2. ਇੱਕ ਦਿਨ ਸ੍ਵਾਮੀ ਜੀ ਬੈਠੇ ਬੈਠੇ ਲੇਟ ਗਏ, ਫੇਰ ਉੱਠਕੇ ਟਹਿਲਣ ਲਗ ਪਏ। ਇੱਕ ਭਗਤ ਨੇ ਪੁਛਿਆ—"ਮਹਾਰਾਜ ਜੀ ! ਕੀ ਅਜ ਆਪ ਨੂੰ ਕੋਈ ਤਕਲੀਫ ਹੋ ਰਹੀ ਹੈ ?" ਮਹਾਰਾਜ ਨੇ ਲੰਮੀ ਸਾਹ ਖਿੱਚ ਕੇ ਉੱਤਰ ਦਿੱਤਾ—"ਭਾਈ ! ਇਹਦੇ ਤੋਂ ਜ਼ਿਆਦਾ ਦਿਲ-ਚੀਰਵੀਂ ਦਾਰੁਣ-ਵੇਦਨਾ ਹੋਰ ਕੀ ਹੋ ਸਕਦੀ ਹੈ ਕਿ ਵਿਧਵਾ ਦੇਵੀਆਂ ਦੀਆਂ ਦੁੱਖ ਭਰੀਆਂ ਆਹਾਂ ਨਾਲ, ਅਨਾਥਾਂ ਦੇ ਨਿਰੰਤਰ ਦੁੱਖਾਂ ਨਾਲ ਅਤੇ ਗਊ-ਵਧ ਦੇ ਘ੍ਰਿਣਿਤ ਪਾਪ ਨਾਲ ਭਾਰਤ ਦੇਸ਼ ਦਾ ਸ਼ਰਵਨਾਸ਼ ਹੋ ਰਿਹਾ ਹੈ।"

3. ਫੱਰੁਖਾਬਾਦ ਵਿੱਚ ਇੱਕ ਦਿਨ ਗਊ ਰੱਖਿਆ ਤੇ ਵਿਆਖਿਆਨ ਦਿੰਦੇ ਹੋਏ ਸ੍ਵਾਮੀ ਜੀ ਨੇ ਕਹਿਆ—"ਗਊ ਹੱਤਿਆ ਨਾਲ ਇਤਨੀ ਹਾਨੀ ਹੋ ਰਹੀ ਹੈ; ਪਰੰਤੂ ਖੇਦ ਹੈ ਕਿ ਰਾਜ ਪੁਰਖ ਇਹਦੇ ਵੱਲ ਕੋਈ ਧਿਆਨ ਹੀ ਨਹੀਂ ਦਿੰਦੇ। ਇਹ ਦੋਸ਼ ਵਧੇਰੇ ਕਰਕੇ ਸਾਡਾ ਆਪਣਾ ਹੈ। ਅਸਾਡੇ ਵਿੱਚ ਏਕਤਾ ਦਾ ਸਰਵਥਾ ਅਭਾਵ ਹੈ; ਜੇ ਸਭੇ ਮਿਲਕੇ ਗਊ-ਵਧ ਬੰਦ ਕਰਾਉਣ ਦਾ ਨਿਵੇਦਨ ਕਰੀਏ ਤਾਂ ਕੀ ਨਹੀਂ ਹੋ ਸਕਦਾ ? ਭੋਲੇ-ਭਾਲੇ

ਦਾਨੀ ਸਮਝਦੇ ਹਨ ਕਿ ਗਊ ਦਾ ਸੰਕਲਪ ਕਰਕੇ ਬ੍ਰਾਹਮਣ ਨੂੰ ਦੇ ਦੇਣ ਨਾਲ ਵੈਤਰਣੀ ਤੋਂ ਪਾਰ ਹੋ ਜਾਵਾਂਗੇ। ਸੰਕਲਪ ਕਰਨ ਵਾਲਾ ਤਾਂ ਮਰ ਜਾਂਦਾ ਹੈ; ਪਰ ਉਹ ਗਊ ਬ੍ਰਾਹਮਣ ਦੇ ਕਿੱਲੇ ਤੇ ਹੀ ਬੱਧੀ ਰਹਿੰਦੀ ਹੈ। ਇਹਨਾਂ ਵਿੱਚੋਂ ਕਈ ਤਾਂ ਅਜਿਹੇ ਕੁਲ-ਕਪੂਤ ਹੁੰਦੇ ਹਨ ਜਿਹੜੇ ਝੱਟ ਉਸ ਗਊ ਨੂੰ ਕਸਾਈਆਂ ਕੋਲ ਵੇਚ ਦਿੰਦੇ ਹਨ।"

4. ਪਾਦਰੀ ਜੋਨਸ ਕੋਲੋਂ ਸੁਆਮੀ ਜੀ ਨੇ ਪੁੱਛਿਆ—"ਨੇਕੀ ਕੀ ਹੈ ?" ਉਹਨੇ ਬੇਨਤੀ ਕੀਤੀ—"ਮਹਾਰਾਜ ! ਆਪ ਹੀ ਦੱਸੋ।" ਸੁਆਮੀ ਜੀ ਨੇ ਕਿਹਾ—"ਜਿਸ ਕਰਮ ਨਾਲ ਵਧੇਰੇ ਮਨੁੱਖਾਂ ਦਾ ਅਧਿਕ ਲਾਭ ਹੋਵੇ; ਉਹਨੂੰ ਨੇਕੀ ਕਹਿੰਦੇ ਹਨ।" ਪਾਦਰੀ ਨੇ ਵੀ ਇਹ ਗੱਲ ਮੰਨ ਲਈ। ਤਾਂ ਸੁਆਮੀ ਜੀ ਨੇ ਬੜੀ ਉੱਤਸੁਕਤਾ ਨਾਲ ਇਹ ਸਿੱਧ ਕਰ ਦਿੱਤਾ ਕਿ ਗਊ ਰੱਖਿਆ ਨਾਲ ਅਧਿਕ ਤੋਂ ਅਧਿਕ ਮਨੁੱਖਾਂ ਦਾ ਵਧੇਰੇ ਲਾਭ ਹੁੰਦਾ ਹੈ। ਆਪਦੇ ਉਪਦੇਸ਼ਾਂ ਨੂੰ ਸੁਣਕੇ ਪਾਦਰੀ ਜੋਨਸ ਨੇ ਗਊ ਮਾਸ ਖਾਣਾ ਤਿਆਗ ਦਿੱਤਾ।

5. ਮਹਾਰਾਜ ਨੇ ਆਪਣੇ ਗਊ ਰੱਖਿਆ ਅੰਦੋਲਨ ਦਾ ਨਾਮ "ਗਊ ਰਕਸ਼ਣ ਅਤੇ ਕ੍ਰਿਸ਼ੀ ਸੁਧਾਰ" ਰੱਖਿਆ ਸੀ। ਜਦ ਤੱਕ ਜਵਾਨ ਵਹਿੜਾਂ ਅਤੇ ਵਹਿੜਕਿਆਂ ਨੂੰ ਕਤਲ ਤੋਂ ਨਾ ਬਚਾਇਆ ਜਾਏ, ਤਦ ਤੱਕ ਗਊ ਰੱਖਿਆ ਦਾ ਕੋਈ ਵਿਸ਼ੇਸ਼ ਲਾਭ ਹੈ ਨ ਮਹਤੂ। ਮਹਾਰਾਜ ਦੀ ਸੂਖਮ ਬੁੱਧੀ ਨੇ ਇਹ ਸਮਝ ਲਿਆ ਸੀ ਕਿ ਗਊ ਰੱਖਿਆ ਤਦੇ ਹੀ ਹੋ ਸਕਦੀ ਹੈ ਜਦ ਗਊ-ਜਾਤਿ-ਮਾਤ੍ਰ ਦੀ ਰੱਖਿਆ ਕੀਤੀ ਜਾਵੇ। ਮਹਾਰਾਜ ਨੇ ਗਊ-ਰੱਖਿਆ ਦੇ ਮਜ਼ਮੂਨ ਤੇ ਸੈਂਕੜੇ ਵਿਆਖਿਆਨ ਦਿੱਤੇ, ਹਜਾਰਾਂ ਮੁਸਲਮਾਨਾਂ-ਈਸਾਈਆਂ ਨੂੰ ਗਊ ਦੇ ਲਾਭ ਸਮਝਾਏ, ਸਰਕਾਰੀ ਅਫ਼ਸਰਾਂ ਨੂੰ ਗਊ-ਰੱਖਿਆ ਤੇ ਜ਼ੋਰ ਦਿੱਤਾ ਅਤੇ ਇੱਕ ਕਰੋੜ ਤੋਂ ਵੱਧ ਲੋਕਾਂ ਦੇ ਦਸਤਖ਼ਤ ਕਰਾਕੇ ਮਲਿਕਾਂ ਵਿਕਟੋਰੀਆਂ ਨੂੰ ਇੱਕ ਮੈਮੋਰੀਅਲ ਆਪਣੀ ਹੱਥੀਂ ਇੰਗਲੈਂਡ ਜਾ ਕੇ ਪਹੁੰਚਾਉਣ ਦਾ ਪ੍ਰੋਗ੍ਰਾਮ ਬਣਾਇਆ ਹੋਇਆ ਸੀ; ਪਰ ਦੇਸ਼ ਦੀ ਬਦਕਿਸਮਤੀ ਨਾਲ ਮਹਾਰਾਜ ਦੇ ਅਕਾਲ ਚਲਾਣੇ ਦੇ ਕਾਰਣ ਇਹ ਵਿਉਂਤ ਸਿਰੇ ਨ ਚੜ੍ਹ ਸਕੀ।

# 18

# ਪੁਨੀਤ-ਪਾਂਧੀ--ਦਯਾਨੰਦ

**1.** ਮੇਰਠ ਵਿੱਚ ਇੱਕ ਦਿਨ ਆਪਣੇ ਪ੍ਰੇਮੀਆਂ ਨੂੰ ਮਹਾਰਾਜ ਨੇ ਦੱਸਿਆ ਜੀ ਕਿ—"ਅਵਧੂਤ ਅਵਸਥਾ ਵਿੱਚ ਇੱਕ ਇੱਕ ਦਿਨ ਵਿੱਚ ਚਾਲ੍ਹੀ-ਚਾਲ੍ਹੀ ਮੀਲ ਸੁਖੈਨ ਹੀ ਸਫ਼ਰ ਕਰ ਲੈਣਾ ਮੇਰੇ ਲਈ ਸਾਧਾਰਣ ਜਿਹੀ ਗੱਲ ਸੀ। ਇੱਕ ਵਾਰੀ ਮੈਂ ਗੰਗਾ ਸ੍ਰੋਤ ਤੋਂ ਚੱਲਕੇ ਇਹਦੇ ਕੰਢੇ-ਕੰਢੇ ਗੰਗਾ ਸਾਗਰ ਤੱਕ ਦੀ ਯਾਤ੍ਰਾ ਕੀਤੀ ਸੀ। ਫੇਰ ਗੰਗੋਤ੍ਰੀ ਤੋਂ ਰਾਮੇਸ਼੍ਵਰ ਤੱਕ ਵੀ ਗਿਆ ਸਾਂ।"

2. **ਵਿਪਲਵ ਦਾ ਅੰਤਿਮ ਚਰਣ**—1857 ਈਸ੍ਵੀ ਦੀ ਜਨ-ਕ੍ਰਾਂਤਿ, ਜਿਸਦੇ ਵਿੱਚ ਮਹਾਰਾਜ ਤਨ-ਮਨ ਨਾਲ ਵਿਚਾਰਕ, ਪ੍ਰੇਰਕ, ਨੇਤਾ, ਕਾਰਜ ਕਰਤਾ, ਸਿਪਾਹੀ ਆਦਿ ਹਰ ਰੂਪ ਵਿੱਚ ਆਰੰਭ ਤੋਂ ਅੰਤ ਤੱਕ ਸ਼ਾਮਿਲ ਰਹੇ ਸਣ, ਦੀ ਵਿਫਲਤਾ ਤੋਂ ਪਿੱਛੋਂ ਆਪ ਉੱਤਰ ਭਾਰਤ ਤੋਂ ਗੁਪਤ ਰੂਪ ਨਾਲ ਦੱਖਣ ਦੇ ਕੰਨਿਆ ਕੁਮਾਰੀ ਮੰਦਿਰ ਤੱਕ ਜਾ ਪਹੁੰਚੇ ਸਣ। "ਇੱਸ ਰਮਣੀਕ ਸਥਾਨ ਤੇ ਜਿੱਥੇ ਪੂਰਬ, ਪੱਛਮ ਅਤੇ ਦੱਖਣ ਦੇ ਸਾਗਰ ਭਾਰਤ ਮਾਤਾ ਦੇ ਚਰਣ-ਚੁੰਮਦੇ ਹਨ। ਇੱਕ ਦਿਨ ਸ੍ਵਾਮੀ ਜੀ ਸਾਗਰ ਵੱਲ ਮੂੰਹ ਕਰਕੇ ਚਿੰਤਾ-ਮਗਨ ਬੈਠੇ ਸਣ ਕਿ ਉਹਨਾਂ ਨੂੰ ਲੱਭਦੇ-ਲਭਾਂਦੇ ਨਾਨਾ ਜੀ, ਤਾਤੀਆਂ ਟੋਪੇ ਅਤੇ ਨਾਨਾ ਸਾਹਿਬ ਦੇ ਸਾਥੀ ਦੂਰਜੈ ਰਾਵ ਜੀ ਸਾਧੂ ਭੇਸ ਵਿੱਚ ਉਸ ਸਥਾਨ ਤੇ ਜਾ ਮਿਲੇ ਸਣ। ਏਸ ਤਰ੍ਹਾਂ ਮਹਾਰਾਜ ਨੇ ਇਸ ਸਿਲਸਿਲੇ ਵਿੱਚ ਵੀ ਸਾਰੇ ਭਾਰਤ ਦਾ ਭ੍ਰਮਣ ਕੀਤਾ ਸੀ।

3. ਸ੍ਰੀ ਸ੍ਵਾਮੀ ਵਿਰਜਾਨੰਦ ਨੂੰ ਗੁਰੂਦੱਖਣਾ ਦੇ ਰੂਪ ਵਿੱਚ ਜੀਵਨ-ਦਾਨ ਦੇ ਕੇ ਧਰਮ-ਪ੍ਰਚਾਰ ਕਰਨ ਲਈ ਸ੍ਵਾਮੀ ਦਯਾਨੰਦ ਸਰਸ੍ਵਤੀ ਸੰਮਤ 1921 ਬਿਕ੍ਰਮੀ ਮੁਤਾਬਿਕ ਸੰਨ 1864 ਈ: ਨੂੰ ਆਗਰੇ ਪਹੁੰਚੇ ਸਣ ਅਤੇ ਸੰਮਤ 1940 ਬਿ: ਮੁਤਾਬਿਕ 1883 ਈਸ੍ਵੀ ਨੂੰ ਆਪਣੇ ਸ੍ਵਰਗਵਾਸ ਤੱਕ ਲਗਾਤਾਰ 19 ਬਰਸ ਤੱਕ ਦੇਸ਼ ਦੇ ਬਹੁਤ ਸਾਰੇ ਹਿੱਸੇ ਵਿੱਚ ਰਾਵਲ ਪਿੰਡੀ ਤੋਂ ਕਲਕੱਤੇ ਤੱਕ ਅਤੇ ਦਿੱਲੀ ਤੋਂ ਪੂਨੇ ਤੱਕ ਅਣਗਿਣਤ ਚਕ੍ਰ ਲਗਾਏ ਅਤੇ ਧਰਮ-ਪ੍ਰਚਾਰ, ਸਿੱਖਿਆ-ਪ੍ਰਸਾਰ, ਦਲਿਤ-ਉੱਧਾਰ, ਨਾਰੀ-ਨਿਸਤਾਰ, ਦੇਸ਼-ਉਧਾਰ, ਸ੍ਵਰਾਜ-ਪ੍ਰਸਾਰ ਅਭਿਯਾਨ ਦੇ ਸਿਲਸਿਲੇ ਵਿੱਚ ਲੋਕਾਂ ਨੂੰ ਅਗਿਆਨ, ਅਵਿਦਯਾ, ਅੰਧ-ਵਿਸ਼੍ਵਾਸ, ਕੁਰੀਤੀਆਂ ਆਦਿ ਤੋਂ ਬਚਾਉਣ ਲਈ ਹਜ਼ਾਰਾਂ ਵਿਆਖਿਆਨ, ਸ਼ਾਸਤ੍ਰਾਰਥ, ਸ਼ੰਕਾ ਸਮਾਧਾਨ ਕੀਤੇ। ਅਨੇਕ ਛੋਟੇ-ਮੋਟੇ ਗ੍ਰੰਥਾਂ ਤੋਂ ਇਲਾਵਾ ਵੇਦ-ਭਾਸ਼੍ਯ, ਸਤ੍ਯਾਰਥ ਪ੍ਰਕਾਸ਼, ਰਿਗਵੇਦਾਦਿ ਭਾਸ਼੍ਯ ਭੂਮਿਕਾ, ਸੰਸਕਾਰ ਵਿਧਿ, ਆਰਯਾਭਿਵਿਨਯ ਆਦਿ ਮਸ਼ਹੂਰ ਗ੍ਰੰਥ ਲਿਖੇ ਅਤੇ ਪ੍ਰਕਾਸ਼ਿਤ ਕਰਾਏ। ਏਨ੍ਹਾਂ ਲੰਮਿਆਂ ਸਫ਼ਰਾਂ ਦੇ ਦੌਰਾਨ ਜਿਨ੍ਹਾਂ ਸਥਾਨਾਂ ਤੇ ਆਪ ਪਧਾਰੇ ਉਹਨਾਂ ਵਿੱਚੋਂ ਕੁਝ ਕੁ ਦੇ ਨਾਮ ਮਾਤ੍ਰ ਅਗੇ ਦਿੱਤੇ ਜਾਂਦੇ ਹਨ—ਆਗਰਾ, ਗਵਾਲੀਅਰ, ਕਰੌਲੀ, ਜੈਪੁਰ, ਪੁਸ਼ਕਰ, ਅਜਮੇਰ, ਕਿਸ਼ਨਗੜ੍ਹ, ਮਥੁਰਾ, ਆਬੂ, ਅਲਵਰ, ਦਿੱਲੀ, ਹਰਦ੍ਵਾਰ, ਰਿਖੀਕੇਸ਼, ਕਨਖਲ, ਲੰਢੌਰਾ, ਸ਼ੁਕ੍ਰਤਾਲ, ਮੀਰਾਂਪੁਰ, ਗੜ੍ਹ ਮੁਕਤੇਸ਼੍ਵਰ, ਕਰਣਵਾਸ, ਅਨੂਪ ਸ਼ਹਿਰ, ਫ਼ੱਰੁਖ਼ਾਬਾਦ, ਚਾਸੀ, ਰਾਮਘਾਟ, ਬੇਲੋਨ, ਬੁਲੰਦ ਸ਼ਹਿਰ, ਜ਼ੜ੍ਹੀਆ ਘਾਟ, ਨਰਦੋਲੀ, ਕਾਸ਼ੀ, ਕਾਨ੍ਹਪੁਰ, ਰਾਮਨਗਰ, ਪ੍ਰਯਾਗ, ਮਿਰਜ਼ਾਪੁਰ, ਕਾਸਗੰਜ, ਮੁਗਲਸਰਾਇ, ਪਟਨਾ, ਭਾਗਲਪੁਰ, ਹੁਗਲੀ, ਕਲਕੱਤਾ, ਛਪਰਾ, ਅਲੀਗੜ੍ਹ, ਛਲੇਸਰ, ਹਾਥਰਸ, ਬ੍ਰਿੰਦਾਬਨ, ਮੁਰਸਾਨ, ਜੱਬਲਪੁਰ, ਨਾਸਿਕ, ਬੰਬਈ, ਕਾਤਾਰ ਪਿੰਡ, ਭੜੋਚ, ਅਹਮਦਾਬਾਦ, ਰਾਜਕੋਟ, ਬਾਲਸਰ, ਬਸੀਨ, ਪੂਨਾ, ਸਿਤਾਰਾ, ਬੜੌਦਾ, ਇੰਦੌਰ, ਮੇਰਠ, ਲੁਧਿਆਨਾ, ਲਾਹੌਰ, ਅਮ੍ਰਿਤਸਰ, ਗੁਰਦਾਸਪੁਰ, ਜਲੰਧਰ, ਫ਼ੀਰੋਜ਼ਪੁਰ, ਰਾਵਲਪਿੰਡੀ, ਜੇਹਲਮ, ਗੁਜਰਾਤ, ਵੀਜੀਰਾਬਾਦ, ਗੁਜਰਾਂਵਾਲਾ, ਮੁਲਤਾਨ, ਰੁੜਕੀ, ਮਸੂਦਾ, ਰਿਵਾੜੀ, ਡੇਹਰਾਦੂਨ ਮੁਰਾਦਾਬਾਦ, ਬਦਾਯੂੰ, ਬਰੇਲੀ, ਲਖਨਊ, ਕਾਨ੍ਹਪੁਰ, ਦਾਨਾਪੁਰ, ਮੈਨਪੁਰੀ, ਮੁਜ਼ੱਫ਼ਰ ਨਗਰ, ਭਰਤਪੁਰ, ਸ਼ਾਹਪੁਰਾ, ਜੋਧਪੁਰ।

**ਯੋਗ ਸਾਧਨ ਦੇ ਅਸਥਾਨ—**

ਸ਼ੈਲਾ ਨਗਰੀ, ਕੋਟਗਾਂਗੜ, ਸਿੱਧਪੁਰ, ਚੇਤਨਮਠ, ਚਾਣੋਦ ਕਰਣਾਲੀ, ਵਿਆਸ-ਆਸ਼੍ਰਮ, ਛਿਨੂਰ ਜਾਂ ਸਿਨੌਰ, ਦੁਗਧੇਸ਼੍ਵਰ ਮੰਦਿਰ ਅਹਮਦਾਬਾਦ, ਆਬੂ ਪਰ-ਬਤ, ਅਰਬਦਾ ਭਵਾਨੀ (ਗਿਰਿ ਸ੍ਰਿੰਗ), ਉੱਤਰਾ ਖੰਡ, ਹਿਮਾਲਯ, ਹਰਦ੍ਵਾਰ, ਚੰਡੀ ਦਾ ਜੰਗਲ, ਰਿਖੀਕੇਸ਼, (ਟਿਹਰੀ) ਸ਼੍ਰੀਨਗਰ, ਦੇਵ ਪ੍ਰਯਾਗ, ਰੁਦ੍ਰ ਪ੍ਰਯਾਗ, ਕੇਦਾਰ-ਘਾਟ, ਤੁੰਗਨਾਥ, ਓਖੀ ਮਠ, ਜਯੋਤਿਰ ਮਠ, ਅਲਖਨੰਦਾ ਤਟ, ਵਸੂਧਾਰਾ, ਗੌਰੀ-ਕੁੰਡ, ਭੀਮ ਗੁਫ਼ਾ, ਕੇਦਾਰਨਾਥ, ਤ੍ਰਿਯੁਗੀ ਨਾਰਾਇਣ, ਬਦ੍ਰੀ ਨਾਰਾਇਣ, ਸਤਪਥ, ਨਰਮਦਾ ਨਦੀ ਦਾ ਸ੍ਰੋਤ, ਗੰਗੋਤ੍ਰੀ, ਉੱਤਰ ਕਾਸ਼ੀ, ਗੰਗਾਪਾਰ ਚੀਲ ਦੇ ਜੰਗਲ ਦਾ ਜਲ ਪ੍ਰਪਾਤ, ਧਰਾਲੀ ਦੀ ਗੁਫ਼ਾ, ਭਟਵਾੜੀ ਦਾ ਉੱਚਾ ਜੰਗਲ, ਮੱਲਾ ਚੱਟੀ ਦਾ ਮਾਰਗ, ਬੁੱਢਾ ਕੇਦਾਰ ਆਦਿ ਆਦਿ ।

ਜਿਨ੍ਹਾਂ ਦਿਨਾਂ ਵਿੱਚ ਮਹਾਰਾਜ ਨੂੰ ਇਹ ਸਾਰੀਆਂ ਉਦਾਸੀਆਂ ਕਰਨੀਆਂ ਪਈਆਂ, ਤਦ ਹਵਾਈ ਜਹਾਜ਼, ਮੋਟਰ, ਬੱਸ, ਟੈਕਸੀ ਆਦਿ ਦਾ ਆਵਿਸ਼ਕਾਰ ਹੀ ਨਹੀਂ ਹੋਇਆ ਸੀ, ਰੇਲ ਵੀ ਬਹੁਤ ਥੋੜੇ ਥਾਵਾਂ ਤੇ ਜਾਂਦੀ-ਆਉਂਦੀ ਸੀ ਅਤੇ ਚਲਦੀ ਵੀ ਹੁਣ ਦੇ ਮੁਕਾਬਲੇ ਤੇ ਜੂੰ ਦੀ ਚਾਲ ਤੇ ਸੀ । ਫੇਰ ਮਹਾਰਾਜ ਨੂੰ ਕਈਆਂ ਥਾਵਾਂ ਤੇ ਕਈ ਕਈ ਵਾਰੀ ਜਾਣਾ ਪਿਆ ਸੀ । ਇਹਨਾਂ ਸਾਰੀਆਂ ਗੱਲਾਂ ਨੂੰ ਚਿੱਤ ਵਿੱਚ ਰੱਖ ਕੇ ਸੋਚਣਾ ਚਾਹੀਦਾ ਹੈ ਕਿ ਮਹਾਰਾਜ ਨੂੰ ਯੋਗਸਾਧਨ, ਧਰਮ ਪ੍ਰਚਾਰ, ਕੁਰੀਤੀ ਸੁਧਾਰ, ਸਾਹਿਤਯ ਪ੍ਰਸਾਰ ਲਈ ਕਿਤਨੀ ਘੋਰ ਤਪੱਸਿਆ, ਕਿਤਨਾ ਭਾਰੀ ਪਰੀਸ਼੍ਰਮ ਅਤੇ ਕਿਤਨੇ ਮਹਾਨ ਉੱਦਮ ਦੀ ਵਰਤੋਂ ਕਰਨੀ ਪਈ ਹੋਵੇਗੀ । ਚਾਰੇ ਪਾਸੇ ਦੁਸ਼ਮਣਾਂ, ਵਿਰੋਧੀਆਂ, ਜਾਨ ਦੇ ਵੈਰੀਆਂ ਨਾਲ ਕਿਤਨਾ ਸੰਘਰਸ਼ ਕਰਨਾ ਤੇ ਸਾਵ-ਧਾਨਤਾ ਦੀ ਲੋੜ ਪਈ ਹੋਵੇਗੀ । ਇਹਨਾਂ ਸਾਰੀਆਂ ਔਕੜਾਂ, ਮੁਸੀਬਤਾਂ, ਤਕਲੀਫ਼ਾਂ, ਮਾਰੂ ਜ਼ਹਿਰਾਂ, ਜਾਨਲੇਵਾ ਹਮਲਿਆਂ, ਸਰਕਾਰੀ-ਗੈਰਸਰਕਾਰੀ ਮੁਖ਼ਾਲਫ਼ਤਾਂ ਦੇ ਝੱਖੜਾਂ ਨੂੰ ਆਪਣੇ ਉੱਪਰ ਸਹਾਰਦੇ ਹੋਏ ਆਪ ਅੰਤ ਸਮੇਂ ਤੱਕ ਪਰੋਪਕਾਰ ਦੇ ਕੰਮਾਂ ਵਿੱਚ ਰੁੱਝੇ ਰਹੇ ।

# 19

# ਸ਼ਾਸਤ੍ਰਾਰਥ ਮਹਾਰਥੀ—ਦਯਾਨੰਦ

ਮਹਾਰਾਜ ਨੇ ਪੌਰਾਣਿਕਾਂ, ਮੁਸਲਮਾਨਾਂ, ਈਸਾਈਆਂ, ਨਵੀਨ ਵੇਦਾਂਤੀਆਂ ਅਤੇ ਦੂਸਰੇ ਮਤਾਵਲੰਭੀਆਂ ਨਾਲ ਕਿਤਨੇ ਸ਼ੰਕਾ ਸਮਾਧਾਨ, ਸ਼ਾਸਤ੍ਰਾਰਥ, ਬਹਿਸਾਂ ਅਤੇ ਮੁਬਾਹਿਸੇ ਕੀਤੇ ਇਹਦਾ ਪੂਰਾ ਵੇਰਵਾ ਲੱਭਣਾ ਤਾਂ ਮੁਸ਼ਕਲ ਗੱਲ ਹੈ। ਪਰ ਕੁਝਕੁ ਪ੍ਰਸਿੱਧ ਸ਼ਾਸਤ੍ਰਾਰਥਾਂ ਦਾ ਇੱਕ ਸੰਖਿਪਤ ਜਿਹਾ ਨਕਸ਼ਾ ਪਾਠਕਾਂ ਦੀ ਜਾਣਕਾਰੀ ਲਈ ਹੇਠਾਂ ਦਿੱਤਾ ਜਾਂਦਾ ਹੈ—

| ਸੰਖਯਾ | ਈ. ਸਾਲ ਤੇ ਮਹੀਨਾ | ਸਥਾਨ | ਕਿਸ ਦੇ ਨਾਲ |
|---|---|---|---|
| 1. | 1866 | ਜਮੇਰ | ਪਾਦਰੀ ਗ੍ਰੇ, ਇਬਸਨ ਤੇ ਸ਼ੂਲਬ੍ਰੈਡ |
| 2. | 1867 | ਰਣਵਾਸ | ਪੰ. ਅੰਬਾਦੱਤ ਅਨੂਪ ਸ਼ਹਿਰੀ |
| 3. | ,, | ਗਮਘਾਟ | ਪੰ. ਕ੍ਰਿਸ਼ਨਾਨੰਦ |
| 4. | ,, | ਕਰਣਵਾਸ | ਪੰ. ਹਰਿਵੱਲਭ |
| 5. | ,, | ਜੋਰੋਂ | ਪੰ. ਅੰਗਦ ਸ਼ਾਸਤ੍ਰੀ |
| 6. | 1868 | ਕਾਕੋਰੀ ਦਾ<br>ਮੇਲਾ | ਪੰ.<br>ਉਮਾਦੱਤ |
| 7. | ,, | ਫ਼ੱਰੁਖਾਬਾਦ | ਪੰ. ਸ਼੍ਰੀ ਗੋਪਾਲ |
| 8. | 1869 | ,, | ਪੰ. ਹਲਧਰ ਓਝਾ |

| ਸੰਖਯਾ ਈ. ਸਾਲ ਤੇ ਮਹੀਨਾ | ਸਥਾਨ | ਕਿਸ ਦੇ ਨਾਲ |
|---|---|---|
| 9. 1869 | ਕੱਨੌਜ | ਪੰ. ਹਰਿ ਸ਼ੰਕਰ |
| 10. ,, ਜੌਲਾਈ | ਕਾਨ੍ਹਪੁਰ | ਪੰ. ਹਲਧਰ ਓਝਾ |
| 11. ,, ਨਵੰਬਰ | ਕਾਸ਼ੀ | ਪੰ. ਤਾਰਾ ਚੰਦ ਤਰਕ ਰਤਨ, ਸ੍ਵਾਮੀ ਵਿਸ਼ੁੱਧਾਨੰਦ ਪੰ. ਬਾਲ ਸ਼ਾਸਤ੍ਰੀ, ਪੰ. ਰਾਜਾ ਰਾਮ ਸ਼ਾਸਤ੍ਰੀ ਪੰ. ਮਾਧਵਾ-ਚਾਰਯ, ਪੰ. ਵਾਮਨਾਚਾਰਯ |
| 12. 1872 | ਮਿਰਜ਼ਾਪੁਰ | ਪੰ. ਗੌਬਿੰਦਭੱਟ, ਪੰ. ਜੈਸ਼ੀਰਾਮ |
| 13. ,, | ਡੁਮਰਾਉ | ਪੰ. ਦੁਰਗਾ ਦੱਤ |
| 14. ,, | ਆਰਾ | ਪੰ. ਰੁਦ੍ਰਦੱਤ, ਪੰ. ਚੰਦ੍ਰ ਦੱਤ |
| 15. ਸਿਤੰਬਰ,, | ਪਟਨਾ | ਪੰ. ਰਾਮਜੀਵਨ ਭੱਟ, ਰਾਮ ਅਵਤਾਰ |
| 16. ਅਪ੍ਰੈਲ ,, | ਹੁਗਲੀ | ਪੰ. ਤਾਰਾਚਰਣ ਤਰਕ ਰਤਨ |
| 17. ਮਾਰਚ 1873 | ਕਲਕੱਤਾ | ਪੰ. ਹੇਮ ਚੰਦ੍ਰ ਚਕ੍ਰਵਰਤੀ ਪੰ. ਮਹੇਸ਼ ਚੰਦ੍ਰ ਨਿਆਇ ਰਤਨ |
| 18. ਮਈ ,, | ਛਪਰਾ | ਪੰ. ਜਗਨ ਨਾਥ |
| 19. ਅਕਤੂਬਰ ,, | ਕਾਨ੍ਹਪੁਰ | ਪੰ. ਗੰਗਾਧਰ |
| 20. ਨਵੰਬਰ ,, | ਲਖਨਊ | ਪੰ. ਗੰਗਾਧਰ |
| 21. ਫਰਵਰੀ 1874 | ਅਲਾਹਾਬਾਦ | ਪੰ. ਕਾਸ਼ੀ ਨਾਥ ਸ਼ਾਸਤ੍ਰੀ |
| 22. 25 ਨਵੰਬਰ ,, | ਸੂਰਤ | ਪੰ. ਇੱਛਾਰਾਮ ਸ਼ਾਸਤ੍ਰੀ |
| 23. 1874 | ਰਾਜਕੋਟ | ਪੰ. ਮਹੀਧਰ |
| 24. ਮਾਰਚ 1875 | ਬੰਬਈ | ਪੰ. ਖੇਮ ਚੰਦ੍ਰ, ਪੰ. ਬਾਲ ਸ਼ਾਸਤ੍ਰੀ |
| 25. ਜੂਨ ,, | ਬੰਬਈ | ਪੰ. ਕੰਵਲਨੈਨ ਆਚਾਰਯ |
| 26. ,, ,, | ਬੜੌਦਾ | ਪੰ. ਯਗਯੇਸ਼੍ਵਰ ਪੰ. ਅੱਪਾ ਸ਼ੰਭੂ |
| 27. ਜੂਨ 1876 | ਬੰਬਈ | ਪੰ. ਰਾਮ ਲਾਲ |
| 28. ਨਵੰਬਰ 1876 | ਮੁਰਾਦਾਬਾਦ | ਪਾਦਰੀ ਪਾਰਕਰ |
| 29. ਮਾਰਚ 1877 | ਮੇਲਾ ਚਾਂਦਾਪੁਰ | ਪਾਦਰੀ ਸਕਾਟ, ਮੌਲਵੀ ਮੁਹੰਮਦ ਕਾਸਿਮ |

| ਸੰਖਿਆ ਈ. ਸਾਲ ਤੇ ਮਹੀਨਾ | ਸਥਾਨ | ਕਿਸਦੇ ਨਾਲ |
|---|---|---|
| 30. ਸਿਤੰਬਰ 1877 | ਜਾਲੰਧਰ | ਮੌ. ਅਹਮਦ ਹਸਨ |
| 31. ਫਰਵਰੀ 1878 | ਗੁਜਰਾਂਵਾਲਾ | ਈਸਾਈਆਂ ਨਾਲ |
| 32. ਨਵੰਬਰ ,, | ਅਜਮੇਰ | ਪਾਦਰੀ ਗ੍ਰੇ, ਪਾਦਰੀ ਹਸਬੈਂਡ |
| 33. ਅਗਸਤ 1878 | ਬਦਾਯੂੰ | ਪੰ. ਰਾਮ ਪ੍ਰਸਾਦ |
| 34. 25 ,, ,, | ਬਰੇਲੀ | ਪਾਦਰੀ ਸਕਾਟ |
| 35. ਜੂਨ 1881 | ਬਿਆਵਰ | ਪਾਦਰੀ ਸ਼ੂਲਬ੍ਰੈਡ |
| 36. 1. ਸਿਤੰਬਰ 1882 | ਉਦੈਪੁਰ | ਮੌ. ਅਬਦੁਲ ਰਹਿਮਾਨ |

ਇਹ ਗੱਲ ਧਿਆਨ ਰੱਖਣ ਵਾਲੀ ਹੈ ਕਿ ਪਹਿਲਾ ਸ਼ਾਸਤ੍ਰਾਰਥ ਈਸਾਈਆਂ ਨਾਲ ਅਜਮੇਰ ਵਿੱਚ ਅਤੇ ਅੰਤਿਮ ਮੁਸਲਮਾਨਾਂ ਨਾਲ ਉਦੈਪੁਰ ਵਿੱਚ ਹੋਏ ਸਣ ।

ਓਮ

# ਸ਼ੁੱਧੀ ਪਤ੍ਰ

| ਪੰਨਾ | ਪੰਕਤੀ | ਅਸ਼ੁੱਧ | ਸ਼ੁੱਧ |
|---|---|---|---|
| 1 | 3 | ਦਿਵਿਅ | ਦਿਵਯ |
| 1 | 15 | ਆਰੀਆ | ਆਰਯ |
| 2 | 9 | ਸ਼ਿਵ | ਸ਼ੈਵ |
| 2 | 12 | ਧਗ: | ਧਰਾ: |
| 3 | 6 | ਨਧੀਯਤਾਮ | ਨਧੀਯਾਤਾਮ |
| 3 | 18 | ਅਛੂੱਤ | ਅਕਸ਼ਤ |
| 4 | 1 | ਦੇ | ਤੇ |
| 4 | 6, 7, 8, 13 | ਆਰੀਆ | ਆਰਯ |
| 4 | 13 | ਦਿਨ ਦਿਹਾੜੇ | ਦੋ ਵਾਰ ਛਪਿਆ ਹੈ। |
| 5 | 1 | ਮਨੁੱਖ ਵਿੱਚ | ਮਨੁੱਖ-ਮਨੁੱਖ ਵਿੱਚ |
| 5 | 5 | ਅਦਿਕ | ਆਦਿਕ |
| 5 | 3 | ਗਡਤੀਏ | ਗਡਰੀਏ |
| 5 | 15 | ਮੂਲ ਧਰਮ ਪਰਮੇਸ਼੍ਵਰ | ਮੂਲ ਪਰਮੇਸ਼੍ਵਰ |
| 5 | 21 | ਸਮਾਪਤੀ ਕਰਨ | ਸਮਾਪਤੀ |
| 5 | 23 | ਆਰੀਆਂ | ਆਰਯਾਂ |
| 6 | 16, 17 | ਸਵਤੰਤਰ | ਸ੍ਵਤੰਤ੍ਰ |
| 6 | 21 | ਆਸਾਨੂੰ | ਅਸਾਨੂੰ |
| 6 | 23 | ਉੱਠਣ | ਉਠਾਣ |
| 7 | 5 | ਰਿਸ਼ੀਸ਼ਵਰੰ | ਰਿਸ਼ੀਸ਼੍ਵਰੰ |
| 7 | 7 | ਦਯਾਵਿ | ਦਯਾਨੰਦ |
| 7 | 12 | ਥਿਓਸੀਫਿਕਲ | ਥਿਓਸੌਫ਼ੀਕਲ |
| 8 | 1 | ਆਰੀਆ-ਪਰਵਰਤਕ | ਆਰਯ ਪ੍ਰਵਰਤਕ |
| 9 | 2 | ਜ਼ੁੰਮੇਦਾਰ | ਜਮੇਦਾਰ |

| ਪੰਨਾ | ਪੰਕਤੀ | ਅਸ਼ੁੱਧ | ਸ਼ੁੱਧ |
|---|---|---|---|
| 9 | 8 | ਆਰੀਆ | ਆਰਜ |
| 9 | 22 | ਗਇਤਰੀ | ਗਾਯਤ੍ਰੀ |
| 10 | 2 | ਆਗਿਯਾ | ਆਗਜਾ |
| 10 | 5 | ਰਾਤਰੀ ਦਾ ਬਰਤ | ਰਾਤ੍ਰੀ ਦਾ ਬ੍ਰਤ |
| 10 | 16 | ਬਰਤ | ਬ੍ਰਤ |
| 12 | 3, 6 | ਪੁਤਰ-ਪੇਈ | ਪੁਤ੍ਰ-ਪਏ |
| 12 | 5 | ਅਭਿਲਾਖ | ਅਭਿਲਾਖਾ |
| 12 | 16 | ਉੱਚੇ | ਉੱਠੇ |
| 12 | 21 | ਚੈਤਨਯ-ਬ੍ਰਹਮਚਰੀਆਂ | ਚੈਤਨਜ-ਬ੍ਰਹਮਚਾਰੀਆਂ |
| 13 | 15 | ਅਹਮਾਬਾਦ | ਅਹਮਦਾਬਾਦ |
| 13 | 18 | ਨਰਵਦਾ | ਨਰਮਦਾ |
| 14 | 1, 2 | ਆਪ ਨੂੰ | ਦੋਬਾਰਾ ਛਪਿਆ ਹੈ |
| 15 | 3 | ਪੂਰਣਾਨੰਦ ਪੂਨਣ ਆਸ਼੍ਰਮ ਵਾਲਿਆਂ | ਪੂਰਣਾਨੰਦ (ਪੂਰਣ ਆਸ਼੍ਰਮ) |
| 17 | 7 | ਢੰਡ-ਭਾਲ | ਢੂੰਡ-ਭਾਲ |
| 17 | 19 | ਧੰਨ | ਧਨ |
| 17 | 22 | ਤੋਂ ਜੋਸ਼ੀਮਠ, ਤੋਂ ਮਸ਼ਹੂਰ | ਤੋ ਜੋਸ਼ੀਮਠ, ਜੋਸ਼ੀਮਠ ਤੋਂ |
| 17 | 22 | ਬਦਰੀ ਨਰਾਇਣ | ਬਦ੍ਰੀ ਨਾਰਾਇਣ |
| 18 | 9 | ਬਦਰੀ ਨਰਾਇਣ | ਬਦ੍ਰੀ ਨਾਰਾਇਣ |
| 19 | 19 | ਠੰਠਬਰ | ਠਠੰਬਰ |
| 19 | 22 | ਸਾਹਿਤ | ਸਹਿਤ |
| 20 | 20 | ਦਵਾਰਾ | ਦ੍ਵਾਰਾ |
| 20 | 22 | ਸ਼ਰਵਣ | ਸ਼੍ਰਵਣ |
| 21 | 3 | ਰਾਸ਼ਟਰ, ਸਵਦੇਸ਼, ਸਵਤੰਤ੍ਰਤਾ | ਰਾਸ਼ਟ੍ਰ, ਸ੍ਵਦੇਸ਼, ਸ੍ਵਤੰ: |
| 21 | 19 | ਭਗਵਾਨ ! | ਭਗਵਨ ! |
| 22 | 9 | ਹਰਿਦਵਾਰ | ਹਰਿਦ੍ਵਾਰ |

| ਪੰਨਾ | ਪੰਕਤੀ | ਅਸ਼ੁੱਧ | ਸ਼ੁਧ |
|---|---|---|---|
| 23 | 16 | ਇਕੱਠ ਵਾਂਝੇ | ਇੱਕਲ ਵਾਂਝੇ |
| 23 | 18 | ਮੱਡਲੀਆਂ | ਮੰਡਲੀਆਂ |
| 23 | 19 | ਜਨਿਤਾ | ਜਨਤਾ |
| 23 | 21 | ਘੋੜੇ-ਚੜ੍ਹੇ | ਘੋੜ ਚੜ੍ਹੇ |
| 24 | 4 | ਅਞਾਣਾ | ਅਵਾਣਾ |
| 24 | 18 | ਯਾਤ੍ਰੀਆਂ ਦੀ | ਯਾਤ੍ਰੀਆਂ ਨੂੰ |
| 24 | 19 | ਬੇਬਸੀ ਬੇਦਸੀ | ਬੇਬਸੀ ਬੇਕਸੀ |
| 24 | 21 | ਕਾਂਤਿ ਦੇ ਭਾਵ | ਕ੍ਰਾਂਤਿ ਦਾ ਭਾਵ |
| 25 | 5 | ਭਾਸ਼ | ਭਾਸ |
| 25 | 7 | ਦਿਮਾਗ਼ ਛਾਏ | ਦਿਮਾਗ਼ ਤੇ ਛਾਏ |
| 25 | 18 | ਤਸਬੀਰ, ਵਿਸ਼ਰਾਮ | ਤਸਬੀਹ, ਵਿਸ਼੍ਰਾਮ |
| 26 | 4 | ਵਿਦਰੋਧੀ | ਵਿਦ੍ਰੋਹੀ |
| 26 | 11 | (ਬੰਗਾਲ) ਦੇਸੀ | ਬੰਗਾਲ ਦੇ ਦੇਸੀ |
| 26 | 25 | ਨਾਲ਼ ਤੇ ਗੰਗਾ | ਨਾਲ ਗੰਗਾ |
| 27 | 17 | ਰੁਦਰਾਨੰਦ | ਰੁਦ੍ਰਾਨੰਦ |
| 28 | 20 | ਦਰਯੋਧਨ | ਦੁਰਜ਼ੋਧਨ |
| 29 | 5 | ਇੱਛੀਆ | ਇੱਛਿਆ |
| 29 | 8 | ਕਿਉਂ ਅੰਗ੍ਰੇਜ਼ | ਕਿਉਂਕਿ ਅੰਗ੍ਰੇਜ਼ |
| 29 | 20 | ਵਿਸਤ੍ਰਤ | ਵਿਸਤ੍ਰਿਤ |
| 29 | 25 | ਪਰਲੋਭਨ | ਪ੍ਰਲੋਭਨ |
| 30 | 2 | ਨਿੰਦੀਆ | ਨਿੰਦਿਆ |
| 31 | 9 | ਨਗੁਣੀ | ਨਗੂਣੀ |
| 31 | 17 | ਅਸਰਲ | ਅਸਫਲ |
| 32 | 1 | ਹਰਿਦਵਾਰ-ਯਾਤਰਾ | ਹਰਿਦ੍ਵਾਰ-ਯਾਤ੍ਰਾ |
| 32 | 23 | ਵਿਦ੍ਰੋਹ ਹੀ | ਵਿਦ੍ਰੋਹ ਦੀ |
| 32 | 23 | ਜਾਣ ਕੁਝ ਕੁ | ਜਾਣ ਨਾਲ ਕੁਝ-ਕੁ |
| 39 | 22 | ਸਵਾਮੀ | ਸ੍ਵਾਮੀ |
| 39 | 26 | ਹੋਸਿਆ | ਹੋਇਆ |
| 40 | 10 | ਸਵਾਮੀ | ਸ੍ਵਾਮੀ |

| ਪੰਨ | ਪੰਕਤੀ | ਅਸ਼ੁੱਧ | ਸ਼ੁਧ |
|---|---|---|---|
| 41 | 22 | ਅੰਾਤਕ | ਆਤੰਕ |
| 44 | 10 | ਆਸਾਧਾਰਣ | ਅਸਾਧਾਰਣ |
| 45 | 10 | ਇਹ | ਇੱਕ |
| 47 | 2 | ਪ੍ਰਾਯਸ਼ਿਚੱਤ | ਪ੍ਰਾਯਸ਼ਚਿੱਤ |
| 49 | 11 | ਦਯਰਾਮ ਜੀ | ਦਯਾਰਾਮ ਜੀ |
| 51 | 14 | ਅਸ਼ਾਧਿਆਈ | ਅਸ਼ਟਾਧਿਆਈ |
| 51 | 11 | ਘੋਹੀਆਂ | ਘੋਨੀਆਂ |
| 55 | 7 | ਜਾਨੋਂ ਤੋਂ | ਜਾਨੋਂ ਤਾਂ |
| 58 | 10 | ਸੰਨ 1956 | ਸੰਨ 1856 |
| 59 | 7 | ਭਾਦਰੋਂ | ਭਾਦ੍ਰੋਂ |
| 63 | 25 | ਦਆਨੰਦ | ਦਯਾਨੰਦ |
| 66 | 16 | ਘੁਰਕਰਣਗੇ | ਘੁਰਕਣਗੇ |
| 69 | 22 | ਗੱਗਾ | ਗੰਗਾ |
| 82 | 3 | ਨੂੰ ਧਰਮ | ਧਰਮ |
| 84 | 23 | ਮੱਕਿਆ | ਸੱਕਿਆ |
| 96 | 6 | ਸੁਮਤ | ਸੁਸਤ |
| 98 | 21 | ਮੌਦੂਦ | ਮੌਜੂਦ |
| 99 | 5 | ਗੱਡੀ ਨੂੰ | ਗੱਡੀ ਦੀ |
| 99 | 12 | ਆਲਿਫ਼ ਨੰਗੇ | ਅਲਿਫ਼ ਨੰਗੇ |
| 99 | 16 | ਪਾਸੇ ਤੋਂ ਜਾਵੇ | ਪਾਸੇ ਹੋ ਜਾਵੇ |
| 101 | 3 | ਕੁਝ ਕਹਿਣਾ | ਕੁਝ ਨ ਕਹਿਣਾ |
| 102 | 4 | ਮ੍ਰਾਮੀ | ਸ੍ਵਾਮੀ |
| 102 | 10 | ਮੂਰਤੀ | ਮੂਰਤੀ |
| 103 | 7 | ਦਜਾਨੰਦ | ਦਯਾਨੰਦ |
| 103 | 19 | ਧੰਨਯਵਾਦ | ਧਨਜਵਾਦ |
| 103 | 21 | ਭੜਕਦਾ | ਭਟਕਦਾ |
| 104 | 8 | ਸੌ ਰੁਪਇਆ ਬੰਨ੍ਹ | ਸੌ ਰੁਪਇਆ ਮਹੀਨਾ ਬੰਨ੍ਹ |
| 106 | 6 | ਚੋਕਿਆ | ਰੋਕਿਆ |
| 106 | 19 | ਧਰਪਯੁਕਤ | ਧਰਮਯੁਕਤ |
| 110 | 77 | ਦੁਖੀ ਹ ਕੇ | ਦੁਖੀ ਹੋ ਕੇ |
| 117 | 21 | ਬਾਹਮਣ | ਬ੍ਰਾਹਮਣ |
| 124 | 12 | [illegible]ਵੱਲਭ | ਹੀਰਾਵੱਲਭ |